ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 54 | Friday, March 18, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਅੰਦਰ ਇਹ ਵੀ ਪੜ੍ਹੋ

ਯੂਕਰੇਨ ਦੀ ਅਪੀਲ ਦੇ ਬਾਵਜੂਦ ਸਾਰਿਆਂ ਦੀ ਭਲਾਈ ਲਈ ਸਖ਼ਤ ਫੈਸਲੇ ਲੈਣੇ ਪੈਣਗੇ : ਟਰੂਡੋ


ਪੰਨਾ 03

ਮਾਨ 23 ਮਾਰਚ ਨੂੰ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਕਰਨ ਦਾ ਵਟਸਐਪ ਨੰਬਰ ਜਾਰੀ ਕਰਨਗੇ


ਪੰਨਾ 05

# ਭਾਰਤ ਸਰਕਾਰ ਵਲੋਂ ਟੂਰਿਸਟ ਵੀਜ਼ਾ ਉਤੇ ਲੱਗੀਆਂ ਟਰੈਵਲ ਸਬੰਧੀ ਪਾਬੰਦੀਆਂ ਹਟਾਈਆਂ ਗਈਆਂ



ਓਟਵਾ, 17 ਮਾਰਚ ( ਪੋਸਟ ਬਿਊਰੋ) : ਭਾਰਤ ਸਰਕਾਰ ਨੇ ਮਾਰਚ 2020 ਤੋਂ ਪਹਿਲਾਂ ਜਾਰੀ ਕੀਤੇ ਗਏ ਜਾਇਜ਼ ਟੂਰਿਸਟ ਵੀਜ਼ਾ ਉੱਤੇ ਲੱਗੀਆਂ ਟਰੈਵਲ ਪਾਬੰਦੀਆਂ ਹਟਾ ਦਿੱਤੀਆਂ ਹਨ। ਸਰਕਾਰ ਨੇ ਇਹ ਵੀ ਆਖਿਆ ਹੈ ਕਿ 10 ਸਾਲਾਂ ਦਾ ਟੂਰਿਸਟ ਵੀਜ਼ਾ ਫੌਰਨ ਬਹਾਲ ਹੋਵੇਗਾ।

ਕੈਨੇਡੀਅਨ ਨਾਗਰਿਕ, 10 ਸਾਲਾਂ ਦੇ ਟੂਰਿਸਟ ਵੀਜ਼ਾ- ਇਲੈਕਟ੍ਰੌਨਿਕ ਟਰੈਵਲ ਆਥਰਾਈਜ਼ੇਸ਼ਨ ਜਾਂ ਈ ਵੀਜ਼ਾ, ਲਈ ਨਹੀਂ ਸਗੋਂ ਤਾਜ਼ਾ ਰੈਗੂਲਰ ਟੂਰਿਸਟ ਵੀਜ਼ਾ ਹਾਸਲ ਕਰਨ ਦੇ ਯੋਗ ਹੋਣਗੇ। ਮਾਰਚ 2020 ਤੋਂ ਪਹਿਲਾਂ ਜਾਰੀ ਕੀਤੇ ਗਏ ਇਸ ਤਰ੍ਹਾਂ ਦੇ ਵੀਜ਼ਾ ਸਸਪੈਂਡ ਹੀ ਰਹਿਣਗੇ।

1. ਕੈਨੇਡੀਅਨ ਨਾਗਰਿਕਾਂ ਨੂੰ ਤਾਜ਼ਾ ਈ-ਵੀਜ਼ਾ ਜਾਰੀ ਨਹੀਂ ਕੀਤਾ ਜਾਵੇਗਾ।

2. ਟੂਰਿਸਟ ਵੀਜ਼ਾ ਉੱਤੇ ਵਿਦੇਸ਼ੀ ਨਾਗਰਿਕਾਂ ਨੂੰ ਨਿਰਧਾਰਤ ਸੀਅ ਇਮੀਗ੍ਰੇਸ਼ਨ ਚੈੱਕ ਪੋਸਟਸ (ਆਈਸੀਪੀਜ਼) ਜਾਂ ਏਅਰਪੋਰਟ ਆਈਸੀਪੀਜ਼ ਰਾਹੀਂ ਹੀ ਭਾਰਤ ਦਾਖਲ ਹੋਣ ਦੀ ਇਜਾਜ਼ਤ ਹੋਵੇਗੀ। ਇਨ੍ਹਾਂ ਵਿੱਚ ਵੰਦੇ ਭਾਰਤ ਮਿਸ਼ਨ ਜਾਂ ਏਅਰ ਬਬਲ ਸਕੀਮ ਜਾਂ ਡੀਜੀਸੀਏ ਜਾਂ ਸਿਵਲ ਏਵੀਏਸ਼ਨ ਮੰਤਰਾਲੇ ਵੱਲੋਂ ਇਜਾਜ਼ਤ ਪ੍ਰਾਪਤ ਫਲਾਈਟਸ ਵੀ ਸ਼ਾਮਲ ਹੋਣਗੀਆਂ। ਟੂਰਿਸਟ ਵੀਜ਼ਾ ਉੱਤੇ ਕੋਈ ਵੀ ਵਿਦੇਸ਼ੀ ਨਾਗਰਿਕ ਜ਼ਮੀਨੀ ਸਰਹੱਦ ਜਾਂ ਪਾਣੀ ਦੇ ਰੂਟ ਰਾਹੀਂ ਭਾਰਤ ਦਾਖਲ ਨਹੀਂ ਹੋ ਸਕਦਾ।

...ਬਾਕੀ ਪੰਨਾ 6 'ਤੇ

ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਕੈਨੇਡਾ ਵਾਸੀਆਂ ਅਤੇ ਕਾਰੋਬਾਰੀਆਂ ਨੂੰ ਹੋਲੀ ਦੀਆਂ ਬਹੁਤ-ਬਹੁਤ ਵਧਾਈਆਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਸਭ ਦੀ ਜਿੰਦਗੀ ਵਿਚ ਖੁਸ਼ੀਆਂ ਦੇ ਰੰਗ ਖਿੜ੍ਹੇ ਰਹਿਣ।

# ਰੂਸ ਵੱਲੋਂ ਕੀਤੇ ਹਵਾਈ ਹਮਲੇ ਵਿੱਚ ਤਬਾਹ ਹੋਏ ਥਿਏਟਰ ਦੇ ਹੇਠਾਂ ਕਈ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ



ਕੀਵ, ਯੂਕਰੇਨ, 17 ਮਾਰਚ (ਪੋਸਟ ਬਿਊਰੋ) : ਮਾਰੀਓਪੋਲ ਦੀ ਸਿਟੀ ਵਿੱਚ ਰੂਸ ਵੱਲੋਂ ਥਿਏਟਰ ਉੱਤੇ ਕੀਤੇ ਗਏ ਹਵਾਈ ਹਮਲੇ ਵਿੱਚ ਸੈਂਕੜੇ ਲੋਕਾਂ ਦਾ ਕੀ ਬਣਿਆ ਇਸ ਬਾਰੇ ਯੂਕਰੇਨ ਦੇ ਅਧਿਕਾਰੀ ਕਾਫੀ ਪਰੇਸ਼ਾਨ ਹਨ। ਇਸ ਥਿਏਟਰ ਦੇ ਮਲਬੇ ਹੇਠਾਂ ਕਈ ਲੋਕਾਂ ਦੇ ਦੱਬੇ ਹੋਣ ਦਾ ਵੀ ਖਦਸ਼ਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰੂਸ ਵੱਲੋਂ ਕੀਤੇ ਗਏ ਹਮਲੇ ਵਿੱਚ ਹੁਣ ਰਿਹਾਇਸ਼ੀ ਇਮਾਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇੱਕ ਅਧਿਕਾਰੀ ਨੇ ਦੱਸਿਆ ਕਿ ਕੁੱਝ ਲੋਕ ਇਸ ਥਿਏਟਰ ਹਮਲੇ ਵਿੱਚ ਕਿਸੇ ਤਰ੍ਹਾਂ ਖੁਦ ਨੂੰ ਬਚਾਉਣ ਵਿੱਚ ਕਾਮਯਾਬ ਹੋ ਗਏ ਤੇ ਇਸ ਤੋਂ ਕੁੱਝ ਆਸ ਪੈਦਾ ਹੋਈ ਹੈ। ਮਾਰੀਓਪੋਲ ਸਿਟੀ ਕਾਊਂਸਲ ਵੱਲੋਂ ਜਾਰੀ ਕੀਤੀ ਫੋਟੋ ਵਿੱਚ ਨਜ਼ਰ ਆ ਰਿਹਾ ਹੈ ਕਿ ਬੁੱਧਵਾਰ ਸ਼ਾਮ ਨੂੰ ਹੋਏ ਇਸ ਹਮਲੇ ਵਿੱਚ 3 ਮੰਜ਼ਿਲਾ ਥਿਏਟਰ ਦਾ ਵੱਡਾ ਹਿੱਸਾ ਤਬਾਹ ਹੋ ਗਿਆ। ਇਸ ਇਮਾਰਤ ਦੀ ਬੇਸਮੈਂਟ ਵਿੱਚ ਸੈਂਕੜੇ ਲੋਕ ਪਨਾਹ ਲਈ ਬੈਠੇ ਸਨ। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਰੂਸ ਵੱਲੋਂ ਕੀਤੇ ਗਏ ਹਵਾਈ ਹਮਲੇ ਵਿੱਚ ਮਾਰੀਓਪੋਲ ਦਾ ਮਿਊਂਸਪਲ ਸਵਿਮਿੰਗ ਪੂਲ ਕਾਂਪਲੈਕਸ ਵੀ ਤਬਾਹ ਹੋ ਗਿਆ। ਇੱਥੇ ਵੀ ਕਈ ਮਹਿਲਾਵਾਂ ਤੇ ਬੱਚੇ ਪਨਾਹ ਲਈ ਬੈਠੇ ਸਨ। ਉਨ੍ਹਾਂ ਦੱਸਿਆ ਕਿ ਕਈ ਗਰਭਵਤੀ ਮਹਿਲਾਵਾਂ ਤੇ ਬੱਚੇ ਇਸ ਇਮਾਰਤ ਦੇ ਹੇਠਾਂ ਵੀ ਦੱਬੇ ਹੋਏ ਹਨ। ਉਨ੍ਹਾਂ ਆਖਿਆ ਕਿ ਮਰਨ ਵਾਲਿਆਂ ਦੀ ਗਿਣਤੀ ਅਜੇ ਪਤਾ ਨਹੀਂ ਲੱਗ ਸਕੀ ਹੈ।

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

# ਓਨਟਾਰੀਓ ਦੇ 24 ਪਬਲਿਕ ਕਾਲਜਾਂ ਵਿੱਚ ਹੜਤਾਲ ਟਲੀ

ਓਨਟਾਰੀਓ, 17 ਮਾਰਚ (ਪੋਸਟ ਬਿਊਰੋ) :ਓਨਟਾਰੀਓ ਦੇ ਕਾਲਜਾਂ ਦੇ 16000 ਫੁੱਲ ਟਾਈਮ ਫੈਕਲਟੀ ਮੈਂਬਰਾਂ ਦੀ ਸੰਭਾਵੀ ਹੜਤਾਲ ਟਲ ਗਈ ਹੈ। ਇਨ੍ਹਾਂ ਫੈਕਲਟੀ ਮੈਂਬਰਾਂ ਦੀ ਨੁਮਾਇੰਦਗੀ ਕਰ ਰਹੀ ਓਨਟਾਰੀਓ ਪਬਲਿਕ ਸਰਵਿਸ ਇੰਪਲੌਈਜ਼ ਯੂਨੀਅਨ ਤੇ ਕਾਲਜ ਇੰਪਲੌਈਜ਼ ਯੂਨੀਅਨ, ਜੋ ਕਿ ਓਨਟਾਰੀਓ ਦੇ 24 ਪਬਲਿਕ ਕਾਲਜਾਂ ਦੀ ਨੁਮਾਇੰਦਗੀ ਕਰਦੀ ਹੈ,ਵਿਚੋਲਗੀ ਨਾਲ ਆਪਣੇ ਮਸਲੇ ਹੱਲ ਕਰਨ ਲਈ ਤਿਆਰ ਹੋ ਗਈਆਂ ਹਨ। ਫੈਕਲਟੀ 30 ਸਤੰਬਰ 2021 ਤੋਂ ਹੀ ਬਿਨਾਂ ਕਿਸੇ ਸਾਂਝੇ ਸਮਝੌਤੇ ਦੇ ਕੰਮ ਕਰ ਰਹੀ ਸੀ ਤੇ ਦਸੰਬਰ ਤੋਂ ਹੀ ਵਰਕ ਟੂ ਰੂਲ ਕੈਂਪੇਨ ਉੱਤੇ ਹੈ। ਇਸ ਹੜਤਾਲ ਨਾਲ ਓਨਟਾਰੀਓ ਦੇ 250,000 ਕਾਲਜ ਵਿਦਿਆਰਥੀਆਂ ਨੇ ਪ੍ਰਭਾਵਿਤ ਹੋਣਾ ਸੀ।

# ਪਹਿਲੀ ਅਪਰੈਲ ਤੋਂ ਟਰੈਵਲਰਜ਼ ਨੂੰ ਨਹੀਂ ਵਿਖਾਉਣਾ ਹੋਵੇਗਾ ਕੋਵਿਡ-19 ਟੈਸਟ ਦਾ ਨੈਗੇਟਿਵ ਸਬੂਤ!



ਓਟਵਾ, 17 ਮਾਰਚ (ਪੋਸਟ ਬਿਊਰੋ) : ਕੈਨੇਡਾ ਵਿੱਚ ਦਾਖਲ ਹੋਣ ਵਾਲੇ ਬਹੁਤੇ ਟਰੈਵਲਰਜ਼ ਨੂੰ ਹੁਣ ਕੋਵਿਡ-19 ਟੈਸਟ ਦਾ ਨੈਗੇਟਿਵ ਸਬੂਤ ਵੀ ਨਹੀਂ ਵਿਖਾਉਣਾ ਹੋਵੇਗਾ। ਪਹਿਲੀ ਅਪਰੈਲ ਤੋਂ ਫੈਡਰਲ ਸਰਕਾਰ ਵੱਲੋਂ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਕੋਲੋਂ ਕੈਨੇਡਾ ਪਹੁੰਚਣ ਤੋਂ ਪਹਿਲਾਂ ਕਰਵਾਏ ਗਏ ਕੋਵਿਡ-19 ਟੈਸਟ ਦੀ ਨੈਗਰੇਟਿਵ ਰਿਪੋਰਟ ਵਿਖਾਉਣ ਵਾਲਾ ਨਿਯਮ ਹਟਾਇਆ ਜਾ ਰਿਹਾ ਹੈ। ਪਰ ਏਅਰਪੋਰਟ ਉੱਤੇ ਯਾਤਰੀਆਂ ਨੂੰ ਅਚਨਚੇਤੀ ਪੀਸੀਆਰ ਟੈਸਟਿੰਗ ਲਈ ਚੁਣਿਆ ਜਾ ਸਕਦਾ ਹੈ। ਸਿਹਤ ਮੰਤਰੀ ਜੀਨ-ਯਵੇਸ ਡਕਲਸ, ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਤੇ ਟੂਰਿਜ਼ਮ ਮੰਤਰੀ ਰੈਂਡੀ ਬੋਇਸਨੌਲਟ ਵੱਲੋਂ ਮਹਾਂਮਾਰੀ ਸਬੰਧੀ ਨਿਯਮਾਂ ਵਿੱਚ ਢਿੱਲ ਦੇਣ ਦਾ ਐਲਾਨ ਵੀਰਵਾਰ ਨੂੰ ਕੀਤਾ ਜਾਵੇਗਾ। ਬਾਰਡਰ ਨਿਯਮਾਂ ਅਨੁਸਾਰ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਨੂੰ ਹੈਲਥ ਪ੍ਰੋਫੈਸ਼ਨਲ ਵੱਲੋਂ ਕੀਤੇ ਗਏ ਰੈਪਿਡ ਐਂਟੀਜਨ ਟੈਸਟ ਦੀ ਨੈਗੇਟਿਵ ਰਿਪੋਰਟ, ਜੋ ਕਿ ਨਿਰਧਾਰਤ ਫਲਾਈਟ ਤੋਂ ਪਹਿਲਾਂ ਲਈ ਗਈ ਹੋਵੇਗੀ, ਵਿਖਾਉਣੀ ਹੋਵੇਗੀ। ਇਸ ਟੈਸਟ ਵਾਲੀ ਸ਼ਰਤ ਨੂੰ ਹਟਾਉਣ ਦੀ ਮੰਗ ਟਰੈਵਲ ਤੇ ਟੂਰਿਜ਼ਮ ਆਰਗੇਨਾਈਜ਼ੇਸ਼ਨਜ਼ ਦੇ ਨਾਲ ਨਾਲ ਸਰਹੱਦੀ ਟਾਊਨਜ਼ ਦੇ ਮੇਅਰਜ਼ ਵੱਲੋਂ ਕਦੋਂ ਤੋਂ ਕੀਤੀ ਜਾ ਰਹੀ ਸੀ। ਇਨ੍ਹਾਂ ਵੱਲੋਂ ਆਖਿਆ ਜਾ ਰਿਹਾ ਸੀ ਕਿ ਇਸ ਨਿਯਮ ਦੀ ਸਾਇੰਸ ਵੱਲੋਂ ਕੋਈ ਪੁਸ਼ਟੀ ਨਹੀਂ ਸੀ ਕੀਤੀ ਗਈ ਤੇ ਇਸ ਨਾਲ ਟੈਰਵਲਰਜ਼ ਉੱਤੇ ਤੇ ਹੋਰਨਾਂ ਮਹਿਕਮਿਆਂ ਉੱਤੇ ਵਾਧੂ ਦਾ ਵਿੱਤੀ ਬੋਝ ਪੈ ਰਿਹਾ ਸੀ।

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

NOW HIRING !!! ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

YES! Immigration Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers
Gift Prize with Every Purchase
10% additional discount on gold and upto 50% on diamond.
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca
info@dubaijewellers.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

CN Forklift Training Center
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਟੈਕਸਸ ਵਿੱਚ ਹੋਏ ਹਾਦਸੇ ਵਿੱਚ ਨੌਂ ਹਲਾਕ, ਓਨਟਾਰੀਓ ਦੇ ਦੋ ਵਿਦਿਆਰਥੀ ਜ਼ਖ਼ਮੀ

ਓਨਟਾਰੀਓ, 17 ਮਾਰਚ (ਪੋਸਟ ਬਿਊਰੋ) : ਮੰਗਲਵਾਰ ਨੂੰ ਟੈਕਸਸ ਵਿੱਚ ਹੋਏ ਹਾਦਸੇ ਵਿੱਚ ਓਨਟਾਰੀਓ ਦੇ ਗੌਲਫ ਦੇ ਦੋ ਵਿਦਿਆਰਥੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਜਦਕਿ ਇਸ ਹਾਦਸੇ ਵਿੱਚ ਨੌਂ ਲੋਕ ਮਾਰੇ ਗਏ।



ਟੈਕਸਸ ਦੇ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਅਨੁਸਾਰ ਇਹ ਹਾਦਸਾ ਸਿਟੀ ਆਫ ਐਂਡਰਿਊਂ ਤੋਂ 15 ਕਿਲੋਮੀਟਰ ਪੂਰਬ ਵੱਲ ਰਾਤੀਂ 8:15 ਵਜੇ ਵਾਪਰਿਆ। ਅਧਿਕਾਰੀਆਂ ਅਨੁਸਾਰ ਡੌਜ 2500 ਪਿੱਕਅੱਪ ਟਰੱਕ ਦੋ ਲੇਨ ਵਾਲੀ ਸੜਕ ਦੀ ਸੈਂਟਰ ਲਾਈਨ ਪਾਰ ਕਰਦਾ ਹੋਇਆ ਦੂਜੇ ਪਾਸੇ ਜਾ ਵੜਿਆ ਤੇ ਸਾਹਮਣੇ ਤੋਂ ਆ ਰਹੀ ਫੋਰਡ ਟਰਾਂਜ਼ਿਟ ਵੈਨ, ਜਿਸ ਵਿੱਚ ਯੂਨੀਵਰਸਿਟੀ ਆਫ ਸਾਊਥਵੈਸਟ ਦੀ ਮੈਨਜ਼ ਤੇ ਵੁਮਨਜ਼ ਗੌਲਫ ਟੀਮਾਂ ਸਵਾਰ ਸਨ, ਨਾਲ ਜਾ ਟਕਰਾਇਆ।ਟੱਕਰ ਐਨੀ ਜ਼ਬਰਦਸਤ ਸੀ ਕਿ ਦੋਵਾਂ ਗੱਡੀਆਂ ਨੂੰ ਅੱਗ ਲੱਗ ਗਈ।ਡੌਜ 2500 ਪਿੱਕਅੱਪ ਟਰੱਕ ਵਿੱਚ ਸਵਾਰ ਦੋਵਾਂ ਵਿਅਕਤੀਆਂ ਦੀ ਮੌਤ ਹੋ ਗਈ।ਫੋਰਡ ਪੈਸੰਜਰ ਵੈਨ ਵਿੱਚ ਸਵਾਰ ਛੇ ਵਿਦਿਆਰਥੀਆਂ ਤੇ ਇੱਕ ਫੈਕਲਟੀ ਮੈਂਬਰ ਦੀ ਵੀ ਇਸ ਹਾਦਸੇ ਵਿੱਚ ਮੌਤ ਹੋ ਗਈ। ਇਹ ਜਾਣਕਾਰੀ ਟੈਕਸਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਨੇ ਦਿੱਤੀ।

ਅਧਿਕਾਰੀਆਂ ਅਨੁਸਾਰ ਫੋਰਡ ਪੈਸੰਜਰ ਵੈਨ ਟੈਕਸਸ ਵਿੱਚ ਗੌਲਫ ਟੂਰਨਾਮੈਂਟ ਤੋਂ ਬਾਅਦ ਕੈਂਪਸ ਪਰਤ ਰਹੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਪੈਸੰਜਰ ਵੈਨ ਵਿੱਚ ਸਵਾਰ ਓਨਟਾਰੀਓ ਦੇ ਦੋ ਵਿਦਿਆਰਥੀ ਹੀ ਜਿਊਂਦੇ ਬਚੇ ਹਨ ਪਰ ਉਨ੍ਹਾਂ ਦੀ ਹਾਲਤ ਵੀ ਨਾਜ਼ੁਕ ਹੈ। ਹਾਦਸੇ ਤੋਂ ਬਾਅਦ ਉਨ੍ਹਾਂ ਨੂੰ ਲੁਬਕ ਵਿੱਚ ਯੂਨੀਵਰਸਿਟੀ ਮੈਡੀਕਲ ਸੈਂਟਰ ਲਿਜਾਇਆ ਗਿਆ।ਉਨ੍ਹਾਂ ਦੀ ਪਛਾਣ ਮਿਸੀਸਾਗਾ ਦੇ 19 ਸਾਲਾ ਡੇਅਟਨ ਪ੍ਰਾਈਸ ਤੇ ਕਿੰਗਸਟਨ ਦੇ ਨੇੜੇ ਐਮਹਰਸਟਵਿਊ ਦੇ 20 ਸਾਲਾ ਹੇਡਨ ਅੰਡਰਹਿੱਲ ਵਜੋਂ ਹੋਈ ਹੈ।

# ਯੂਕਰੇਨ ਦੀ ਅਪੀਲ ਦੇ ਬਾਵਜੂਦ ਸਾਰਿਆਂ ਦੀ ਭਲਾਈ ਲਈ ਸਖ਼ਤ ਫੈਸਲੇ ਲੈਣੇ ਪੈਣਗੇ : ਟਰੂਡੋ

ਓਟਵਾ, 17 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਯੂਕਰੇਨ ਵਿੱਚ ਰੂਸ ਵੱਲੋਂ ਕੀਤੀ ਜਾ ਰਹੀ ਬੰਬਾਰੀ ਵਿੱਚ ਤਬਾਹ ਹੋਏ ਹਸਪਤਾਲਾਂ, ਸਕੂਲਾਂ, ਮਾਰੇ ਗਏ ਲੋਕਾਂ ਦੀਆਂ ਤਸਵੀਰਾਂ ਵੇਖਣ ਅਤੇ ਰਾਸ਼ਟਰਪਤੀ ਜ਼ੈਲੈਂਸਕੀ ਵੱਲੋਂ ਜੰਗ ਦੇ ਝੰਬੇ ਮੁਲਕ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਅਪੀਲ ਦੇ ਬਾਵਜੂਦ ਕੈਨੇਡਾ ਨੂੰ ਕੁੱਝ ਸਖ਼ਤ ਫੈਸਲੇ ਲੈਣੇ ਪੈ ਰਹੇ ਹਨ।

ਨੌਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਦੇ ਮੈਂਬਰ ਮੁਲਕਾਂ, ਜਿਨ੍ਹਾਂ ਵਿੱਚ ਕੈਨੇਡਾ ਵੀ ਸ਼ਾਮਲ ਹੈ, ਨੇ ਪ੍ਰੈਜ਼ੀਡੈਂਟ ਵੋਲੋਦੀਮੀਰ ਜ਼ੈਲੈਂਸਕੀ ਦੀ ਯੂਕਰੇਨ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਅਪੀਲ ਖਾਰਜ ਕਰ ਦਿੱਤੀ ਕਿਉਂਕਿ ਇਨ੍ਹਾਂ ਮੁਲਕਾਂ ਦਾ ਮੰਨਣਾ ਹੈ ਕਿ ਇਸ ਨਾਲ



ਹਾਲਾਤ ਸੁਧਰਨ ਦੀ ਬਜਾਇ ਹੋਰ ਵਿਗੜ ਜਾਣਗੇ।

ਐਲਿਸਟਨ, ਓਨਟਾਰੀਓ ਵਿੱਚ ਕੈਨੇਡਾ ਦੇ ਆਟੋਮੋਟਿਵ ਸੈਕਟਰ ਲਈ ਨਵੀਂ ਮਦਦ ਦਾ ਐਲਾਨ ਕਰਦਿਆਂ ਟਰੂਡੋ ਨੇ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਨੋ ਫਲਾਈ ਜ਼ੋਨ ਨਾਲ ਯੂਕਰੇਨ ਵਿੱਚ ਹੋ ਰਹੀ ਤਬਾਹੀ ਤਾਂ ਸ਼ਾਇਦ ਨਾ ਰੁਕੇ ਸਗੋਂ ਨਾਟੋ ਵੱਲੋਂ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕੀਤੇ ਜਾਣ ਨਾਲ ਨਾਟੋ ਤੇ ਰੂਸ ਵਿਚਾਲੇ ਜੰਗ ਜ਼ਰੂਰ ਸ਼ੁਰੂ ਹੋ ਸਕਦੀ ਹੈ। ਇਹੋ ਜਿਹੇ ਹੀ ਵਿਚਾਰ ਸਕੱਤਰ ਜਨਰਲ ਜੈਨਸ ਸਟੋਲਟਨਬਰਗ ਨੇ ਇੱਕ ਵੱਖਰੀ ਨਿਊਜ਼ ਕਾਨਫਰੰਸ ਵਿੱਚ ਪ੍ਰਗਟਾਏ।

ਜ਼ੈਲੈਂਸਕੀ ਦੀ ਅਜਿਹੀ ਬੇਨਤੀ ਤੋਂ ਕੁੱਝ ਘੰਟਿਆਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਯੂਕਰੇਨ ਨੂੰ 800 ਮਿਲੀਅਨ ਡਾਲਰ ਦੀ ਮਦਦ ਮੁਹੱਈਆ ਕਰਵਾਉਣ ਲਈ ਵਿਦੇਸ਼ ਮੰਤਰਾਲੇ ਨੂੰ ਖੁੱਲ੍ਹ ਦੇਣ ਵਾਲੇ ਦਸਤਾਵੇਜ਼ ਉੱਤੇ ਦਸਤਖ਼ਤ ਕੀਤੇ। ਇਸ ਤਹਿਤ ਯੂਕਰੇਨ ਨੂੰ ਐਂਟੀ-ਏਅਰਕ੍ਰਾਫਟ ਸਿਸਟਮਜ਼ ਜਿਵੇਂ ਕਿ ਸਟਿੰਗਰ ਮਿਜ਼ਾਈਲਾਂ, ਡਰੋਨ ਤੇ ਹੋਰ ਗੋਲੀ ਸਿੱਕਾ, ਸ਼ੌਟਗੰਨਜ਼, ਮਸ਼ੀਨ ਗੰਨਜ਼, ਗ੍ਰਨੇਡ ਲਾਂਚਰਜ਼ ਤੇ ਹੋਰ ਨਿੱਕੇ ਹਥਿਆਰ ਵੀ ਮੁਹੱਈਆ ਕਰਵਾਏ ਜਾਣਗੇ।

## ਰੇਲ ਗੱਡੀ ਦੀ ਟੱਕਰ ਕਾਰਨ ਇੱਕ ਰਾਹਗੀਰ ਹਲਾਕ

ਮਿਸੀਸਾਗਾ, 17 ਮਾਰਚ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਮਿਸੀਸਾਗਾ ਵਿੱਚ ਡਿਕਸੀ ਗੋਅ ਸਟੇਸ਼ਨ ਦੇ ਪੂਰਬ ਵੱਲ ਰੇਲਗੱਡੀ ਦੀ ਟੱਕਰ ਲੱਗਣ ਕਾਰਨ ਇੱਕ ਰਾਹਗੀਰ ਦੀ ਮੌਤ ਹੋ ਗਈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਇਹ ਹਾਦਸਾ ਰਾਤੀਂ 7:45 ਉੱਤੇ ਹੋਇਆ। ਮਿਲਟਨ ਜਾਣ ਵਾਲੀ ਰੇਲਗੱਡੀ ਰਾਤ ਨੂੰ 7:10 ਉੱਤੇ ਜਾਣ ਵਾਲੀ ਆਖਰੀ ਗੱਡੀ ਸੀ।ਮੈਟਰੋਲਿੰਕਸ ਨੇ ਦੱਸਿਆ ਕਿ ਇੱਥੇ ਫਸੇ ਹੋਏ 300 ਦੇ ਨੇੜੇ ਤੇੜੇ ਯਾਤਰੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ ਸੀ। ਮੈਟਰੋਲਿੰਕਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਰੇਲਗੱਡੀ ਹੁਣ ਖੜ੍ਹੀ ਹੈ ਤੇ ਇਸ ਨੂੰ ਖਾਲੀ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। ਕਸਟਮਰਜ਼ ਨੂੰ ਵਾਪਿਸ ਡਿਕਸੀ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਆਖਿਆ ਕਿ ਇੱਕ ਵਾਰੀ ਸਾਡੇ ਯਾਤਰੀ ਡਿਕਸੀ ਗੋਅ ਪਹੁੰਚ ਜਾਣਗੇ ਤਾਂ ਉਨ੍ਹਾਂ ਨੂੰ ਅੱਗੇ ਲਿਜਾਣ ਲਈ ਛੇ ਬੱਸਾਂ ਲਾਈਆਂ ਗਈਆਂ ਹਨ।ਟਰੇਨ ਸਰਵਿਸ ਵੀਰਵਾਰ ਸਵੇਰੇ ਮਿਲਟਨ ਲਾਈਨ ਉੱਤੇ ਸ਼ੁਰੂ ਕਰ ਦਿੱਤੀ ਜਾਵੇਗੀ।ਪਰ ਜਾਂਚ ਕਾਰਨ ਇਹ ਪ੍ਰਬੰਧ ਕੀਤੇ ਗਏ ਹਨ।

# ਵੈਨ ਨੂੰ ਟੱਕਰ ਮਾਰਨ ਵਾਲੇ ਪਿੱਕਅੱਪ ਟਰੱਕ ਨੂੰ ਚਲਾ ਰਿਹਾ ਸੀ 13 ਸਾਲਾ ਬੱਚਾ

ਟੈਕਸਸ, 17 ਮਾਰਚ (ਪੋਸਟ ਬਿਊਰੋ) : ਪੱਛਮੀ ਟੈਕਸਸ ਵਿੱਚ ਵੈਨ ਨੂੰ ਟੱਕਰ ਮਾਰਨ ਵਾਲੇ ਪਿੱਕਅੱਪ ਟਰੱਕ ਨੂੰ 13 ਸਾਲਾ ਬੱਚਾ ਚਲਾ ਰਿਹਾ ਸੀ।ਇਸ ਹਾਦਸੇ ਵਿੱਚ ਨੌਂ ਲੋਕਾਂ ਦੀ ਜਾਨ ਚਲੀ ਗਈ,ਜਿਨ੍ਹਾਂ ਵਿੱਚ ਕਾਲਜ ਗੌਲਫ ਟੀਮ ਦੇ ਛੇ ਮੈਂਬਰ ਤੇ ਉਨ੍ਹਾਂ ਦਾ ਕੋਚ ਸ਼ਾਮਲ ਸਨ।ਇਹ ਖੁਲਾਸਾ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਅਧਿਕਾਰੀਆਂ ਨੇ ਕੀਤਾ।



ਐਨਟੀਐਸਬੀ ਦੇ ਵਾਈਸ ਚੇਅਰਮੈਨ ਬਰੂਸ ਲੈਂਡਜ਼ਬਰਗ ਨੇ ਆਖਿਆ ਕਿ ਪਿੱਕਅੱਪ ਟਰੱਕ ਨੂੰ ਚਲਾ ਰਿਹਾ ਬੱਚਾ ਤੇ ਉਸ ਦੇ ਨਾਲ ਬੈਠਾ ਵਿਅਕਤੀ ਵੀ ਇਸ ਹਾਦਸੇ ਵਿੱਚ ਮਾਰੇ ਗਏ। ਟਰੱਕ ਦਾ ਮੂਹਰਲਾ ਟਾਇਰ ਵੀ ਹਾਦਸੇ ਕਾਰਨ ਫਟ ਗਿਆ।ਉਨ੍ਹਾਂ ਆਖਿਆ ਕਿ ਇਹ ਵੀ ਸਪਸ਼ਟ ਨਹੀਂ ਹੈ ਕਿ ਦੋਵੇਂ ਗੱਡੀਆਂ ਕਿੰਨੀ ਤੇਜ਼ੀ ਨਾਲ ਜਾ ਰਹੀਆਂ ਸਨ ਜਦੋਂ ਉਨ੍ਹਾਂ ਦੀ ਟੱਕਰ ਹੋਈ।

ਟੈਕਸਸ ਵਿੱਚ ਲਰਨਰ ਲਾਇਸੰਸ ਲੈਣ ਲਈ 14 ਸਾਲਾਂ ਦਾ ਹੋਣਾ ਜ਼ਰੂਰੀ ਹੈ।15 ਸਾਲ ਦੀ ਉਮਰ ਵਿੱਚ ਬੱਚੇ ਨੂੰ ਆਰਜ਼ੀ ਲਾਇਸੰਸ ਮਿਲਦਾ ਹੈ ਤੇ ਉਹ ਇੰਸਟ੍ਰਕਟਰ ਜਾਂ ਗੱਡੀ ਵਿੱਚ ਸਵਾਰ ਲਾਇਸੰਸਸ਼ੁਦਾ ਬਾਲਗ ਨਾਲ ਗੱਡੀ ਚਲਾ ਸਕਦਾ ਹੈ।ਡਿਪਾਰਟਮੈਂਟ ਆਫ ਪਬਲਿਕ ਸੇਫਟੀ ਸਾਰਜੈਂਟ ਵਿਕਟਰ ਟੇਲਰ ਨੇ ਆਖਿਆ ਕਿ 13 ਸਾਲ ਦੀ ਉਮਰ ਵਿੱਚ ਗੱਡੀ ਚਲਾ ਕੇ ਇਸ ਬੱਚੇ ਵੱਲੋਂ ਕਾਨੂੰਨ ਵੀ ਤੋੜਿਆ ਗਿਆ।

## ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਉਮੀਦਵਾਰਾਂ ਦਾ ਸਮਰਥਨ ਨਹੀਂ ਕਰਨਗੇ ਫੋਰਡ ਕਾਕਸ ਦੇ ਮੈਂਬਰ

ਓਨਟਾਰੀਓ, 17 ਮਾਰਚ (ਪੋਸਟ ਬਿਊਰੋ) :ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਨਾ ਹੀ ਉਨ੍ਹਾਂ ਨੇ ਤੇ ਨਾ ਹੀ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਮੈਂਬਰਾਂ ਵੱਲੋਂ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਕਿਸੇ ਉਮੀਦਵਾਰ ਦਾ ਸਮਰਥਨ ਨਹੀਂ ਕਰਨਗੇ।



ਜ਼ਿਕਰਯੋਗ ਹੈ ਕਿ ਉਮੀਦਵਾਰਾਂ ਵਿੱਚੋਂ ਇੱਕ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਹਨ, ਜਿਹੜੇ ਫੋਰਡ ਤੋਂ ਪਹਿਲਾਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਰਹਿ ਚੁੱਕੇ ਹਨ। ਫੋਰਡ ਕਾਕਸ ਦੇ ਕਈ ਮੈਂਬਰ ਬ੍ਰਾਊਨ ਦੀ ਲੀਡਰਸ਼ਿਪ ਸਮੇਂ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਦੇ ਮੈਂਬਰ ਵੀ ਰਹਿ ਚੁੱਕੇ ਹਨ। ਪਰ ਬਹੁਗਿਣਤੀ ਵੱਲੋਂ ਇਸ ਉੱਘੀ ਜੌਬ ਲਈ ਮੌਜੂਦਾ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦਾ ਸਮਰਥਨ ਕੀਤਾ ਗਿਆ।ਜਿਸ ਸਮੇਂ ਸਕੈਂਡਲ ਖ਼ਤਮ ਹੋਇਆ ਉਸ ਸਮੇਂ ਬ੍ਰਾਊਨ ਨਾਲ ਉਨ੍ਹਾਂ ਦੀ ਪਾਰਟੀ ਦੇ ਬਹੁਤੇ ਮੈਂਬਰ ਨਹੀਂ ਸਨ।

ਇੱਥੇ ਦੱਸਣਾ ਬਣਦਾ ਹੈ ਕਿ ਬ੍ਰਾਊਨ ਉੱਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਸਨ, ਜਿਨ੍ਹਾਂ ਤੋਂ ਬ੍ਰਾਊਨ ਵੱਲੋਂ ਇਨਕਾਰ ਕੀਤਾ ਗਿਆ ਸੀ। 2018 ਦੀਆਂ ਚੋਣਾਂ ਤੋਂ ਕਈ ਮਹੀਨੇ ਪਹਿਲਾਂ ਸੀਟੀਵੀ ਵੱਲੋਂ ਇਨ੍ਹਾਂ ਨੂੰ ਪਬਲਿਸ਼ ਕੀਤਾ ਜਾ ਚੁੱਕਿਆ ਸੀ। ਬ੍ਰਾਊਨ ਦਾ ਇਸ ਮਾਮਲੇ ਵਿੱਚ ਚੱਲ ਰਿਹਾ ਮਾਨਹਾਨੀ ਦਾ ਮਾਮਲਾ ਵੀ ਹੱਲ ਹੋ ਚੁੱਕਿਆ ਹੈ।

ਇੱਕ ਹੋਰ ਲੀਡਰਸ਼ਿਪ ਉਮੀਦਵਾਰ ਰੋਮਨ ਬੇਬਰ ਹਨ, ਜਿਹੜੇ ਜਨਵਰੀ 2021 ਤੋਂ ਓਨਟਾਰੀਓ ਵਿਧਾਨਸਭਾ ਦੇ ਆਜ਼ਾਦ ਮੈਂਬਰ ਹਨ। ਇਸ ਤੋਂ ਪਹਿਲਾਂ ਕੋਵਿਡ-19 ਲਾਕਡਾਊਨਜ਼ ਦਾ ਖੁੱਲ੍ਹ ਕੇ ਵਿਰੋਧ ਕਰਨ ਉੱਤੇ ਬੇਬਰ ਨੂੰ ਫੋਰਡ ਨੇ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਤੋਂ ਬਾਹਰ ਕਰ ਦਿੱਤਾ ਸੀ।

## ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਨਹੀਂ ਲੈਣਗੇ ਪੀਟਰ ਮੈਕੇਅ

ਓਟਵਾ, 17 ਮਾਰਚ (ਪੋਸਟ ਬਿਊਰੋ) : ਪੀਟਰ ਮੈਕੇਅ ਦਾ ਕਹਿਣਾ ਹੈ ਕਿ ਉਹ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਨਹੀਂ ਲੈਣਗੇ।

ਸ਼ਨਿੱਚਰਵਾਰ ਨੂੰ ਸੋਸ਼ਲ ਮੀਡੀਆ ਉੱਤੇ ਪੋਸਟ ਕੀਤੇ ਵੀਡੀਓ ਮੈਸੇਜ ਵਿੱਚ ਪੀਟਰ ਮੈਕੇਅ ਨੇ ਆਖਿਆ ਕਿ ਉਨ੍ਹਾਂ ਵੱਲੋਂ ਆਪਣੇ ਦੋਸਤਾਂ, ਕੁਲੀਗਜ਼ ਤੇ ਪਰਿਵਾਰ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਕੰਜ਼ਰਵੇਟਿਵ ਸਰਕਾਰ ਵਿੱਚ ਮੈਕੇਅ ਕੈਬਨਿਟ ਮੰਤਰੀ ਦੇ ਅਹੁਦੇ ਉੱਤੇ ਰਹਿ ਚੁੱਕੇ ਹਨ ਤੇ 2020 ਵਿੱਚ ਸਾਬਕਾ ਆਗੂ ਐਰਿਨ ਓਟੂਲ ਤੋਂ ਦੂਜੇ ਸਥਾਨ ਉੱਤੇ ਵੀ ਉਹ ਰਹੇ। ਉਨ੍ਹਾਂ ਇਹ ਵੀ ਆਖਿਆ ਕਿ ਉਹ ਉਸ ਮੁਕਾਬਲੇ ਵਿੱਚ ਚੜ੍ਹੇ ਕਰਜ਼ੇ ਨੂੰ ਹੁਣ ਤੱਕ ਉਤਾਰ ਰਹੇ ਹਨ।



ਮੈਕੇਅ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਵੀ ਸਨ ਜਦੋਂ ਉਨ੍ਹਾਂ ਦੀ ਪਾਰਟੀ ਨੇ ਕੈਨੇਡੀਅਨ ਅਲਾਇੰਸ ਨਾਲ ਹੱਥ ਮਿਲਾ ਕੇ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦਾ ਨਿਰਮਾਣ ਕੀਤਾ ਸੀ। ਮੈਕੇਅ ਨੇ ਇਹ ਵੀ ਆਖਿਆ ਕਿ ਉਹ ਅੰਤਰਿਮ ਆਗੂ ਕੈਂਡਿਸ ਬਰਜਨ ਦਾ ਸਮਰਥਨ ਕਰਦੇ ਹਨ ਤੇ ਲੀਡਰਸ਼ਿਪ ਦੌੜ ਵਿੱਚ ਜੇਤੂ ਰਹਿਣ ਵਾਲੇ ਦਾ ਸਮਰਥਨ ਵੀ ਕਰਨਗੇ।

# ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਪੈਟ੍ਰਿਕ ਬ੍ਰਾਊਨ ਵੀ ਹੋਏ ਸ਼ਾਮਲ



ਬਰੈਂਪਟਨ, 17 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੀ ਫੈਡਰਲ ਕੰਜ਼ਰਵੇਟਿਵ ਆਗੂ ਦੀ ਦੌੜ ਵਿੱਚ ਕੁੱਦ ਗਏ ਹਨ। ਇਸ ਦੌਰਾਨ ਉਨ੍ਹਾਂ ਵੱਲੋਂ ਇਹ ਵਾਅਦਾ ਵੀ ਕੀਤਾ ਗਿਆ ਹੈ ਕਿ ਪਿਛਲੇ ਕੁੱਝ ਕੁ ਸਾਲਾਂ ਵਿੱਚ ਪਾਰਟੀ ਵਿੱਚ ਆਈਆਂ ਤਰੇੜਾਂ ਨੂੰ ਉਹ ਭਰਨ ਦੀ ਕੋਸ਼ਿਸ਼ ਕਰਨਗੇ।

43 ਸਾਲਾ ਬ੍ਰਾਊਨ ਨੇ ਬਰੈਂਪਟਨ, ਓਨਟਾਰੀਓ ਤੋਂ ਆਪਣੀ ਕੈਂਪੇਨ ਦੀ ਸ਼ੁਰੂਆਤ ਕੀਤੀ, ਇੱਥੇ ਉਹ 2018 ਤੋਂ ਮੇਅਰ ਦੀ ਭੂਮਿਕਾ ਨਿਭਾਅ ਰਹੇ ਹਨ। ਐਤਵਾਰ ਨੂੰ ਕੁਈਨਜ਼ ਦੇ ਮੈਨਰ ਈਵੈਂਟ ਸੈਂਟਰ ਵਿੱਚ ਆਪਣੀ ਪਤਨੀ ਤੇ ਬੱਚਿਆਂ ਨਾਲ ਬ੍ਰਾਊਨ ਸਟੇਜ ਉੱਤੇ ਪਹੁੰਚੇ। ਇਸ ਮੌਕੇ ਭੀੜ ਬ੍ਰਾਊਨ ਦਾ ਨਾਂ ਲੈ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰ ਰਹੀ ਸੀ। ਬ੍ਰਾਊਨ ਨੇ ਆਖਿਆ ਕਿ ਹੋਰਨਾਂ ਪਾਰਟੀਆਂ ਨੂੰ ਵੋਟ ਕਰਨ ਵਾਲਿਆਂ ਦਾ ਵੀ ਉਹ ਆਪਣੇ ਪਰਿਵਾਰ ਵਿੱਚ ਸਵਾਗਤ ਕਰਦੇ ਹਨ ਤੇ ਚਾਹੁੰਦੇ ਹਨ ਕਿ ਉਹ ਕੰਜ਼ਰਵੇਟਿਵਜ਼ ਦੇ ਹੱਥ ਮਜ਼ਬੂਤ ਕਰਨ। ਪਾਰਟੀ ਵਿੱਚ ਬ੍ਰਾਊਨ ਨੂੰ ਮਿਹਨਤੀ ਆਰਗੇਨਾਈਜ਼ਰ ਵਜੋਂ ਜਾਣਿਆ ਜਾਂਦਾ ਹੈ। ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਹੋਣ ਵਾਲੇ ਉਹ ਪੰਜਵੇਂ ਉਮੀਦਵਾਰ ਹਨ। ਇਸ ਦੌੜ ਵਿੱਚ ਹੁਣ ਤੱਕ ਸਾਬਕਾ ਫੈਡਰਲ ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਜੀਨ ਚਾਰੈਸਟ, ਓਟਵਾ ਏਰੀਆ ਤੋਂ ਐਮਪੀ ਪਿਏਰ ਪੌਲੀਏਵਰ,ਓਨਟਾਰੀਓ ਤੋਂ ਐਮਪੀ ਲੈਸਲਿਨ ਲੁਇਸ ਤੇ ਓਨਟਾਰੀਓ ਤੋਂ ਆਜ਼ਾਦ ਐਮਪੀਪੀ ਰੋਮਨ ਬੇਬਰ ਸ਼ਾਮਲ ਹੋ ਚੁੱਕੇ ਹਨ।

# ਭਾਰਤੀ ਜੱਜ ਦਲਬੀਰ ਭੰਡਾਰੀ ਨੇ ਸੰਸਾਰ ਦੀ ਅਦਾਲਤ ਵਿੱਚ ਰੂਸ ਦੇ ਖਿਲਾਫ ਵੋਟ ਪਾਈ

### * ਅਮਰੀਕਾ ਦੀ ਸਰਕਾਰ ਭਾਰਤੀ ਜੱਜ ਦੇ ਸਟੈਂਡ ਤੋਂ ਖੁਸ਼

ਨਵੀਂ ਦਿੱਲੀ, 17 ਮਾਰਚ, (ਪੋਸਟ ਬਿਊਰੋ)- ਰੂਸ ਅਤੇ ਯੂਕਰੇਨਦੀ ਜੰਗ ਦੌਰਾਨਯੂਕਰੇਨ ਨੇ ਰੂਸੀ ਕਾਰਵਾਈ ਰੋਕਣ ਲਈ ਇੰਟਰਨੈਸ਼ਨਲ ਕੋਰਟ ਆਫ ਜਸਟਿਸ (ਆਈ ਸੀ ਜੇ) ਤੱਕ ਪਹੁੰਚ ਕੀਤੀ ਸੀ, ਬੁੱਧਵਾਰ ਆਈ ਸੀ ਜੇ ਨੇ 13-2 ਦੇ ਬਹੁਮਤ ਨਾਲ ਯੂਕਰੇਨ ਦੇ ਹੱਕ ਵਿੱਚ ਫੈਸਲਾ ਕੀਤਾ ਤੇਰੂਸ ਨੂੰ ਫੌਜੀ ਕਾਰਵਾਈ ਰੋਕਣ ਨੂੰ ਕਿਹਾ।ਇਸ ਵਿੱਚ ਭਾਰਤ ਦੇ ਜੱਜ ਦਲਬੀਰ ਭੰਡਾਰੀ ਸਮੇਤ 13 ਜੱਜਾਂ ਨੇ ਰੂਸ ਦੇ ਖਿਲਾਫ ਵੋਟ ਕੀਤਾ ਹੈ। ਜਸਟਿਸ ਦਲਬੀਰ ਭੰਡਾਰੀ ਦਾ ਰੂਸ ਦੇ ਖਿਲਾਫ ਵੋਟ ਇਸ ਲਈ ਚਰਚਾਵਿੱਚ ਹੈ ਕਿ ਅੱਜ ਤੱਕ ਭਾਰਤ ਨੇ ਪੂਰੀ ਨਿਰਪੱਖਤਾ ਰੱਖੀ ਹੈ। ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਿੱਚਰੂਸ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਸਿਰਫ਼ ਦੋ ਜੱਜਰੂਸ ਤੇ ਚੀਨ ਦੇ ਸਨ। ਭਾਰਤ ਸਰਕਾਰ ਦੇ ਸਹਿਯੋਗ ਨਾਲ ਜਸਟਿਸ ਦਲਵੀਰ ਭੰਡਾਰੀ ਆਈ ਸੀ ਜੇ ਦੇ ਜੱਜ ਬਣੇ ਹਨ।ਰੂਸ-ਯੂਕਰੇਨ ਮੁੱਦੇ ਉੱਤੇ ਉਨ੍ਹਾਂ ਦਾ ਨਜ਼ਰੀਆ ਭਾਰਤ ਸਰਕਾਰ ਦੇ ਉਲਟ ਹੈ। ਭਾਰਤ ਨੇ ਰੂਸ ਨਾਲ ਸਬੰਧਾਂ ਤੇ ਯੂਕਰੇਨਵਿੱਚ ਫਸੇ ਭਾਰਤੀ ਵਿਦਿਆਰਥੀਆਂ ਦੇ ਕਾਰਨ ਯੂ ਐੱਨ ਓਵਿੱਚ ਵੋਟਿੰਗ ਤੋਂ ਖੁਦ ਨੂੰ ਦੂਰ ਰੱਖਿਆ ਸੀ।ਇੰਟਰਨੈਸ਼ਨਲ ਕੋਰਟ ਨੇ ਰੂਸ ਨੂੰ ਆਪਣੀ ਕਾਰਵਾਈ ਰੋਕਣ ਦਾ ਹੁਕਮ ਦਿੰਦਿਆਂ ਕਿਹਾ ਕਿ ਕਿਸੇ ਧਿਰ ਨੂੰ ਇਸ ਵਿੱਚ ਦਖਲ ਨਹੀਂ ਦੇਣਾ ਚਾਹੀਦਾ ਅਤੇ ਅਦਾਲਤ ਦਾ ਜੋ ਵੀ ਫੈਸਲਾ ਹੋਵੇ, ਉਹ ਸਾਰਿਆਂ ਲਈ ਪਾਬੰਦ ਹੋਵੇਗਾ। ਏਦਾਂ ਦੇ ਫੈਸਲਿਆਂ ਬਾਰੇ ਮਾਹਰਾਂ ਦੀ ਰਾਏ ਹੈ ਕਿ ਰੂਸਆਈ ਸੀ ਜੇ ਦੇ ਇਸ ਫੈਸਲੇ ਨੂੰ ਸ਼ਾਇਦ ਮੰਨੇਗਾ ਨਹੀਂ। ਜੇ ਕੋਈ ਦੇਸ਼ ਅੰਤਰਰਾਸ਼ਟਰੀ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰੇ ਤਾਂ ਅਦਾਲਤਯੂ ਐੱਨ ਓਸਕਿਓਰਟੀ ਕੌਂਸਲ ਤੋਂ ਕਾਰਵਾਈ ਦੀ ਮੰਗ ਕਰ ਸਕਦੀ ਹੈ, ਪਰ ਓਥੇਰੂਸ ਕੋਲ ਵੀਟੋ ਪਾਵਰ ਹੋਣ ਕਾਰਨ ਰੂਸ ਦੇ ਵਿਰੁੱਧ ਕੁਝ ਨਹੀਂ ਹੋ ਸਕਦਾ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 437-219-1502 647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅਪਰੈਲ ਤੋਂ ਫੈਡਰਲ ਘੱਟ ਤੋਂ ਘੱਟ ਉਜਰਤਾਂ ਵਿੱਚ 15.55 ਡਾਲਾਰ ਪ੍ਰਤੀ ਘੰਟੇ ਦਾ ਹੋਵੇਗਾ ਵਾਧਾ



ਟੋਰਾਂਟੋ, 17 ਮਾਰਚ (ਪੋਸਟ ਬਿਊਰੋ) : ਇੰਪਲੌਇਮੈਂਟ ਐਂਡ ਸੋਸ਼ਲ ਮੀਡੀਆ ਡਿਵੈਲਪਮੈਂਟ ਕੈਨੇਡਾ (ਈਐਸਡੀਸੀ) ਵੱਲੋਂ ਐਲਾਨ ਕੀਤਾ ਗਿਆ ਹੈ ਕਿ ਘੱਟ ਤੋਂ ਘੱਟ ਫੈਡਰਲ ਉਜਰਤਾਂ ਵਿੱਚ 15 ਤੋਂ 15.55 ਡਾਲਰ ਪ੍ਰਤੀ ਘੰਟਾ ਦਾ ਵਾਧਾ ਹੋਵੇਗਾ। ਇਹ ਵਾਧਾ ਪਹਿਲੀ ਅਪਰੈਲ 2022 ਤੋਂ ਦਰਜ ਕੀਤਾ ਜਾਵੇਗਾ।

ਇਹ ਫੈਡਰਲ ਵਾਧਾ ਸਿਰਫ ਉਨ੍ਹਾਂ ਮੁਲਾਜ਼ਮਾਂ ਉੱਤੇ ਹੀ ਲਾਗੂ ਹੋਵੇਗਾ ਜਿਹੜੇ ਫੈਡਰਲ ਪੱਧਰ ਉੱਤੇ ਨਿਯੰਤਰਿਤ ਇੰਡਸਟਰੀਜ਼ ਜਿਵੇਂ ਕਿ ਬੈਂਕ, ਪੋਸਟਲ ਸਰਵਿਸਿਜ਼, ਇੰਟਰਪ੍ਰੋਵਿੰਸ਼ੀਅਲ ਟਰਾਂਸਪੋਰਟੇਸ਼ਨ ਤੇ ਫੈਡਰਲ ਕ੍ਰਾਊਨ ਕਾਰਪੋਰੇਸ਼ਨਜ਼ ਵਿੱਚ ਕੰਮ ਕਰਦੇ ਹਨ। ਜਿਹੜੇ ਮੁਲਾਜ਼ਮ ਉਨ੍ਹਾਂ ਇੰਡਸਟਰੀਜ਼ ਵਿੱਚ ਕੰਮ ਕਰਦੇ ਹਨ ਜਿਹੜੇ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਨਹੀਂ ਹਨ ਉਨ੍ਹਾਂ ਉੱਤੇ ਪ੍ਰੋਵਿੰਸ਼ੀਅਲ ਘੱਟ ਤੋਂ ਘੱਟ ਵੇਜ ਲਾਗੂ ਰਹਿਣਗੇ।

ਈਐਸਡੀਸੀ ਦਾ ਕਹਿਣਾ ਹੈ ਕਿ 55 ਸੈਂਟ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ 2021 ਤੋਂ ਸਾਲਾਨਾ ਔਸਤ ਕੰਜ਼ਿਊਮਰ ਪ੍ਰਾਈਸ ਇੰਡੈਕਸ ਵਿੱਚ 3.4 ਫੀ ਸਦੀ ਦੇ ਵਾਧੇ ਨੂੰ ਦਰਸਾਉਂਦਾ ਹੈ, ਜੋ ਕਿ ਸਟੈਟੇਸਟਿਕਸ ਕੈਨੇਡਾ ਵੱਲੋਂ ਰਿਪੋਰਟ ਕੀਤਾ ਗਿਆ ਹੈ। ਜਿਨ੍ਹਾਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵਿੱਚ ਫੈਡਰਲ ਰੇਟ ਨਾਲੋਂ ਵੱਧ ਘੱਟ ਤੋਂ ਘੱਟ ਉਜਰਤਾਂ ਹਨ ਉੱਥੇ ਵੱਧ ਉਜਰਤਾਂ ਹੀ ਲਾਗੂ ਹੋਣਗੀਆਂ।

## ਹਸਪਤਾਲਾਂ, ਸਕੂਲਾਂ ਵਿੱਚ ਓਨਟਾਰੀਓ ਨੇ ਹਟਾਇਆ ਵੈਕਸੀਨ ਤੇ ਟੈਸਟਿੰਗ ਦਾ ਨਿਯਮ

ਓਨਟਾਰੀਓ, 17 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਕੋਵਿਡ-19 ਸਬੰਧੀ ਹੋਰ ਮਾਪਦੰਡ ਵੀ ਖ਼ਤਮ ਕੀਤੇ ਜਾ ਰਹੇ ਹਨ। ਅਜੇ ਇੱਕ ਹਫਤਾ ਪਹਿਲਾਂ ਹੀ ਸਰਕਾਰ ਵੱਲੋਂ ਬਹੁਤੀਆਂ ਇੰਡੋਰ ਪਬਲਿਕ ਸੈਟਿੰਗਜ਼ ਵਿੱਚ ਮਾਸਕ ਸਬੰਧੀ ਨਿਯਮ ਖ਼ਤਮ ਕੀਤਾ ਗਿਆ ਸੀ।

ਸੋਮਵਾਰ ਤੋਂ ਸਕੂਲਾਂ, ਚਾਈਲਡ ਕੇਅਰ ਸੈਟਿੰਗਜ਼, ਹਸਪਤਾਲਾਂ ਤੇ ਲਾਂਗ ਟਰਮ ਕੇਅਰ ਹੋਮਜ਼ ਲਈ ਲਾਜ਼ਮੀ ਵੈਕਸੀਨੇਸ਼ਨ ਤੇ ਟੈਸਟਿੰਗ ਸਬੰਧੀ ਨੀਤੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ। ਪ੍ਰੋਵਿੰਸ ਦਾ ਕਹਿਣਾਂ ਹੈ ਕਿ ਵੱਖ ਵੱਖ ਸੰਸਥਾਵਾਂ ਆਪਣੀ ਇੱਛਾ ਮੁਤਾਬਕ ਇਹ ਪਾਬੰਦੀਆਂ ਜਾਰੀ ਰੱਖ ਸਕਦੀਆਂ ਹਨ। ਬਹੁਤੇ ਹਸਪਤਾਲਾਂ ਨੇ ਵੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਵੱਲੋਂ ਵੈਕਸੀਨੇਸ਼ਨ ਸਬੰਧੀ ਸਖ਼ਤ ਮਾਪਦੰਡ ਜਾਰੀ ਰੱਖੇ ਜਾਣਗੇ।



ਇਸ ਹਫਤੇ ਪ੍ਰੋਵਿੰਸ ਵੱਲੋਂ ਲਾਂਗ ਟਰਮ ਕੇਅਰ ਸੈਟਿੰਗਜ਼ ਵਿੱਚ ਪਾਬੰਦੀਆਂ ਵਿੱਚ ਢਿੱਲ ਦਿੱਤੀ ਜਾ ਰਹੀ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਹੁਣ ਬਜ਼ੁਰਗਾਂ ਨੂੰ ਮਿਲਣ ਲਈ ਵੱਡਿਆਂ ਦੇ ਨਾਲ ਜਾ ਸਕਣਗੇ ਤੇ ਇੱਕ ਸਮੇਂ ਵਿੱਚ ਹਰੇਕ ਰੈਜ਼ੀਡੈਂਟ ਨੂੰ ਮਿਲਣ ਵਾਲੇ ਵਿਜ਼ੀਟਰਜ਼ ਦੀ ਗਿਣਤੀ ਵੀ ਤਿੰਨ ਤੋਂ ਚਾਰ ਕਰ ਦਿੱਤੀ ਗਈ ਹੈ। ਵੈਕਸੀਨੇਸ਼ਨ ਸਟੇਟਸ ਤੋਂ ਬਿਨਾਂ ਸਾਰੇ ਰੈਜ਼ੀਡੈਂਟਸ ਵੀ ਸੋਸ਼ਲ ਟਰਿੱਪਜ਼ ਕਰ ਸਕਣਗੇ। ਅਗਲੇ ਸੋਮਵਾਰ ਤੋਂ ਸਕੂਲਾਂ, ਗਰੌਸਰੀ ਸਟੋਰਜ਼, ਮਾਲਜ਼ ਤੇ ਹੋਰਨਾਂ ਇੰਡੋਰ ਇਲਾਕਿਆਂ ਵਿੱਚ ਮਾਸਕ ਦੀ ਸ਼ਰਤ ਬਿਲਕੁਲ ਹੀ ਹਟਾਅ ਦਿੱਤੀ ਜਾਵੇਗੀ।

# ਫੈਡਰਲ ਸਰਕਾਰ ਵੱਲੋਂ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਨੂੰ ਮਿਲਣਗੇ 142 ਮਿਲੀਅਨ ਡਾਲਰ

ਟੋਰਾਂਟੋ, 17 ਮਾਰਚ (ਪੋਸਟ ਬਿਊਰੋ) : ਇਨਫਰਾਸਟ੍ਰਕਚਰ ਨਾਲ ਸਬੰਧਤ ਪ੍ਰੋਜੈਕਟਸ ਲਈ ਫੈਡਰਲ ਸਰਕਾਰ ਵੱਲੋਂ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਨੂੰ 142 ਮਿਲੀਅਨ ਡਾਲਰ ਮੁਹੱਈਆ ਕਰਵਾਏ ਜਾਣਗੇ।

ਟਰਾਂਸਪੋਰਟ ਮੰਤਰੀ ਤੇ ਮਿਸੀਸਾਗਾ ਸੈਂਟਰ ਤੋਂ ਐਮਪੀ ਓਮਰ ਅਲਘਬਰਾ ਨੇ ਸੋਮਵਾਰ ਸਵੇਰੇ ਇਸ ਬਾਰੇ ਟਰਮੀਨਲ 1 ਉੱਤੇ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਹ ਰਕਮ ਏਅਰਫੀਲਡ ਦੇ ਕਈ ਇਲਾਕਿਆਂ ਦੇ ਪੁਨਰਨਿਰਮਾਣ, ਨਵੇਂ ਚੈੱਕ-ਇਨ ਤੇ ਬਾਰਡਰ ਕਲੀਅਰੈਂਸ ਸਿਸਟਮਜ਼ ਨੂੰ ਇਨਸਟਾਲ ਕਰਨ ਲਈ ਵਰਤੀ ਜਾਵੇਗੀ। ਇਸ ਦੇ ਨਾਲ ਹੀ ਪੈਸੈਂਜਰਜ਼ ਤੇ ਇੰਪਲੌਈਜ਼ ਦੀ ਕੋਵਿਡ-19 ਟੈਸਟਿੰਗ ਤੇ ਸਕਰੀਨਿੰਗ ਲਈ ਵੀ ਉਮਦਾ ਪ੍ਰਬੰਧ ਕੀਤੇ ਜਾਣਗੇ।



ਅਲਘਬਰਾ ਨੇ ਇਹ ਵੀ ਆਖਿਆ ਕਿ ਇਸ ਵਿੱਚੋਂ ਕੁੱਝ ਫੰਡਿੰਗ ਮਾਊਂਟ ਡੈਨਿਸ ਸਟੇਸ਼ਨ ਤੋਂ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੱਕ ਐਗਲਿੰਟਨ ਕਰੌਸਟਾਊਨ ਐਲਆਰਟੀ ਦੇ ਭਵਿੱਖ ਵਿੱਚ ਹੋਣ ਵਾਲੇ ਵਾਧੇ ਲਈ ਟਰਮੀਨਲ ਬਿਲਡਿੰਗ ਲਈ ਟੈਕਨੀਕਲ ਸਟੱਡੀਜ਼ ਕਰਨ ਲਈ ਵੀ ਵਰਤੀ ਜਾ ਸਕਦੀ ਹੈ। ਓਨਟਾਰੀਓ ਸਰਕਾਰ ਦਾ ਇਹ ਵਾਧੇ ਵਾਲਾ ਪ੍ਰੋਜੈਕਟ 2030 ਜਾਂ 2031 ਵਿੱਚ ਖ਼ਤਮ ਹੋਣ ਦੀ ਸੰਭਾਵਨਾ ਹੈ ਜਦਕਿ ਐਗਲਿੰਟਨ ਕਰੌਸਟਾਊਨ ਐਲਆਰਟੀ ਲਾਈਨ 2022 ਦੇ ਅੰਤ ਤੱਕ ਖੁੱਲ੍ਹ ਜਾਵੇਗੀ।

ਸੋਮਵਾਰ ਨੂੰ ਕੀਤੇ ਗਏ ਇਸ ਐਲਾਨ ਵਿੱਚ ਗ੍ਰੇਟਰ ਟੋਰਾਂਟੋ ਏਅਰਪੋਰਟਸ ਅਥਾਰਟੀ ਦੀ ਪ੍ਰੈਜ਼ੀਡੈਂਟ ਤੇ ਸੀਈਓ ਡੈਬਰਾਹ ਫਲਿੰਟ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਦਰਮਿਆਨ ਏਅਰਪੋਰਟ ਉੱਤੇ ਕੁਨੈਕਟਿਵਿਟੀ ਨੂੰ ਬਹਾਲ ਕਰਨ ਦਾ ਇਹ ਕਾਫੀ ਮੁਸ਼ਕਲ ਮਿਸ਼ਨ ਹੈ।

# ਬੋਰਡਿੰਗ ਹਾਊਸ ਵਿਚ ਭਿਆਨਕ ਅੱਗ ਨਾਲ 3 ਜਣੇ ਜ਼ਿੰਦਾ ਸੜੇ

ਸਿਡਨੀ, 17 ਮਾਰਚ (ਪੋਸਟ ਬਿਊਰੋ)- ਸਿਡਨੀ ਵਿੱਚ ਇੱਕ ਬੋਰਡਿੰਗ ਹਾਊਸ ਵਿੱਚ ਅੱਗ ਲੱਗਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਦੀ ਹਾਲਤ ਗੰਭੀਰ ਹੈ।

ਮਿਲੀ ਰਿਪੋਰਟ ਅਨੁਸਾਰ ਕੱਲ੍ਹ ਸਵੇਰੇ ਸਿਡਨੀ ਦੇ ਅੰਦਰੂਨੀ ਪੱਛਮ ਵਿੱਚ ਇੱਕ ਉਪਨਗਰ ਨਿਊਟਾਊਨ ਵਿੱਚ ਦੋ-ਮੰਜ਼ਿਲਾ ਬੋਰਡਿੰਗ ਹਾਊਸ ਵਿੱਚ ਫ਼ਾਇਰਫ਼ਾਈਟਰਾਂ ਨੂੰ ਬੁਲਾਇਆ ਗਿਆ। ਫ਼ਾਇਰ ਫ਼ਾਈਟਰਜ਼ ਨੇ ਦੱਸਿਆ ਕਿ ਅੱਗ ਉੱਤੇ ਕਾਬੂ ਪਾਉਣ ਵਿਚ ਕਰੀਬ ਦੋ ਘੰਟੇ ਲੱਗੇ। ਸਵੇਰੇ ਮਲਬੇ ਵਿੱਚੋਂ ਇੱਕ ਲਾਸ਼ ਬਰਾਮਦ ਕੀਤੀ ਗਈ, ਜਦਕਿ ਬਾਅਦ ਦੁਪਹਿਰ ਦੋ ਹੋਰ ਲਾਸ਼ਾਂ ਮਿਲੀਆਂ। ਪੁਲਸ ਨੇ ਕਿਹਾ ਕਿ ਅੱਗ ਤੋਂ ਬਚਣ ਵਾਲੇ ਚੌਥੇ ਵਿਅਕਤੀ ਦੀ ਹਾਲਤ ਗੰਭੀਰ ਹੈ ਅਤੇ ਉਸ ਦਾ ਸੈਂਟਰਲ ਸਿਡਨੀ ਹਸਪਤਾਲ ਵਿੱਚ ਇਲਾਜ ਹੋ ਰਿਹਾ ਹੈ। ਨਿਊ ਸਾਊਥ ਵੇਲਜ਼ ਪੁਲਸ ਦੇ ਸਹਾਇਕ ਕਮਿਸ਼ਨਰ ਨੇ ਕਿਹਾ ਕਿ ਇਸ ਘਟਨਾ ਦੀ ਕਤਲ ਵਜੋਂ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ,''ਅਸੀਂ ਇਸ ਨੂੰ ਸ਼ੱਕੀ ਮੰਨ ਰਹੇ ਹਾਂ- ਇਹ ਇੱਕ ਧਮਾਕਾ ਸੀ, ਅੱਗ ਨੇ ਬਹੁਤ ਤੇਜ਼ੀ ਨਾਲ ਜ਼ੋਰ ਫੜ ਲਿਆ ਸੀ।'



## ਦੁਬਈ ਤੋਂ ਲੁਕਾ ਕੇ ਸੋਨਾ ਲਿਆਇਆ ਬੰਦਾ ਏਅਰਪੋਰਟ ਉੱਤੇ ਕਾਬੂ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਦੁਬਈ-ਦਿੱਲੀ ਦੀ ਫ਼ਲਾਈਟ ਵਿੱਚ ਸੋਨੇ ਦੀ ਤਸਕਰੀ ਕਰਨ ਵਾਲਾ ਆਦਮੀ ਉਦੋਂ ਫੜਿਆ ਗਿਆ, ਜਦੋਂ ਅਧਿਕਾਰੀਆਂ ਨੇ ਨਵੀਂ ਦਿੱਲੀ ਹਵਾਈ ਅੱਡੇ ਉੱਤੇ ਜਹਾਜ਼ ਦੀ ਜਾਂਚ ਕੀਤੀ।

ਤਸਕਰੀ ਦੀ ਸੂਚਨਾ ਮਿਲਣ ਉੱਤੇ ਅਧਿਕਾਰੀ ਹਵਾਈ ਅੱਡੇ ਉੱਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ। ਫ਼ਲਾਈਟ ਦੀ ਤਲਾਸ਼ੀ ਮੌਕੇ ਅਧਿਕਾਰੀਆਂ ਨੂੰ ਸੋਨੇ ਦੀ ਇੱਕ 'ਯੂ' ਆਕਾਰ ਦੀ ਚੀਜ਼ ਮਿਲੀ, ਜਿਸ ਨੂੰ ਚਾਂਦੀ ਦੀ ਟੇਪ ਵਿੱਚ ਲਪੇਟਿਆ ਹੋਇਆ ਸੀ ਅਤੇ ਇੱਕ ਯਾਤਰੀ ਦੀ ਸੀਟ ਦੇ ਥੱਲੇ ਰਾਡ ਨਾਲ ਲਾਇਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ 1000 ਗ੍ਰਾਮ ਭਾਰ ਵਾਲੇ ਬਰਾਮਦ ਕੀਤੇ ਸੋਨੇ ਦੀ ਕੀਮਤ ਲੱਗਭਗ 48,90,270 ਰੁਪਏ ਹੈ। ਯਾਤਰੀ ਨੇ ਮੰਨਿਆ ਕਿ ਇਹ ਸੋਨੇ ਉਸੇ ਦਾ ਹੈ ਅਤੇ ਇਸ ਤੋਂ ਪਹਿਲਾਂ ਅਪਰਾਧੀ ਵੱਲੋਂ 2000 ਗ੍ਰਾਮ ਸੋਨੇ ਦੀ ਤਸਕਰੀ ਕਰਨ ਦੀ ਗੱਲ ਵੀ ਕਬੂਲੀ ਗਈ ਹੈ। ਫਿਲਹਾਲ ਇਸ ਮਾਮਲੇ ਦੀ ਉਚਿਤ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਸੋਨੇ ਦੇ ਕਸਟਮ ਐਕਟ 1962 ਦੀ ਧਾਰਾ 110 ਦੇ ਤਹਿਤ ਸੋਨੇ ਨੂੰ ਜ਼ਬਤ ਕਰ ਲਿਆ ਗਿਆ।

# ਯੂਕਰੇਨ ਵਿਚ ਵਾਰ ਕ੍ਰਾਈਮ ਨੂੰ ਅੰਜ਼ਾਮ ਦੇ ਰਿਹਾ ਹੈ ਰੂਸ : ਅਨੀਤਾ ਆਨੰਦ

ਓਟਵਾ, 17 ਮਾਰਚ (ਪੋਸਟ ਬਿਊਰੋ) : ਕੈਨੇਡਾ ਦੀ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਐਤਵਾਰ ਨੂੰ ਰੂਸ ਦੀ ਨਿਖੇਧੀ ਕਰਦਿਆਂ ਆਖਿਆ ਕਿ ਯੂਕਰੇਨ ਉੱਤੇ ਕੀਤੇ ਜਾ ਰਹੇ ਹਮਲਿਆਂ ਤੇ ਵਾਰ ਕ੍ਰਾਈਮਜ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਖਿਆ ਕਿ ਤਾਜ਼ਾ ਹਮਲੇ ਵਿੱਚ ਯੂਕਰੇਨ ਵਿੱਚ 35 ਲੋਕ ਮਾਰੇ ਗਏ। ਇਸ ਵੀਕੈਂਡ ਰੂਸ ਨੇ ਯਾਵੋਰਿਵ ਵਿੱਚ ਇੰਟਰਨੈਸ਼ਨਲ ਪੀਸਕੀਪਿੰਗ ਤੇ ਸਕਿਊਰਿਟੀ ਸੈਂਟਰ ਉੱਤੇ ਮਿਜ਼ਾਈਲ ਨਾਲ ਹਮਲਾ ਕੀਤਾ। ਇਹ ਥਾਂ ਨਾਟੋ ਮੈਂਬਰ ਪੋਲੈਂਡ ਨਾਲ ਲੱਗਦੇ ਯੂਕਰੇਨ ਦੇ ਪੱਛਮੀ ਬਾਰਡਰ ਤੋਂ 25 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਇਸ ਸੈਂਟਰ ਦੀ ਵਰਤੋਂ ਯੂਕਰੇਨੀ



ਮਿਲਟਰੀ ਕਰਮਚਾਰੀਆਂ ਨੂੰ ਸਿਖਲਾਈ ਦੇਣ ਲਈ ਵਰਤੀ ਜਾਂਦੀ ਹੈ ਤੇ ਇਸ ਤੋਂ ਪਹਿਲਾਂ ਇਸ ਦੀ ਵਰਤੋਂ ਆਪਰੇਸ਼ਨ ਯੂਨੀਫਾਇਰ ਜਾਂ ਕੈਨੇਡਾ ਦੇ ਯੂਕਰੇਨ ਵਿੱਚ ਸਕਿਊਰਿਟੀ ਸੈਨਾਵਾਂ ਨੂੰ ਸਿੱਖਿਅਤ ਕਰਨ ਲਈ ਹੈੱਡਕੁਆਰਟਰ ਵਜੋਂ ਵਰਤੀ ਜਾਂਦੀ ਸੀ।

ਇਸ ਮਿਸ਼ਨ ਦੇ ਹਿੱਸੇ ਵਜੋਂ 33,000 ਸਕਿਊਰਿਟੀ ਸੈਨਿਕਾਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ। ਆਨੰਦ ਨੇ ਆਖਿਆ ਕਿ ਇਸ ਸਥਿਤੀ ਵਿੱਚ ਰੂਸ ਹੀ ਹਾਲਾਤ ਨੂੰ ਵਿਗਾੜ ਰਿਹਾ ਹੈ, ਬੱਚਿਆਂ ਤੇ ਪਰਿਵਾਰਾਂ ਨੂੰ ਮਾਰ ਰਿਹਾ ਹੈ ਤੇ ਵਾਰ ਕ੍ਰਾਈਮਜ਼ ਨੂੰ ਅੰਜਾਮ ਦੇ ਰਿਹਾ ਹੈ। ਉਨ੍ਹਾਂ ਆਖਿਆ ਕਿ ਰੂਸ ਦੀਆਂ ਇਨ੍ਹਾਂ ਵਧੀਕੀਆਂ ਖਿਲਾਫ ਨਾਟੋ ਭਾਈਵਾਲ ਇੱਕਜੁੱਟ ਹਨ ਤੇ ਯੂਕਰੇਨ ਨੂੰ ਬਣਦੀ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਈ ਜਾਵੇਗੀ।

ਦੂਜੀ ਗੱਲ ਇਹ ਕਿ ਵਾਸ਼ਿੰਗਟਨ ਟਰੀਟੀ ਦੀ ਧਾਰਾ 5 ਤਹਿਤ ਇੱਕ ਦੇਸ਼ ਉੱਤੇ ਹਮਲੇ ਨੂੰ ਸਾਰੇ ਮੈਂਬਰ ਮੁਲਕਾਂ ਉੱਤੇ ਹਮਲਾ ਮੰਨਿਆ ਜਾਵੇਗਾ। ਅਸੀਂ ਨਾਟੋ ਟੈਰੇਟਰੀ ਦੇ ਇੰਚ-ਇੰਚ ਦੀ ਰਾਖੀ ਕਰਾਂਗੇ। ਆਨੰਦ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਕੈਨੇਡੀਅਨ ਹਥਿਆਰਬੰਦ ਫੌਜਾਂ ਦਾ ਕੋਈ ਵੀ ਮੈਂਬਰ ਯੂਕਰੇਨ ਵਿੱਚ ਨਹੀਂ ਹੈ ਤੇ ਉਨ੍ਹਾਂ ਨੂੰ ਜਾਂ ਤਾਂ ਪੋਲੈਂਡ ਤੇ ਜਾਂ ਫਿਰ ਹੋਰਨਾਂ ਥਾਂਵਾਂ ਉੱਤੇ ਸ਼ਿਫਟ ਕੀਤਾ ਜਾ ਚੁੱਕਿਆ ਹੈ।

# ਚਾਕੂ ਦੀ ਨੋਕ ਉੱਤੇ ਫਾਰਮੇਸੀ ਲੁੱਟਣ ਵਾਲੇ ਟੀਨੇਜਰਜ਼ ਹਿਰਾਸਤ ਵਿੱਚ

ਟੋਰਾਂਟੋ, 17 ਮਾਰਚ (ਪੋਸਟ ਬਿਊਰੋ) : ਪਿਛਲੇ ਹਫਤੇ ਕਥਿਤ ਤੌਰ ਉੱਤੇ ਚਾਕੂ ਦੀ ਨੋਕ ਉੱਤੇ ਫਾਰਮੇਸੀ ਨੂੰ ਲੁੱਟਣ ਵਾਲੇ ਦੋ ਟੀਨੇਜਰ ਲੜਕਿਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।



ਜਾਂਚਕਾਰਾਂ ਦਾ ਕਹਿਣਾ ਹੈ ਕਿ 8 ਮਾਰਚ ਨੂੰ ਉਨ੍ਹਾਂ ਨੂੰ ਸ਼ੈਪਰਡ ਐਵਨਿਊ ਵੈਸਟ ਤੇ ਕੀਲ ਸਟਰੀਟ ਉੱਤੇ ਫਾਰਮੇਸੀ ਲੁੱਟੇ ਜਾਣ ਦੀ ਖਬਰ ਦੇ ਕੇ ਸੱਦਿਆ ਗਿਆ। 14 ਤੇ 15 ਸਾਲ ਦੇ ਦੋ ਟੀਨੇਜ ਲੜਕੇ ਫਾਰਮੇਸੀ ਦੇ ਕਾਊਂਟਰ ਉੱਤੇ ਪਹੁੰਚੇ ਤੇ ਉਨ੍ਹਾਂ ਚਾਕੂ ਕੱਢ ਲਿਆ। ਉਨ੍ਹਾਂ ਨੇ ਸਟਾਫ ਮੈਂਬਰ ਤੋਂ ਨਕਦੀ ਤੇ ਦਵਾਈਆਂ ਦੀ ਮੰਗ ਕੀਤੀ ਤੇ ਫਿਰ ਅਣਦੱਸੀ ਰਕਮ ਲੈ ਕੇ ਪੈਦਲ ਹੀ ਉੱਥੋਂ ਚਲੇ ਗਏ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਦੋਵਾਂ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਉਨ੍ਹਾਂ ਕੋਲੋਂ ਚਾਕੂ ਤੇ ਫਰਾਮੇਸੀ ਤੋਂ ਲੁੱਟੀ ਨਕਦੀ ਵੀ ਬਰਾਮਦ ਹੋਏ। ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਕਿਸੇ ਵੀ ਮਸ਼ਕੂਕ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ ਹੈ। ਦੋਵਾਂ ਲੜਕਿਆਂ ਨੂੰ 9 ਮਾਰਚ ਨੂੰ 2201 ਫਿੰਚ ਐਵਨਿਊ ਵੈਸਟ ਸਥਿਤ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਿਆ ਹੈ।

## ਲਾਈਫਮਾਰਕ ਹੈਲਥ ਗਰੁੱਪ ਨੂੰ ਖਰੀਦੇਗੀ ਲੋਬਲਾਅ




ਬਰੈਂਪਟਨ, 17 ਮਾਰਚ (ਪੋਸਟ ਬਿਊਰੋ) : ਲੋਬਲਾਅ ਕੰਪਨੀਜ਼ ਲਿਮਟਿਡ ਦਾ ਕਹਿਣਾ ਹੈ ਕਿ ਉਸ ਵੱਲੋਂ ਲਾਈਫਮਾਰਕ ਹੈਲਥ ਗਰੁੱਪ ਖਰੀਦਣ ਲਈ 845 ਮਿਲੀਅਨ ਡਾਲਰ ਨਕਦ ਦੇਣ ਲਈ ਸਮਝੌਤੇ ਉੱਤੇ ਦਸਤਖ਼ਤ ਕੀਤੇ ਗਏ ਹਨ।

ਔਂਡੈਕਸ ਪ੍ਰਾਈਵੇਟ ਇਕੁਇਟੀ ਦੀ ਮਲਕੀਅਤ ਲਾਈਫਮਾਰਕ ਵੱਲੋਂ ਫਿਜ਼ੀਓਥੈਰੇਪੀ, ਮਸਾਜ ਥੈਰੇਪੀ, ਓਕਿਊਪੇਸ਼ਨਲ ਥੈਰੇਪੀ, ਕਾਇਰੋਪ੍ਰੈਕਟਿਕ, ਮੈਂਟਲ ਹੈਲਥ ਤੇ ਹੋਰ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਕੈਨੇਡਾ ਭਰ ਵਿੱਚ ਇਸ ਦੇ 300 ਤੋਂ ਵੱਧ ਕਲੀਨਿਕ ਹਨ।

ਲੋਬਲਾਅ, ਜਿਸ ਕੋਲ ਸ਼ਾਪਰਜ਼ ਡਰੱਗ ਮਾਰਟ ਵੀ ਹੈ, ਦਾ ਕਹਿਣਾ ਹੈ ਕਿ ਇਸ ਡੀਲ ਨਾਲ ਹੈਲਥ ਕੇਅਰ ਸਰਵਿਸ ਪ੍ਰੋਵਾਈਡਰ ਵਾਲਾ ਬਿਜ਼ਨਸ ਵਧਾਉਣ ਵਿੱਚ ਮਦਦ ਮਿਲੇਗੀ। ਇਹ ਡੀਲ ਰੈਗੂਲੇਟਰੀ ਮਨਜ਼ੂਰੀ ਤੋਂ ਬਾਅਦ ਹੀ ਸਿਰੇ ਚੜ੍ਹੀ ਮੰਨੀ ਜਾਵੇਗੀ।

# ਭਾਰਤ ਸਰਕਾਰ ਨੇ ਕਿਹਾ: ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਕੱਦ ਕਿਸੇ ਵੀ ਐਵਾਰਡ ਜਾਂ ਰੁਤਬੇ ਤੋਂ ਕਿਤੇ ਉਪਰ

ਨਵੀਂ ਦਿੱਲੀ, 17 ਮਾਰਚ, (ਪੋਸਟ ਬਿਊਰੋ)- ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵਰਗੇ ਮਹਾਨ ਆਜ਼ਾਦੀ ਘੁਲਾਟੀਆਂ ਨੂੰ 'ਸ਼ਹੀਦ' ਦਾ ਦਰਜਾ ਦੇਣ ਦੇ ਸੰਬੰਧ ਵਿੱਚ ਅੱਜ ਭਾਰਤ ਸਰਕਾਰ ਨੇ ਪਾਰਲੀਮੈਂਟ ਨੂੰ ਲਿਖਤੀ ਤੌਰ ਉੱਤੇ ਕਿਹਾ ਕਿ ਇਨ੍ਹਾਂ ਆਜ਼ਾਦੀ ਘੁਲਾਟੀਆਂ ਦਾ ਰੁਤਬਾ ਕਿਸੇ ਵੀ ਐਵਾਰਡ ਜਾਂ ਟਾਈਟਲ ਜਾਂ ਦਰਜੇ ਤੋਂ ਉੱਪਰ ਹੈ।

ਪੱਛਮੀ ਬੰਗਾਲ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਜਯੋਤਿਰਮੋਏ ਸਿੰਘ ਮਹਤੋ ਦੇ ਸਵਾਲ ਦੇ ਲਿਖਤੀ ਜਵਾਬ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਕਿਹਾ ਕਿ ਇਹ ਦੇਸ਼ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ ਹਮੇਸ਼ਾ ਸ਼ੁਕਰਗੁਜ਼ਾਰ ਰਹੇਗਾ, ਜਿਨ੍ਹਾਂ ਨੇ ਭਾਰਤ ਦੇ ਭਵਿੱਖ ਦੀ ਬਿਹਤਰੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੇ ਸਰਕਾਰ ਵੱਲੋਂ ਕਿਹਾ ਕਿ ਆਜ਼ਾਦੀ ਸੰਗਰਾਮ ਦੇ ਦੌਰਾਨ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਸਮੇਤ ਇਸ ਸੰਗਰਾਮ ਵਿਚ ਜਾਨਾਂ ਵਾਰਨ ਵਾਲੇ ਨਾਇਕ ਭਾਰਤ ਦੀ ਆਜ਼ਾਦੀ ਲਈ ਸ਼ਹੀਦ ਹੋਏ ਹਨ, ਇਨ੍ਹਾਂ ਦੀ ਸ਼ਹਾਦਤ ਅਤੇ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਆਜ਼ਾਦੀ ਦੀ ਲੜਾਈ ਦੇ ਸਫ਼ਰ ਦਾ ਅਨਿੱਖੜਵਾਂ ਅੰਗ ਹੈ ਅਤੇ ਇਹ ਸਾਡੇ ਇਤਿਹਾਸ ਦਾ ਇੱਕ ਮਾਣਮੱਤਾ ਚੈਪਟਰ ਹੈ।



ਭਾਜਪਾ ਪਾਰਲੀਮੈਂਟ ਮੈਂਬਰ ਜਯੋਤਿਰਮੋਏ ਸਿੰਘ ਮਹਿਤੋ ਨੇ ਲਿਖਤੀ ਤੌਰ ਉੱਤੇ ਪੁੱਛਿਆ ਸੀ ਕਿ ਕੀ ਸਰਕਾਰ ਨੇ ਆਜ਼ਾਦੀ ਸੰਗਰਾਮ ਵਿੱਚ ਜਾਨਾਂ ਵਾਰਨ ਵਾਲੇ ਨਾਇਕਾਂ ਨੂੰ 'ਸ਼ਹੀਦ' ਦਾ ਦਰਜਾ ਦਿੱਤਾ ਹੈ ਤੇ ਕੀ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਵਰਗੇ ਆਜ਼ਾਦੀ ਘੁਲਾਟੀਆਂ ਨੂੰ ਵੀ 'ਸ਼ਹੀਦ' ਦਾ ਦਰਜਾ ਦਿੱਤਾ ਗਿਆ ਹੈ? ਮਹਿਤੋ ਨੇ ਪੁੱਛਿਆ ਕਿ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ 'ਸ਼ਹੀਦ' ਦਾ ਦਰਜਾ ਜਾਂ'ਭਾਰਤ ਰਤਨ' ਦਾ ਐਵਾਰਡ ਦੇਣ ਦੀ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮੰਗਬਾਰੇ ਸਰਕਾਰ ਦਾ ਕੀ ਜਵਾਬ ਹੈ? ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੇ ਜਵਾਬ ਵਿਚਦੱਸਿਆ ਕਿ 'ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਸਾਡੀ ਆਜ਼ਾਦੀ ਦੇ ਸਰਬ ਉੱਚ ਰਾਸ਼ਟਰੀ ਉਦੇਸ਼ ਵਿੱਚ ਇੱਕ ਤੱਥ ਹੈ ਤੇ ਇਹ ਸਰਕਾਰੀ ਰਿਕਾਰਡਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਜਾਂ ਗੈਰਹਾਜ਼ਰੀ ਉੱਤੇ ਨਿਰਭਰ ਨਹੀਂ ਕਰਦਾ, ਉਨ੍ਹਾਂ ਦਾ ਨਾਮ ਭਾਰਤੀ ਇਤਿਹਾਸ ਦੇ ਪੰਨਿਆਂ ਵਿੱਚ ਹਮੇਸ਼ਾ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਨੂੰ ਸਰਕਾਰ ਅਤੇ ਸਮੁੱਚਾ ਦੇਸ਼ ਮੰਨਦਾ ਹੈ।' ਕੇਂਦਰੀ ਗ੍ਰਹਿ ਰਾਜ ਮੰਤਰੀ ਨੇ ਕਿਹਾ ਕਿ ਸੱਭਿਆਚਾਰਕ ਮੰਤਰਾਲੇ ਵੱਲੋਂਛਾਪੀ ਗਈ 1857 ਤੋਂ 1947 ਤੱਕ ਦੇ ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਸ਼ਹੀਦਾਂ ਦੀ ਡਿਕਸ਼ਨਰੀ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਸਮੇਤ ਸਾਰੇ ਆਜ਼ਾਦੀ ਘੁਲਾਟੀਆਂ ਦੇ ਨਾਂ ਸ਼ਾਮਲ ਹਨ।






## ਅੱਜ ਨਾਮਾ

ਮੋਰਚਾ ਲੱਗੇ ਕਿਸਾਨ ਨੇ ਲਾਉਣ ਸੁਣਿਆ,
ਪਹਿਲਾਂ ਜਿਹਾ ਨਾ ਰਿਹਾ ਇਤਫਾਕ ਬੇਲੀ।
ਲੜੀ ਸੀ ਜਿਨ੍ਹਾਂ ਬਈ ਚੋਣ ਅਸੈਂਬਲੀ ਦੀ,
ਮੁੜ ਪਏ ਛਾਣ ਨੇ ਰਾਹਾਂ ਦੀ ਖਾਕ ਬੇਲੀ।
ਓਨੀ ਦੇਰ ਤੱਕ ਦੂਜੇ ਕਈ ਗਏ ਵਿੱਟਰ,
ਰੁੱਸਦਾ ਜਿਵੇਂ ਕੋਈ ਨੇੜਲਾ ਸਾਕ ਬੇਲੀ।
ਜਾਣਾ ਦਿੱਲੀ ਵੱਲ ਮੋਰਚਾ ਲਾਉਣ ਜਿਨ੍ਹਾਂ,
ਦੂਸ਼ਣ ਲਾਉਂਦੇ ਉਹ ਪਏ ਬੇਬਾਕ ਬੇਲੀ।
ਮੁੱਕਰੀ ਵਾਅਦੇ ਤੋਂ ਕਹਿਣ ਸਰਕਾਰ ਸਾਰੇ,
ਉਸ ਨੂੰ ਆਖਦੇ ਅਕਲ ਸਿਖਾਉਣਗੇ ਉਹ।
ਵੱਖੋ-ਵੱਖ ਹੀ ਜਾਣਾ ਜਦ ਲਾਉਣ ਧਰਨਾ,
ਭਰੋਸਾ ਜਿੱਤ ਦਾ ਕਿਵੇਂ ਬੰਨ੍ਹਾਉਣਗੇ ਉਹ।

**ਤੀਸ ਮਾਰ ਖਾਂ**

# ਭਗਵੰਤ ਮਾਨ 23 ਮਾਰਚ ਨੂੰ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਕਰਨ ਦਾ ਵਟਸਐਪ ਨੰਬਰ ਜਾਰੀ ਕਰਨਗੇ

### * ਪੁਲਿਸ ਪ੍ਰਸ਼ਾਸਨ ਨੂੰ ਲੋਕਾਂ ਦੇ ਸੇਵਕ ਵਜੋਂ ਫਰਜ਼ ਨਿਭਾਉਣ ਨੂੰ ਕਿਹਾ

ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਹੁਦਾ ਸੰਭਾਲਦੇ ਸਾਰ ਰਫਤਾਰ ਫੜਨ ਦਾ ਸੰਕੇਤ ਦਿੱਤਾ ਹੈ। ਉਨ੍ਹਾਂ ਨੇ ਮੁੱਢਲੇ ਕਦਮ ਵਜੋਂ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਵੱਡਾ ਐਲਾਨ ਕੀਤਾ ਹੈ ਕਿ ਇਸ ਰਾਜ ਵਿੱਚ 23 ਮਾਰਚ ਨੂੰ ਐਂਟੀ ਕੁਰੱਪਸ਼ਨ ਹੌਟਲਾਈਨ ਸ਼ੁਰੂ ਕੀਤੀ ਜਾਵੇਗੀ।

ਇਸ ਕੁਰੱਪਸ਼ਨ ਵਿਰੋਧੀ ਹੈਲਪਲਾਈਨ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਉੱਤੇ ਮਿਲੀਆਂ ਸਭ ਸ਼ਿਕਾਇਤਾਂ ਸਿੱਧਾ ਮੁੱਖ ਮੰਤਰੀ ਤੱਕ ਪੁੱਜਣਗੀਆਂ ਅਤੇ ਪੰਜਾਬ ਦੇ ਲੋਕ ਆਪਣੀਆਂ ਸਭ ਸ਼ਿਕਾਇਤਾਂ ਭੇਜ ਸਕਣਗੇ।ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਗੁੰਡਾਗਰਦੀ ਤੇ ਹਫ਼ਤਾ ਵਸੂਲੀ ਸਿਸਟਮ ਪੂਰੀ ਤਰ੍ਹਾਂ ਖ਼ਤਮ ਕੀਤਾ ਜਾਵੇਗਾ। ਜੇ ਕੋਈ ਅਫ਼ਸਰ ਕਿਤੋਂ ਹਫ਼ਤਾ ਵਸੂਲੀ ਕਰੇਗਾ ਤਾਂ ਤੁਰੰਤ ਕਾਰਵਾਈ ਹੋਵੇਗੀ। ਭਗਵੰਤ ਮਾਨ ਨੇ ਕਿਹਾ ਕਿ 99 ਫੀਸਦੀ ਲੋਕ ਇਮਾਨਦਾਰ ਹਨ, ਪਰ ਜਿਹੜੇ 1 ਫੀਸਦੀ ਬੇਈਮਾਨ ਹਨ, ਉਨ੍ਹਾਂ ਕਾਰਨ ਸਿਸਟਮ ਖ਼ਰਾਬ ਨਹੀਂ ਹੋਣ ਦਿਆਂਗੇ।

ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਸਾਂਭਣ ਪਿੱਛੋਂਆਪਣੇ ਪਹਿਲੀ ਮੀਟਿੰਗ ਵਿੱਚ ਮਾਨ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਸਾਨੂੰ ਸੇਵਾ ਦਾ ਮੌਕਾ ਦਿੱਤਾ ਹੈ, ਲੋਕਤੰਤਰ ਦੇ ਅਸਲ ਸ਼ਾਸਕ ਉਹੀ ਹਨ ਤੇ ਸਿਆਸਤਦਾਨਾਂ ਨੂੰ ਸੱਤਾ ਵਿੱਚ ਰੱਖਣ ਜਾਂ ਬਾਹਰ ਦਾ ਰਸਤਾ ਦਿਖਾਉਣ ਦੀ ਤਾਕਤ ਇਨ੍ਹਾਂ ਹੱਥਹੈ। ਭਾਰਤੀ ਕ੍ਰਿਕਟ ਟੀਮ ਦੀ ਮਿਸਾਲ ਦੇ ਕੇ ਮਾਨ ਨੇ ਕਿਹਾ, "ਮੈਚ ਦੀ ਜਿੱਤ ਹੋਵੇ ਜਾਂ ਹਾਰ, ਟੀਮ ਦਾ ਜਜ਼ਬਾ ਸਭ ਤੋਂ ਵੱਧ ਮਾਅਨੇ ਰੱਖਦਾ ਹੈ।" ਉਨ੍ਹਾਂ ਨੇ ਪੰਜਾਬ ਨੂੰ ਮੋਹਰੀ ਰਾਜ ਬਣਾਉਣ ਲਈ ਅਫਸਰਾਂ ਨੂੰ ਟੀਮ ਦੀ ਭਾਵਨਾ ਨਾਲ ਕੰਮ ਕਰਨ ਦੀ ਅਪੀਲ ਕੀਤੀ, ਕਿਉਂਕਿ ਉਨ੍ਹਾਂ ਦਾਇਸ ਵੇਲੇ ਸਾਰਾ ਸਰੋਕਾਰ ਪੰਜਾਬ ਨੂੰ ਕੈਲੇਫੋਰਨੀਆ ਜਾਂ ਪੈਰਿਸ ਬਣਾਉਣਾ ਨਹੀਂ, ਅਸਲ ਪੰਜਾਬ ਬਣਾਉਣਾ ਹੈ।"ਸਿਵਲ ਤੇ ਪੁਲਿਸ ਅਫਸਰਾਂ ਦੀ ਸਮਰੱਥਾ ਤੇ ਯੋਗਤਾ ਦੀ ਸ਼ਲਾਘਾ ਕਰ ਕੇ ਮਾਨ ਨੇ ਕਿਹਾ, "ਮੈਂ ਤੁਹਾਥੋਂ ਆਸ ਕਰਦਾ ਹਾਂ ਕਿ ਲੋਕਾਂ ਦਾ ਸਤਿਕਾਰ ਕਰੋ ਤੇ ਬਦਲੇ ਵਿਚ ਅਸੀਂ ਤਹਾਨੂੰ ਲੋਕ ਸੇਵਕ ਵਜੋਂ ਸਹੀ ਅਰਥਾਂ ਵਿੱਚ ਕਾਰਗੁਜ਼ਾਰੀ ਲਈ ਬਣਦਾਸਤਿਕਾਰ ਦਿਆਂਗੇ।"



ਬਿਨਾਂ ਕਿਸੇ ਸੰਕੋਚ ਤੋਂਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ,"ਮੇਰੀ ਸਰਕਾਰ ਵਿੱਚ ਭ੍ਰਿਸ਼ਟ ਅਫਸਰਾਂ ਦੀ ਕੋਈ ਥਾਂ ਨਹੀਂ ਤੇ ਜੇ ਕੋਈ ਸ਼ਿਕਾਇਤ ਮੇਰੇ ਕੋਲ ਆਈ ਤਾਂ ਏਦਾਂ ਦੇ ਅਫਸਰ ਹਮਦਰਦੀ ਦੀ ਝਾਕ ਨਾ ਰੱਖਣ।" ਭ੍ਰਿਸ਼ਟਾਚਾਰ ਮੁਕਤ ਸਰਕਾਰ ਨੂੰ ਯਕੀਨੀ ਕਰਨ ਲਈ ਉਨ੍ਹਾ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਇਸ 23 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਨ ਮੌਕੇ ਇੱਕ ਵਟਸਐਪ ਨੰਬਰ ਸ਼ੁਰੂ ਕਰੇਗੀ ਤਾਂ ਜੋ ਲੋਕਾਂ ਵੱਲੋਂ ਰੋਜ਼ ਦੇ ਕੰਮਾਂ ਲਈ ਰਿਸ਼ਵਤ ਮੰਗਦੇ ਭ੍ਰਿਸ਼ਟ ਅਫਸਰਾਂ ਜਾਂ ਹੋਰ ਗਲਤ ਕੰਮਾਂ ਵਿੱਚ ਸ਼ਾਮਲ ਅਫਸਰਾਂ ਦੀਆਂ ਵੀਡੀਓਜ਼ ਅਪਲੋਡ ਕੀਤੀਆਂ ਜਾ ਸਕਣ ਅਤੇ ਅਜਿਹੇ ਗਲਤ ਅਧਿਕਾਰੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾ ਸਕੇ।

# ਸੁਖਬੀਰ ਬਾਦਲ ਵੱਲੋਂ ਚੋਣਾਂ ਵਿੱਚ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈ ਕੇ ਅਸਤੀਫੇ ਦੀ ਪੇਸ਼ਕਸ਼

### * ਜ਼ਿਲ੍ਹਾ ਪ੍ਰਧਾਨਾਂ ਵੱਲੋਂ ਸੁਖਬੀਰ ਦਾ ਅਸਤੀਫਾ ਰੱਦ
### * ਮਨਪ੍ਰੀਤ ਇਯਾਲੀ ਅਕਾਲੀ ਵਿਧਾਇਕ ਦਲ ਦੇ ਨੇਤਾ ਬਣੇ



ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਦੀ ਕਰਾਰੀ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਫਿਰ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੀ ਹੈ, ਪਰ ਇਸ ਨੂੰ ਪਾਰਟੀ ਸਾਰੇ ਜ਼ਿਲ੍ਹਾ ਪ੍ਰਧਾਨਾਂ ਨੇ ਸਪਸ਼ਟ ਸ਼ਬਦਾਂ ਵਿੱਚ ਰੱਦ ਕਰ ਦਿੱਤਾ ਹੈ।

ਵਰਣਨ ਯੋਗ ਹੈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੱਲ੍ਹ ਅਤੇ ਅੱਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਸੀਨੀਅਰ ਲੀਡਰਸ਼ਿਪ ਨਾਲ ਬੈਠਕਾਂ ਕੀਤੀਆਂ ਤਾਂ ਇਸ ਮੌਕੇ ਕਿਹਾ ਕਿ ਪਾਰਟੀ ਅਤੇ ਇਸਦੀ ਭਲਾਈ ਉਨ੍ਹਾਂ ਲਈ ਸਭ ਤੋਂ ਉੱਤੇ ਹੈ।ਉਨ੍ਹਾਂ ਕਿਹਾ ਕਿ ਮੈਂ ਹਮੇਸ਼ਾ ਆਪਣੇ ਵੱਲੋਂ ਪਾਰਟੀ ਦੇ ਬੇਹਤਰ ਹਿੱਤਾਂ ਲਈ ਕੰਮ ਕੀਤਾ ਹੈ, ਫਿਰ ਵੀ ਮੈਂ ਪਾਰਟੀ ਦੀ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਾ ਤੇ ਅਸਤੀਫਾ ਦੇਣ ਲਈ ਤਿਆਰ ਹਾਂ। ਇਸ ਦੇ ਜਵਾਬ ਵਿੱਚ ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਦੀ ਇਹ ਪੇਸ਼ਕਸ਼ ਰੱਦ ਕਰ ਦਿੱਤੀ ਤੇ ਕਈ ਜ਼ਿਲ੍ਹਾ ਪ੍ਰਧਾਨਾਂ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਸਖ਼ਤ ਮਿਹਨਤ ਤੇ ਜ਼ੋਰਦਾਰ ਚੋਣ ਮੁਹਿੰਮ ਦੀ ਗੱਲਆਖੀ। ਇਸ ਮੌਕੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਉੱਤੇ ਭਰੋਸਾ ਪ੍ਰਗਟ ਕੀਤਾ ਗਿਆ।ਇਨ੍ਹਾਂਆਗੂਆਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਨਾ ਸਿਰਫ ਅੱਗੇ ਹੋ ਕੇ ਪਾਰਟੀ ਦੀ ਅਗਵਾਈ ਕੀਤੀ, ਸਗੋਂ ਪਾਰਟੀ ਲੀਡਰਾਂਅਤੇ ਪਾਰਟੀ ਕੇਡਰ ਨੂੰ ਪਾਰਟੀ ਲਈ ਸਖ਼ਤ ਮਿਹਨਤ ਲਈ ਪ੍ਰੇਰਿਆ ਸੀ।ਆਗੂਆਂ ਨੇ ਕਿਹਾ ਕਿ ਨਤੀਜੇ ਆਸ ਮੁਤਾਬਕ ਨਹੀਂ ਆਏ ਤਾਂ ਪ੍ਰਧਾਨ ਦਾ ਕਸੂਰ ਨਹੀਂ, ਲੋਕਾਂ ਨੇ ਬਦਲਾਅ ਵਾਸਤੇ ਵੋਟਾਂ ਪਾਈਆਂ ਤੇ ਸਮੁੱਚੀ ਵਿਰੋਧੀ ਧਿਰ ਇੱਕ ਤਰ੍ਹਾਂ ਸੁਨਾਮੀ ਵਿਚ ਰੁੜ੍ਹ ਗਈ ਹੈ।

ਅੱਜ ਦੀ ਮੀਟਿੰਗ ਵਿਚ ਫੀਡਬੈਕ ਦਿੰਦਿਆਂ ਅਕਾਲੀ ਆਗੂਆਂ ਨੇ ਦੱਸਿਆ ਕਿ ਕਈ ਥਾਂ ਵੋਟਰਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਾ ਨਾਂ ਤੱਕ ਨਹੀਂ ਪਤਾ ਸੀ,ਉਨ੍ਹਾਂ ਫਿਰ ਵੀ ਉਸ ਪਾਰਟੀ ਨੂੰ ਵੋਟਾਂ ਪਾਈਆਂ। ਇਨ੍ਹਾਂਆਗੂਆਂ ਨੇ ਕਿਹਾ ਕਿ ਸਭ ਖਤਮ ਨਹੀਂ ਹੋ ਗਿਆ, ਅਕਾਲੀ ਦਲ ਵਿੱਚ ਫਰਸ਼ ਤੋਂ ਅਰਸ਼ ਉੱਤੇ ਪੁੱਜਣ ਦੀ ਯੋਗਤਾ ਤੇ ਸਮਰੱਥਾ ਹੈ ਤੇ ਇਸ ਵਾਸਤੇ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੀ ਅਗਵਾਈ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਕਾਰਨ ਲੋਕ ਵੋਟਾਂ ਪਾਉਣਾ ਚਾਹੁੰਦੇ ਸਨ, ਪਰ ਆਖਰੀ ਸਮੇਂ ਬਦਲਾਅ ਦੀ ਆਵਾਜ਼ ਵਿਚ ਵਹਿ ਗਏ।

ਇਸ ਦੌਰਾਨ ਪੰਜਾਬ ਵਿਧਾਨ ਸਭਾ ਵਿਚ ਅਕਾਲੀ ਵਿਧਾਨਕਾਰ ਪਾਰਟੀ ਵੱਲੋਂਦਿੱਤੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਨਪ੍ਰੀਤ ਸਿੰਘ ਇਯਾਲੀ ਨੂੰ ਅਕਾਲੀ ਵਿਧਾਇਕ ਦਲ ਦਾ ਨੇਤਾ ਅਤੇ ਡਾ. ਸੁਖਵਿੰਦਰ ਕੁਮਾਰ ਨੂੰ ਚੀਫ ਵ੍ਹਿਪ ਨਿਯੁਕਤ ਕੀਤਾ ਹੈ। ਮਨਪ੍ਰੀਤ ਸਿੰਘ ਇਯਾਲੀ ਦਾਖਾ ਹਲਕੇ ਤੋਂਲਗਾਤਾਰ ਤੀਸਰੀ ਵਾਰ ਅਤੇ ਡਾ. ਸੁਖਵਿੰਦਰ ਕੁਮਾਰ ਦੂਸਰੀ ਵਾਰ ਬੰਗਾ ਹਲਕੇ ਤੋਂ ਵਿਧਾਇਕ ਬਣੇ ਹਨ।

# ਪੰਜਾਬ ਵਿਧਾਨ ਸਭਾ: ਵਿਧਾਇਕਾਂ ਵੱਲੋਂ ਸਹੁੰ ਚੁੱਕਣ ਦੇ ਦੌਰਾਨ ਬੋਲੇ ਸੋ ਨਿਹਾਲ, ਇਨਕਲਾਬ ਜ਼ਿੰਦਾਬਾਦ ਅਤੇ ਜੈ ਭੀਮ ਗੂੰਜਦੇ ਰਹੇ

ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਨਵੀਂ ਚੁਣੀ ਪੰਜਾਬ ਵਿਧਾਨ ਸਭਾ ਦਾ ਪਲੇਠਾ ਸੈਸ਼ਨ ਅੱਜ ਵੀਰਵਾਰ ਨੂੰ ਸ਼ੁਰੂ ਹੁੰਦੇ ਸਾਰ ਕਈ ਰੰਗਾਂ ਵਿਚ ਰੰਗਿਆ ਗਿਆ।ਸਾਲ 2017 ਵਿੱਚ 20 ਵਿਧਾਇਕਾਂ ਨਾਲਪਹਿਲੀ ਵਾਰ ਸਦਨ ਵਿਚ ਪੁੱਜਣ ਵਾਲੀ ਆਮ ਆਦਮੀ ਪਾਰਟੀ ਇਸ ਵਾਰ 92 ਵਿਧਾਇਕਾਂ ਨਾਲ ਸਦਨ ਵਿੱਚ ਪੁੱਜੀ ਹੈ। ਇਸ ਮੌਕੇਸਦਨ ਵਿਚ ਹੁਕਮਰਾਨ ਧਿਰ ਵੱਲ ਮੇਲੇ ਵਾਲਾ ਮਾਹੌਲ ਸੀ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਮੇਤਹਾਕਮ ਧਿਰ ਦੇ ਬਹੁਤੇ ਵਿਧਾਇਕ ਬਸੰਤੀ ਰੰਗ ਦੀ ਪੱਗ ਬੰਨ੍ਹ ਕੇ ਆਏ ਸਨ ਪਹਿਲੀ ਵਾਰ ਵਿਧਾਨ ਸਭਾ ਪੁੱਜੇ ਤਿੰਨ ਦਰਜਨ ਤੋਂ ਵੱਧ ਵਿਧਾਇਕ ਵਿਧਾਨ ਸਭਾ ਦੀ ਇਮਾਰਤ ਦੇਖ ਕੇ ਹੱਕੇ-ਬੱਕੇ ਹੋ ਰਹੇ ਸਨ। ਸਹੁੰ ਚੁੱਕਣ ਮੌਕੇ ਵਿਧਾਨ ਸਭਾ ਅੰਦਰ ਇਨਕਲਾਬ ਜ਼ਿੰਦਾਬਾਦ, ਜੈ ਭੀਮ ਜੈ ਭਾਰਤ, ਜੈ ਹਿੰਦ ਦੇ ਨਾਅਰਿਆਂ ਅਤੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਲਗਾਤਾਰ ਪੈਂਦੀ ਰਹੀ।



ਇਸ ਪਹਿਲੇ ਸੈਸ਼ਨ ਦੇ ਪਹਿਲੇ ਦਿਨ ਪ੍ਰੋ-ਟੈਮ ਸਪੀਕਰ ਡਾ. ਇੰਦਰਬੀਰ ਸਿੰਘ ਨਿੱਝਰ ਨੇ ਚੁਣੇ ਹੋਏ ਵਿਧਾਇਕਾਂ ਨੂੰ ਸਹੁੰ ਚੁਕਾਈ। ਸਭ ਤੋਂ ਪਹਿਲਾਂ ਸਦਨ ਦੇ ਮੁਖੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬੀ ਵਿਚ ਸਹੁੰ ਚੁੱਕੀ ਅਤੇ ਇਨ-ਕਲਾਬ ਦਾ ਨਾਅਰਾ ਲਾਇਆ। ਇਸ ਪਿੱਛੋਂ ਮਹਿਲਾ ਵਿਧਾਇਕਾਂ ਨੂੰ ਸਹੁੰ ਚੁਕਾਉਣ ਮਗਰੋਂ ਜ਼ਿਲ੍ਹਿਆਂਅਨੁਸਾਰ ਮੈਂਬਰਾਂ ਨੂੰ ਸਹੁੰ ਚੁਕਾਈ ਗਈ। ਬਹੁਤੇ ਮੈਂਬਰਾਂ ਨੇ ਮਾਂ ਬੋਲੀ ਪੰਜਾਬੀ ਵਿੱਚ ਸਹੁੰ ਚੁੱਕੀ, ਜਦਕਿ ਤਿੰਨ ਮੈਂਬਰਾਂ ਨੇ ਹਿੰਦੀ ਅਤੇ ਇੱਕ ਨੇ ਉਰਦੂਦੀ ਵਰਤੋਂ ਕੀਤੀ। ਮਲੇਰਕੋਟਲਾ ਤੋਂ ਵਿਧਾਇਕ ਮੁਹੰਮਦ ਜ਼ਮੀਲ ਉਰ ਰਹਿਮਾਨ ਨੇ ਉਰਦੂ ਵਿੱਚ ਸਹੁੰ ਚੁੱਕੀ ਅਤੇ ਜਲੰਧਰ ਕੇਂਦਰੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ, ਜਲੰਧਰ ਪੱਛਮੀ ਤੋਂ ਸ਼ੀਤਲ ਅੰਗੁਰਾਲ ਤੇ ਅਬੋਹਰ ਤੋਂ ਕਾਂਗਰਸ ਵਿਧਾਇਕ ਸੰਦੀਪ ਜਾਖੜ ਨੇ ਹਿੰਦੀ ਵਿਚ ਸਹੁੰ ਚੁੱਕੀ।ਲੁਧਿਆਣਾ ਦੇ ਆਤਮ ਨਗਰ ਹਲਕੇ ਤੋਂ ਜਿੱਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਪੰਜਾਬੀਵਿੱਚ ਲਿਖੀ ਸਹੁੰ ਵੀ ਨਾ ਪੜ੍ਹ ਸਕੇ।ਉਹ ਸਪੀਕਰ ਤੋਂ ਪਹਿਲਾਂ ਬੋਲਣ ਲੱਗ ਪਏ ਤਾਂ ਸਪੀਕਰ ਨੇ ਟੋਕ ਕੇ ਆਪਣੇਪਿੱਛੋਂ ਬੋਲਣ ਨੂੰ ਕਿਹਾ।ਫਿਰ ਉਹਪੰਜਾਬੀਵਿੱਚ ਲਿਖੀ ਸਹੁੰ ਵੀ ਨਾ ਪੜ੍ਹ ਸਕੇ ਤਾਂ ਸਪੀਕਰ ਨੇ ਆਪਣੇ ਪਿੱਛੇ ਬੋਲਣ ਲਈ ਕਿਹਾ।ਅੱਗੇ-ਅੱਗੇ ਸਪੀਕਰ ਬੋਲਦੇ ਗਏ ਤੇ ਕੁਲਵੰਤ ਸਿੰਘ ਸਿੱਧੂ ਉਨ੍ਹਾ ਦੇ ਪਿੱਛੇ ਬੋਲਦੇ ਗਏ।

ਅੱਜ ਪਹਿਲੇ ਦਿਨ ਕਈ ਵਿਧਾਇਕ ਵੱਡੀਆਂ ਮਹਿੰਗੀਆਂ ਕਾਰਾਂ ਵਿੱਚ ਵਿਧਾਨ ਪੁੱਜੇ, ਪਰ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਉਰਫ ਦੇਵ ਮਾਨ ਨਾਭਾ ਤੋਂ ਵਿਧਾਨ ਸਭਾ ਤਕ 90 ਕਿਲੋਮੀਟਰ ਸਫ਼ਰ ਸਾਈਕਲ ਉੱਤੇ ਕਰਕੇ ਪੁੱਜੇ। ਦੇਵ ਮਾਨ ਨੇ ਕਿਹਾ ਕਿ ਉਹ ਸਵੇਰੇ ਛੇ ਵਜੇ ਘਰੋਂ ਚੱਲੇ ਅਤੇ ਦਸ ਵਜੇ ਚੰਡੀਗੜ੍ਹ ਪੁੱਜ ਗਏ। ਉਨ੍ਹਾਂ ਕਿਹਾ ਕਿ ਉਹ ਰੋਜ਼ ਸਾਈਕਲ ਚਲਾਉਂਦੇ ਹਨ ਅਤੇ ਸਾਈਕਲ ਚਲਾਉਣਾ ਔਖਾ ਨਹੀਂ ਲੱਗਾ। ਵਿਰੋਧੀ ਧਿਰ ਕਾਂਗਰਸ, ਅਕਾਲੀ ਦਲ, ਭਾਜਪਾ ਤੇ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਘੱਟ ਹੋਣ ਕਰਕੇ ਸਦਨ ਵਿਚ ਵਿਰੋਧੀ ਧਿਰ ਪਹਿਲੀਆਂ ਦੋ ਲਾਈਨਾਂ ਤੱਕ ਸਿਮਟ ਗਈ ਅਤੇ ਸਾਰਾ ਸਦਨ ਇੱਕੋ ਪਾਰਟੀ ਨਾਲ ਭਰਿਆ ਜਾਪਦਾ ਰਿਹਾ।

# ਸਾਈਕਲ 'ਤੇ ਪਹੁੰਚੇ ਵਿਧਾਇਕ



ਅੱਜ ਪਹਿਲੇ ਦਿਨ ਕਈ ਵਿਧਾਇਕ ਵੱਡੀਆਂ ਮਹਿੰਗੀਆਂ ਕਾਰਾਂ ਵਿੱਚ ਵਿਧਾਨ ਪੁੱਜੇ, ਪਰ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਉਰਫ ਦੇਵ ਮਾਨ ਨਾਭਾ ਤੋਂ ਵਿਧਾਨ ਸਭਾ ਤਕ 90 ਕਿਲੋਮੀਟਰ ਸਫ਼ਰ ਸਾਈਕਲ ਉੱਤੇ ਕਰਕੇ ਪੁੱਜੇ। ਦੇਵ ਮਾਨ ਨੇ ਕਿਹਾ ਕਿ ਉਹ ਸਵੇਰੇ ਛੇ ਵਜੇ ਘਰੋਂ ਚੱਲੇ ਅਤੇ ਦਸ ਵਜੇ ਚੰਡੀਗੜ੍ਹ ਪੁੱਜ ਗਏ। ਉਨ੍ਹਾਂ ਕਿਹਾ ਕਿ ਉਹ ਰੋਜ਼ ਸਾਈਕਲ ਚਲਾਉਂਦੇ ਹਨ ਅਤੇ ਸਾਈਕਲ ਚਲਾਉਣਾ ਔਖਾ ਨਹੀਂ ਲੱਗਾ।

# ਮਨੋਹਰ ਲਾਲ ਖੱਟਰ ਨੇ ਕੇਜਰੀਵਾਲ ਤੋਂ ਐੱਸ ਵਾਈ ਐੱਲ ਨਹਿਰ ਲਈ ਪਾਣੀ ਮੰਗਿਆ

ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਸਾਰ ਹਰਿਆਣਾ ਨੇ ਐੱਸ ਵਾਈ ਐੱਲ (ਸਤਲੁਜ ਯਮਨਾ ਲਿੰਕ) ਨਹਿਰ ਦੇ ਪਾਣੀ ਉੱਤੇ ਦਾਅਵਾ ਪੇਸ਼ ਕਰ ਦਿੱਤਾ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰਨਨੇ ਕਿਹਾ ਹੈ ਕਿ ਪੰਜਾਬ ਦੀ ਨਵੀਂ ਸਰਕਾਰ ਦੀ ਦੋਹਰੀ ਜਵਾਬਦੇਹੀ ਹੈ, ਅਸੀਂ ਪੰਜਾਬ ਤੋਂ ਪਾਣੀ ਲੈਣਾ ਅਤੇ ਦਿੱਲੀ ਨੂੰ ਦੇਣਾ ਹੈ, ਇਸ ਲਈ ਐੱਸਵਾਈਐੱਲ ਨਹਿਰ ਲਈ ਪਾਣੀ ਦੇਣ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਜਵਾਬਦੇਹੀ ਵੱਧ ਹੈ ਕਿ ਦੋਵੇਂ ਰਾਜਾਂ ਦਿੱਲੀ ਤੇ ਪੰਜਾਬ ਵਿੱਚ ਇੱਕੋ ਪਾਰਟੀ ਦੀ ਸਰਕਾਰ ਹੈ।



ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਵੀਰਵਾਰ ਨੂੰ ਹਰਿਆਣਾ ਦੀ ਸਰਕਾਰ ਦੇ ਸੱਦੇ ਉੱਤੇ ਹਰਿਆਣਾ ਰਾਜ ਭਵਨ ਗਏ। ਹਰਿਆਣਾ ਦੇ ਗਵਰਨਰ ਬੰਗਾਰੂ ਦੱਤਾਤ੍ਰੇਅ ਨੇ ਰਾਜ ਭਵਨ ਵਿੱਚ ਹੋਲੀ ਮਿਲਨ ਸਮਾਗਮ ਕਰਾਇਆ ਸੀ, ਜਿੱਥੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੁੱਕੇ ਭੇਟ ਕਰ ਕੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਮੁੱਖ ਮਤਰੀ ਬਣਨ ਦੇ ਨਾਲ ਹੋਲੀ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਮਨੋਹਰ ਲਾਲ ਨੇ ਮਾਨ ਨੂੰ ਗੁਲਾਲ ਨਾਲ ਤਿਲਕ ਲਾਇਆ। ਮਨੋਹਰ ਲਾਲ ਖੱਟਰ ਨੇ ਇਸ ਮੌਕੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਦਿੱਲੀ ਅਤੇ ਪੰਜਾਬ ਵਿੱਚ ਵੱਖ-ਵੱਖਗੱਲਾਂ ਕਰਦੇ ਹਨ, ਪਰਦਿੱਲੀ ਦੀ ਹਰਿਆਣਾ ਨਾਲ ਤੁਲਨਾ ਨਹੀਂ ਹੋ ਸਕਦੀ।ਦਿੱਲੀਵਿੱਚ ਲਗਪਗ 1100 ਸਰਕਾਰੀ ਸਕੂਲ ਹੋਣਗੇ, ਹਰਿਆਣਾਵਿੱਚ 15 ਹਜ਼ਾਰ ਸਰਕਾਰੀ ਸਕੂਲ ਹਨ।

# ਕਰਤਾਰਪੁਰ ਸਾਹਿਬ ਹੋ ਰਿਹਾ 'ਜਸ਼ਨ-ਏ-ਬਹਾਰਾਂ' ਸਮਾਗਮ ਵਿਵਾਦਾਂ ਵਿੱਚ ਘਿਰਿਆ

### * ਭਾਜਪਾ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਵੱਲੋਂ ਵਿਰੋਧ

ਅੰਮ੍ਰਿਤਸਰ, 17 ਮਾਰਚ, (ਪੋਸਟ ਬਿਊਰੋ)- ਸਿੱਖਾਂ ਦੇ ਵਿਸ਼ਵ ਪ੍ਰਸਿੱਧ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨਾਰੋਵਾਲ ਵਿਖੇ ਪਾਕਿਸਤਾਨ ਸਰਕਾਰ ਵੱਲੋਂ'ਜਸ਼ਨ-ਏ-ਬਹਾਰਾਂ' ਸਮਾਗਮ ਕਰਨ ਨੂੰ ਸਿੱਖ ਰਹੁ-ਰੀਤਾਂ ਦੇ ਉਲਟ ਦੱਸ ਕੇ ਭਾਜਪਾ ਆਗੂ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਪਾਕਿਸਤਾਨ ਸਰਕਾਰ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਵਾਰ-ਵਾਰ ਖਿਲਵਾੜ ਨਾ ਕਰਨ ਲਈ ਕਿਹਾ ਹੈ।

ਪ੍ਰੋਫੈਸਰ ਸਰਚਾਂਦ ਸਿੰਘ ਨੇ ਕਿਹਾ ਕਿ ਇਸ ਮੇਲੇ ਕਾਰਨ ਮਰਿਆਦਾ ਦਾ ਵਿਘਨ ਪੈਣ ਵਾਲੀ ਸਥਿਤੀ ਸਿੱਖ ਸੰਗਤ ਤੇ ਵਿਰਾਸਤ ਪ੍ਰੇਮੀਆਂ ਲਈ ਅਸਹਿ ਹੋਵੇਗੀ।



ਵਰਣਣ ਯੋਗ ਹੈ ਕਿ ਆਮਦਨੀ ਵਧਾਉਣ ਦੀ ਸੋਚ ਨਾਲ ਪਾਕਿ ਸਰਕਾਰ ਨੇਆਪਣੇ ਨਾਗਰਿਕਾਂ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵੱਲ ਆਕਰਸ਼ਿਤ ਕਰਨ ਤੇ ਪਾਕਿਸਤਾਨ ਦਿਵਸ ਮਨਾਉਣ ਲਈ ਬਸੰਤ ਰੁੱਤ ਦੀ ਆਮਦ ਉੱਤੇ ਸ੍ਰੀ ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਕੰਪਲੈਕਸ ਵਿੱਚ 23 ਤੋਂ 27 ਮਾਰਚ ਤਕ ਪ੍ਰੋਗਰਾਮ ਕਰਾਉਣੇ ਹਨ, ਜਿੱਥੇ ਸੂਫ਼ੀ ਮਿਊਜ਼ਿਕ ਸ਼ਾਮ, ਸਭਿਆਚਾਰਕ ਸ਼ੋਅ, ਫੈਮਲੀ ਫ਼ੈਸਟੀਵਲ ਅਤੇ ਫੂਡ ਸਟਰੀਟ ਵੀ ਸ਼ਾਮਲ ਹੋਣਗੇ। ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਇਸ ਦਾ ਰੂਹਾਨੀਅਤ ਨਾਲ ਕੋਈ ਸਰੋਕਾਰ ਨਹੀਂ, ਇਹ ਸਿੱਖ ਫ਼ਲਸਫ਼ੇ ਤੇ ਮਰਯਾਦਾਵਿੱਚ ਵਿਗਾੜ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦੇ ਹਦੂਦ ਵਿੱਚ ਨਾਚ-ਗਾਣੇ ਦੇ ਅਖਾੜਿਆਂ ਦੀ ਕੋਈ ਥਾਂ ਨਹੀਂ, ਕੀਰਤਨ, ਕਥਾ ਵਿਖਿਆਨ ਨਾਲ ਰੱਬੀ ਉਸਤਤ ਤੇ ਢਾਡੀ, ਕਵੀਸ਼ਰੀ ਨਾਲ ਗੁਰੂ ਤੇ ਸਿੱਖ ਇਤਿਹਾਸ ਦੀ ਸੋਝੀ ਕਰਾਉਣ ਅਤੇ ਜੱਸ ਗਾਉਣ ਦੀ ਰਵਾਇਤ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮਵਿੱਚ ਗੁਰਦੁਆਰਾ 'ਗੁਰੂਘਰ' ਹੈ, ਜਿਸ ਦੀ ਸਥਾਪਨਾ ਧਰਮਸ਼ਾਲਾ ਵਜੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਤੇ ਇਹ ਸਿੱਖੀ ਪ੍ਰਚਾਰ ਦੇ ਕੇਂਦਰ ਹਨ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀਵਿੱਚਨਿੱਜ ਨੂੰ ਗੁਰੂ ਆਸ਼ੇ ਅਨੁਸਾਰ ਢਾਲਿਆ ਜਾਂਦਾ ਅਤੇ ਸਿੱਖ ਸੰਗਤ ਤੇ ਜਿਗਿਆਸੂ ਨੂੰ ਗੁਰਮਤਿ ਅਤੇ ਆਤਮ ਜਿਗਿਆਸਾ ਹਾਸਲ ਹੁੰਦੇ ਹਨ।

ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਪਾਕਿਸਤਾਨ ਸਰਕਾਰ ਵੱਲੋਂ ਆਪਣੇ ਮੁਸਲਿਮ ਲੋਕਾਂ ਲਈ ਕਰਤਾਰਪੁਰ ਸਾਹਿਬ ਦਾਖ਼ਲੇ ਦੀ 200 ਰੁਪਏ ਫੀਸ ਦੋ ਗੁਣਾ ਵਧਾ ਕੇ 400 ਰੁਪਏ ਵਸੂਲਣ ਦੀ ਵੀ ਅਲੋਚਨਾ ਕੀਤੀ ਅਤੇ ਦੋਸ਼ ਲਾਇਆ ਕਿ ਇੱਕ ਪਾਸੇ ਦਾਖ਼ਲਾ ਫ਼ੀਸਵਿੱਚ ਬੇਲੋੜਾ ਵਾਧਾ ਕੀਤਾ ਅਤੇ ਦੂਸਰੇ ਪਾਸੇ ਸੰਭਾਲ ਦੀ ਕਮੀ ਕਾਰਨ ਗੁਰਦੁਆਰਾ ਸਾਹਿਬ ਦੇ ਸੰਗਮਰਮਰੀ ਫ਼ਰਸ਼ ਤੋਂ ਤਿਲਕਣ ਨਾਲ ਰੋਜ਼ ਸ਼ਰਧਾਲੂਆਂ ਨੂੰ ਸੱਟਾਂ ਲੱਗ ਰਹੀਆਂ ਹਨ।

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਜੇ ਕੈਨੇਡੀਅਨ ਫੌਜ ਜੰਗ ਜੋਗੀ ਨਹੀਂ ਤਾਂ?

'ਕੈਨੇਡਾ ਇੱਕ ਮੱਧ ਵਰਗੀ ਤਾਕਤ ਹੈ ਅਤੇ ਸਾਡੀ ਤਾਕਤ ਡਿਪਲੋਮੇਸੀ ਆਯੋਜਿਤ ਕਰਨ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਹੈ ਕਿ ਹੋਰ ਦੇਸ਼ ਆਪਣਾ ਯੋਗਦਾਨ ਚੰਗੇ ਢੰਗ ਨਾਲ ਪਾਉਣ। ਕੈਨੇਡਾ ਕੋਲ ਨਿਊਕਲੀਅਰ ਸਮਰੱਥਾ ਨਹੀਂ ਹੈ ਅਤੇ ਅਸੀਂ ਮਿਲਟਰੀ ਸ਼ਕਤੀ ਵੀ ਨਹੀਂ ਹਾਂ'। ਇਹ ਸ਼ਬਦ ਕੈਨੇਡੀਅਨ ਵਿਦੇਸ਼ ਮੰਤਰੀ ਮੈਲਨੀ ਜੋਲੀ ਦੇ ਹਨ ਜੋ ਉਹਨਾਂ ਨੇ ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਦੇ ਸੰਦਰਭ ਵਿੱਚ 'ਸੀ ਟੀ ਵੀ' ਨੂੰ ਦਿੱਤੀ ਇੱਕ ਇੰਟਰਵਿਊ ਦੌਰਾਨ ਆਖੇ। ਮੈਲਨੀ ਜੋਲੀ ਦਾ ਕੈਨੇਡੀਅਨ ਮਿਲਟਰੀ ਸ਼ਕਤੀ ਨੂੰ ਮਹਿਜ਼ ਵਿਖਾਵੇ ਦੇ ਪੱਧਰ ਉੱਤੇ ਪੇਸ਼ ਕਰਨਾ ਜਿੱਥੇ ਦੇਸ਼ ਦੀ ਫੌਜ ਦੇ ਮਨੋਬਲ ਲਈ ਘਾਤਕ ਸਾਬਤ ਹੋ ਸਕਦਾ ਹੈ, ਉੱਥੇ ਕੈਨੇਡਾ ਦੇ ਨਾਟੋ ਅੰਦਰ ਰੋਲ ਬਾਰੇ ਵੀ ਸੁਆਲੀਆ ਚਿੰਨ ਖੜਾ ਕਰਦਾ ਹੈ। ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਕੈਨੇਡੀਅਨ ਅੰਤਰਰਾਸ਼ਟਰੀ ਪਾਲਸੀ ਨੂੰ ਵਿਦੇਸ਼ਾਂ ਵਿੱਚ ਲਾਗੂ ਕਰਨ ਲਈ ਜੁੰਮੇਵਾਰ ਵਜ਼ੀਰ ਆਪਣੇ ਰੋਲ ਬਾਰੇ ਕਿੰਨੀ ਕੁ ਗੰਭੀਰ ਹੈ?

ਬੀਤੇ ਦਿਨੀਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮਰ ਜ਼ੈਲੇਨਸਕਿਵ ਨੇ ਕੈਨੇਡੀਅਨ ਹਾਊਸ ਆਫ ਕਾਮਨਜ਼ ਨੂੰ ਸੰਬੋਧਨ ਕੀਤਾ ਸੀ ਜਿਸ ਦੌਰਾਨ ਯੂਕਰੇਨ ਵਿੱਚ ਰੂਸੀ ਹਮਲੇ ਦੀ ਗੰਭੀਰਤਾ ਨੂੰ ਸਮਝਾਉਣ ਲਈ ਉਸਨੇ ਇੱਕ ਪ੍ਰਤੀਬਿੰਬਤ ਗੱਲ (reflective statement) ਆਖੀ ਸੀ। ਉਸ ਨੇ ਕੈਨੇਡੀਅਨ ਪਾਰਲੀਮੈਂਟ ਨੂੰ ਸੁਆਲ ਕੀਤਾ ਕਿ ਜੇ ਕੱਲ ਨੂੰ ਰੂਸੀ ਫੌਜ 'ਸੀ ਐਨ' ਟਾਵਰ ਉੱਤੇ ਬੰਬ ਸੁੱਟੇ ਤਾਂ ਤੁਸੀਂ ਕੀ ਕਰੋਗੇ? ਇਸ ਕੌੜੇ ਸੁਆਲ ਬਾਰੇ ਪ੍ਰਤੀਕਰਮ ਦੇਂਦੇ ਹੋਏ ਜੋਲੀ ਮੈਲਨੀ ਦਾ ਆਖਣਾ ਸੀ ਕਿ ਕੈਨੇਡਾ ਕਿਹੜਾ ਕੋਈ ਮਿਲਟਰੀ ਸ਼ਕਤੀ ਹੈ? ਇਹੋ ਜਿਹੇ ਬਿਆਨ ਦੇਸ਼ ਦੇ ਹਿੱਤਾਂ ਦੀ ਪੂਰਤੀ ਨਹੀਂ ਸਗੋਂ ਨੁਕਸਾਨ ਕਰਦੇ ਹਨ? ਅਫਗਾਨਸਤਾਨ ਜੰਗ ਵਿੱਚ 158 ਕੈਨੇਡੀਅਨ ਫੌਜੀਆਂ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ। ਕੀ ਇਹਨਾਂ ਸ਼ਹੀਦਾਂ ਦੇ ਪਰਿਵਾਰਾਂ ਲਈ ਮੈਲਨੀ ਜੋਲੀ ਦਾ ਬਿਆਨ ਮਾਨਸਿਕ ਦੁੱਖ ਦੇਣ ਵਾਲਾ ਨਹੀਂ ਹੋਵੇਗਾ?

ਚੇਤੇ ਰੱਖਣ ਵਾਲੀ ਗੱਲ ਹੈ ਕਿ ਵਰਤਮਾਨ ਕੈਨੇਡਾ ਉਸ ਵਿਰਾਸਤ ਦਾ ਮਾਲਕ ਹੈ ਜਿਸਨੇ ਦੂਜੀ ਵਿਸ਼ਵ ਜੰਗ ਦੌਰਾਨ ਅਮਰੀਕਾ ਨਾਲੋਂ ਵੀ ਵਧੇਰੇ ਸਰਗਰਮ ਰੋਲ ਅਦਾ ਕੀਤਾ ਸੀ। 1939 ਤੋਂ 1945 ਦਰਮਿਆਨ 7 ਲੱਖ 50 ਹਜ਼ਾਰ ਕੈਨੇਡੀਅਨਾਂ ਨੇ ਫੌਜੀ ਵਰਦੀ ਪਾ ਕੇ ਯੂਰਪ ਵਿੱਚ ਹਿਟਰਲ ਦੇ ਨਾਜ਼ੀਆਂ ਨੂੰ ਸਿਕਸ਼ਤ ਦੇਣ ਵਿੱਚ ਮਹਾਨ ਰੋਲ ਅਦਾ ਕੀਤਾ ਸੀ। 30 ਅਪਰੈਲ 1945 ਨੂੰ ਹਿਟਰਲ ਵੱਲੋਂ ਆਤਮ ਹੱਤਿਆ ਕਰਨ ਤੋਂ ਬਾਅਦ 2 ਮਈ 1945 ਨੂੰ ਜਰਮਨ ਦੀ ਫੌਜ ਨੇ ਇਟਲੀ ਵਿੱਚ ਆਤਮ-ਸਮਰਪਣ ਕੀਤਾ ਸੀ ਅਤੇ 8 ਮਈ ਨੂੰ ਕੈਨਡੀਅਨ ਫੌਜ ਨੇ ਸਹਿਯੋਗੀ ਮਿਲਟਰੀ ਤਾਕਤਾਂ ਨਾਲ ਮਿਲ ਕੇ ਜਿੱਤ ਦਾ ਝੰਡਾ ਲਹਿਰਾਇਆ। ਇਸੇ 8 ਮਈ 1945 ਦੇ ਦਿਨ ਤਤਕਾਲੀ ਪ੍ਰਧਾਨ ਮੰਤਰੀ ਮੈਕੇਨਜ਼ੀ ਕਿੰਗ ਨੇ ਰੇਡੀਓ ਤੋਂ ਸਮੂਹ ਕੈਨੇਡੀਅਨਾਂ ਨੂੰ ਵਧਾਈ ਦੇਂਦੇ ਕਿਹਾ ਸੀ, 'ਵਿਸ਼ਵ ਨੂੰ ਇਸ ਮਹਾਨ ਸੰਕਟ ਤੋਂ ਨਿਜ਼ਾਤ ਦਿਵਾਉਣ ਵਿੱਚ ਤੁਸੀਂ ਵੱਡਾ ਯੋਗਦਾਨ ਪਾਇਆ ਹੈ'।

ਰੂਸ ਦੇ ਯੂਕਰੇਨ ਉੱਤੇ ਹਮਲੇ ਨਾਲ ਵਿਸ਼ਵ ਨੂੰ ਇੱਕ ਵਾਰ ਦੁਬਾਰਾ ਸੰਕਟ ਦਾ ਸਾਹਮਣਾ ਕਰਨ ਪੈ ਰਿਹਾ ਹੈ। ਸਮੁੱਚਾ ਯੂਰਪ ਭੈਅਭੀਤ ਹੈ ਅਤੇ ਨਾਟੋ ਦੀ ਸ਼ਕਤੀ ਵੱਲ ਆਸਾਂ ਭਰੀਆਂ ਨਜ਼ਰਾਂ ਨਾਲ ਵੇਖ ਰਿਹਾ ਹੈ। ਰੂਸ ਦੇ ਮਾੜੇ ਇਰਾਦੇ ਸਿਰਫ਼ ਯੂਕਰੇਨ ਲਈ ਨਹੀਂ ਸਗੋਂ ਵਿਸ਼ਵ ਸ਼ਾਂਤੀ ਲਈ ਖਤਰਾ ਹਨ। ਕੈਨੇਡਾ ਨੂੰ ਰੂਸ ਤੋਂ ਆਰਕਟਿਕ ਖੇਤਰ ਵਿੱਚ ਖਤਰੇ ਬਾਰੇ ਗੱਲ ਕੋਈ ਲੁਕੀ ਛਿਪੀ ਨਹੀਂ ਹੈ। ਠੰਡੀ ਜੰਗ ਦੇ ਦਿਨਾਂ ਤੋਂ ਹੀ ਰੂਸ ਇਸ ਇਲਾਕੇ ਵਿੱਚ ਜੰਗੀ ਬੇਸ ਬਣਾ ਕੇ ਕੈਨੇਡਾ ਲਈ ਚੁਣੌਤੀ ਬਣਿਆ ਆ ਰਿਹਾ ਹੈ। ਅੰਦਾਜ਼ਾ ਹੈ ਕਿ ਵਿਸ਼ਵ ਦਾ 13% ਤੇਲ, 30% ਗੈਸ, ਅਤੇ ਵੱਡੀ ਮਾਤਰਾ ਵਿੱਚ ਯੂਰੇਨੀਅਨ, ਸੋਨਾ, ਹੀਰੇ ਜਵਾਹਾਰਾਤ ਦੇ ਭੰਡਾਰ ਇਸ ਇਲਾਕੇ ਵਿੱਚ ਹਨ ਜਿਹਨਾਂ ਦਾ ਹਾਲੇ ਪਤਾ ਨਹੀਂ ਲਾਇਆ ਗਿਆ ਹੈ। ਰੂਸ ਦਾ ਇਰਾਦਾ ਸਿਰਫ਼ ਇਹ ਕੁਦਰਤੀ ਖਣਿਜਾਂ ਉੱਤੇ ਕਬਜ਼ਾ ਕਰਨਾ ਹੀ ਨਹੀਂ ਸਗੋਂ ਕੈਨੇਡਾ ਦੀ ਚੈਨ ਦੀ ਨੀਂਦ ਖਰਾਬ ਕਰਨਾ ਵੀ ਹੈ।

ਇੱਕ ਮਜ਼ਬੂਤ ਫੌਜ ਹਰ ਦੇਸ਼ ਦਾ ਮਾਣ ਹੁੰਦੀ ਹੈ। ਫੌਜ ਦੇ ਰੋਲ ਨੂੰ ਛੋਟਾ ਕਰਕੇ ਵੇਖਣਾ ਅਤੇ ਕੌਮੀ ਰੱਖਿਆ ਨੂੰ ਲੈ ਕੇ ਅਵੇਸਲਾਪਣ ਵਿਖਾਉਣਾ ਕਿਸੇ ਵੀ ਮੁਲਕ ਲਈ ਖਤਰਨਾਕ ਹੋ ਸਕਦਾ ਹੈ। ਅਜਿਹਾ ਕਰਨ ਵਾਲੇ ਮੁਲਕ ਭੱਵਿਖ ਵਿੱਚ ਵੱਡੀਆਂ ਕੀਮਤਾਂ ਅਦਾ ਕਰਿਆ ਕਰਦੇ ਹਨ। ਇਹ ਗੱਲ ਹਰ ਕੈਨੇਡੀਅਨ ਨੂੰ ਦਿਲ ਦਿਮਾਗ ਵਿੱਚ ਰੱਖਣ ਦੀ ਲੋੜ ਹੈ, ਸਮੇਤ ਮੈਲਨੀ ਜੋਲੀ ਦੇ।

# ਭਾਰਤ ਸਰਕਾਰ ਵਲੋਂ ਟੂਰਿਸਟ ਵੀਜ਼ਾ ਉਤੇ ਲੱਗੀਆਂ ਟਰੈਵਲ ਸਬੰਧੀ ਪਾਬੰਦੀਆਂ ਹਟਾਈਆਂ ਗਈਆਂ

...ਪੰਨਾ 1 ਦਾ ਬਾਕੀ

3. ਵੀਜ਼ਾ ਐਪਲੀਕੇਸ਼ਨ ਆਨਲਾਈਨ ਵੀ ਭਰੀ ਜਾ ਸਕਦੀ ਹੈ ਤੇ ਚੰਗੀ ਤਰ੍ਹਾਂ ਭਰੇ ਫਾਰਮ ਲੋੜੀਂਦੇ ਦਸਤਾਵੇਜ਼ਾਂ ਨਾਲ ਫੀਸ ਸਮੇਤ ਨੇੜਲੇ ਬੀਐਲਐਸ ਸੈਂਟਰ ਜਮ੍ਹਾਂ ਕਰਵਾਏ ਜਾਣ (Toronto: 1448 Lawrence Avenue East, Unit 6A, Toronto, ON M4A 2V6, Canada; Brampton: 40 Gillingham Drive, Unit 403, Brampton, ON, L6X 4X7, Canada; Winnipeg: 1770 King Edward St, Winnipeg, MB R2R 0M5) ਵੀਜ਼ਾ ਸਬੰਧੀ ਸਾਰੀ ਜਾਣਕਾਰੀ ਬੀਐਲਐਸ ਦੀ ਵੈੱਬਸਾਈਟ https://www.blsindia-canada.com ਉੱਤੇ ਹਾਸਲ ਕੀਤੀ ਜਾ ਸਕਦੀ ਹੈ।

4. ਭਾਰਤੀ ਮੂਲ ਦੇ ਵਿਅਕਤੀ ਲਈ ਐਂਟਰੀ ਵੀਜ਼ਾ ਵੀ ਉਪਲਬਧ ਰਹਿਣਗੇ ਪਰ ਵਾਧੂ ਦਸਤਾਵੇਜ਼ਾਂ ਕਾਰਨ ਤੇ ਸਕਰੂਟਨੀ/ਵੈਰੀਫਿਕੇਸ਼ਨ ਵਰਗੀਆਂ ਲੋੜਾਂ ਕਾਰਨ ਅਜਿਹੇ ਵੀਜ਼ਾਜ਼ ਨੂੰ ਪ੍ਰੋਸੈੱਸ ਹੋਣ ਵਿੱਚ 45 ਦਿਨਾਂ ਤੋਂ ਵੱਧ ਦਾ ਸਮਾਂ ਲੱਗੇਗਾ। ਨਿਯਮਤ ਟੂਰਿਸਟ ਵੀਜ਼ਾ 30 ਦਿਨਾਂ ਵਿੱਚ ਪ੍ਰੋਸੈੱਸ ਹੋ ਜਾਣਗੇ।

# ਭਾਰਤੀ ਮਿਜ਼ਾਈਲ ਪਾਕਿਸਤਾਨ ਵਿੱਚ ਡਿੱਗਣ ਨੂੰ ਅਮਰੀਕਾ ਨੇ ਹਾਦਸਾ ਕਰਾਰ ਦਿੱਤਾ

ਵਾਸ਼ਿੰਗਟਨ, 17 ਮਾਰਚ, (ਪੋਸਟ ਬਿਊਰੋ)- ਟੈਕਨੀਕਲ ਗ਼ਲਤੀ ਨਾਲ ਪਾਕਿਸਤਾਨ ਵਿੱਚ ਜਾ ਡਿੱਗੀ ਭਾਰਤੀ ਮਿਜ਼ਾਈਲਦੇ ਮਾਮਲੇ ਨੂੰ ਅਮਰੀਕਾ ਦੀ ਸਰਕਾਰ ਨੇ ਇੱਕ ਹਾਦਸਾ ਦੱਸਿਆ ਹੈ।

ਅਮਰੀਕਾ ਦਾ ਕਹਿਣਾ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਭਾਰਤ ਨੇ ਹਮਲਾਵਰੀ ਕੀਤੀ ਸੀ।ਉਸ ਦੀ ਨਜ਼ਰ ਵਿੱਚ ਇਹ ਦੁਰਘਟਨਾ ਤੋਂ ਵੱਧ ਕੁਝ ਨਹੀਂ। ਭਾਰਤ ਨੇ ਆਪਣੀ ਗ਼ਲਤੀ ਮੰਨ ਕੇ ਪਹਿਲਾਂ ਹੀ ਸਾਫ ਕਰ ਦਿੱਤਾ ਸੀ ਕਿ ਪਾਕਿਸਤਾਨ ਵਿੱਚ ਡਿੱਗੀ ਭਾਰਤੀ ਮਿਜ਼ਾਈਲ ਗ਼ਲਤੀ ਨਾਲ ਚੱਲੀ ਸੀ। ਇਸ ਉੱਤੇਭਾਰਤ ਨੇ ਦੁੱਖ ਅਤੇ ਅਫ਼ਸੋਸ ਵੀ ਪ੍ਰਗਟ ਕੀਤਾ ਤੇ ਇਹ ਸਭ ਤਕਨੀਕੀ ਨੁਕਸ ਕਾਰਨ ਹੋਇਆ ਕਿਹਾ ਸੀ। ਅੱਜ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨੇਡ ਪ੍ਰਾਈਸ ਨੇ ਸਵਾਲਾਂ ਦੇ ਜਵਾਬ ਵਿੱਚ ਕਿਹਾ ਕਿ ਅਸੀਂ ਆਪਣੇ ਸਹਿਯੋਗੀ ਭਾਰਤ ਤੋਂਇਸ ਦੇ ਇੱਕ ਹਾਦਸੇ ਤੋਂ ਵੱਧ ਕੁਝ ਹੋਣ ਦਾ ਕੋਈ ਸੰਕੇਤ ਨਹੀਂ ਸੁਣਿਆ ਤੇ ਨਾ ਦੇਖਿਆ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਇਸ ਬਾਰੇ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਤੋਂ ਹੋਰ ਕੁਝ ਪਤਾ ਚੱਲੇਗਾ ਤਾਂ ਦੱਸ ਦੇਣਗੇ। ਸਵਾਲਾਂ ਦੇ ਜਵਾਬ ਵਿੱਚਉਨ੍ਹਾ ਕਿਹਾ ਕਿ ਭਾਰਤ ਨੇ



9 ਮਾਰਚ ਨੂੰ ਬਿਆਨ ਜਾਰੀ ਕੀਤਾ ਸੀ ਕਿ ਕੀ ਹੋਇਆ ਸੀ, ਇਸ ਤੋਂ ਇਲਾਵਾ ਉਹ ਕੁਝ ਨਹੀਂ ਕਹਿ ਸਕਦਾ। ਵਰਨਣ ਯੋਗ ਹੈ ਕਿ ਭਾਰਤ ਨੇ ਇਸ ਮਾਮਲੇ ਨੂੰ ਬਹੁਤ ਸੰਵੇਦਨਸ਼ੀਲ ਮੰਨਿਆ ਤੇ ਕੋਰਟ ਆਫ ਇਨਕੁਆਰੀ ਦੇ ਆਦੇਸ਼ ਵੀ ਦਿੱਤੇ ਹਨ। ਭਾਰਤੀ ਮਿਜ਼ਾਈਲ ਪਾਕਿਸਤਾਨੀ ਪੰਜਾਬ ਸੂਬੇ ਦੇ ਖਾਨੇਵਾਲ ਜ਼ਿਲੇ ਦੇ ਮੀਆਂ ਚੰਨੂੰ ਇਲਾਕੇ ਵਿੱਚ ਡਿੱਗੀ ਸੀ। ਇਸ ਪਿੱਛੋਂ ਸਖ਼ਤ ਨਾਰਾਜ਼ਗੀ ਵਿੱਚ ਇਸਲਾਮਾਬਾਦ ਵਿਚਲੇ ਭਾਰਤੀ ਦੂਤਘਰ ਦੇ ਅਫਸਰ ਨੂੰ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਜਵਾਬ ਲਈ ਬੁਲਾਇਆ ਅਤੇ ਸਖ਼ਤ ਵਿਰੋਧ ਦਰਜ ਕਰਵਾਇਆ ਸੀ।

# ਆਵਾਰਾ ਪਸ਼ੂ ਦੀ ਟੱਕਰ ਨਾਲ ਨੌਜਵਾਨ ਦੀ ਮੌਤ

ਅਬੋਹਰ, 17 ਮਾਰਚ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਮੌਜਗੜ੍ਹ ਨੇੜੇ ਆਵਾਰਾ ਪਸ਼ੂ ਦੀ ਟੱਕਰ ਨਾਲ ਇੱਕ ਪਰਵਾਰ ਦਾ ਚਿਰਾਗ ਬੁਝ ਗਿਆ, ਜਿਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ। ਫ਼ਾਜ਼ਿਲਕਾ ਸਿਵਲ ਲਾਈਨ ਦੇ ਵਾਸੀ ਗੁਰਪ੍ਰੀਤ ਕੰਬੋਜ (27) ਪੁੱਤਰ ਹਰਕ੍ਰਿਸ਼ਨ ਕੰਬੋਜ ਦੇ ਪਿਤਾ ਨੇ ਦੱਸਿਆ ਕਿ ਬੀਤੀ ਰਾਤ ਉਸ ਦਾ ਬੇਟਾ ਗੁਰਪ੍ਰੀਤ ਆਪਣੀ ਭੂਆ ਦੇ ਲੜਕੇ ਨਾਲ ਮੋਟਰਸਾਈਕਲ ਉੱਤੇ ਸ੍ਰੀਗੰਗਾਨਗਰ ਤੋਂ ਵਾਪਸ ਆ ਰਿਹਾ ਸੀ। ਜਦੋਂ ਉਹ ਪਿੰਡ ਮੌਜਗੜ੍ਹ ਨੇੜੇ ਪੁੱਜੇ ਤਾਂ ਅਚਾਨਕ ਸੜਕ ਉੱਤੇ ਪਸ਼ੂ ਆਉਣ ਨਾਲ ਉਨ੍ਹਾਂ ਵਿੱਚ ਟਕਰਾ ਗਿਆ, ਜਿਸ ਨਾਲ ਗੁਰਪ੍ਰੀਤ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਮਨੀਸ਼ ਨੂੰ ਮਾਮੂਲੀ ਸੱਟਾਂ ਵੱਜੀਆਂ। ਉਨ੍ਹਾਂ ਦਾ ਇੱਕ ਬੇਟਾ ਅਤੇ ਦੋ ਬੇਟੀਆਂ ਸਨ। ਬੇਟੇ ਨੇ ਬੀ ਟੈਕ ਕਰਨ ਦੇ ਬਾਅਦ ਚੰਡੀਗੜ੍ਹ ਵਿੱਚ ਨੌਕਰੀ ਲਈ ਜਾਣਾ ਸੀ ਕਿ ਹਾਦਸਾ ਵਾਪਰ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਹੋਲੇ-ਮਹੱਲੇ ਉੱਤੇ ਜਾਂਦਿਆਂ ਦੋ ਸੱਕੇ ਭਰਾਵਾਂ ਸਮੇਤ ਤਿੰਨਾਂ ਦੀ ਮੌਤ

ਭੋਗਪੁਰ, 17 ਮਾਰਚ (ਪੋਸਟ ਬਿਊਰੋ)- ਇਸ ਇਲਾਕੇਦੇ ਪਿੰਡ ਸੱਗਰਾਂਵਾਲੀ ਦੇ ਦੋ ਸੱਕੇ ਭਰਾਵਾਂ ਸਣੇ ਤਿੰਨ ਨੌਜਵਾਨਾਂ ਦੀ ਆਨੰਦਪੁਰ ਸਾਹਿਬ ਹੋਲੇ-ਮਹੱਲੇ ਉੱਤੇ ਜਾਂਦਿਆਂ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਹੈ।

ਇਸ ਸਬੰਧੀ ਸਰਪੰਚ ਜਸਵਿੰਦਰ ਕੌਰ ਨੇ ਦੱਸਿਆ ਕਿ ਹਰਪ੍ਰੀਤ ਸਿੰਘ (18) ਅਤੇ ਲਵਪ੍ਰੀਤ ਸਿੰਘ (16) ਪੁੱਤਰ ਜੋਗਿੰਦਰ ਸਿੰਘ ਅਤੇ ਪ੍ਰਿੰਸਪ੍ਰੀਤ ਸਿੰਘ (19) ਪੁੱਤਰ ਗੁਰਮੀਤ ਸਿੰਘ ਹੋਲਾ-ਮਹੱਲਾ ਦੇਖਣ ਲਈ ਮੋਟਰਸਾਈਕਲ ਉੱਤੇ ਗਏ ਸਨ। ਜਦੋਂ ਉਹ ਨੂਰਪੁਰ ਬੇਦੀ ਨੇੜੇ ਗਏ ਤਾਂ ਕਿਸੇ ਅਣਪਛਾਤੇ ਵਾਹਨ ਨਾਲ ਹਾਦਸਾ ਹੋਣ ਕਾਰਨ ਉਨ੍ਹਾਂ ਦੀ ਮੌਤ ਗਈ। ਤਿੰਨੇ ਨੌਜਵਾਨ ਗਰੀਬ ਘਰਾਂ ਨਾਲ ਸੰਬੰਧਤ ਸਨ ਤੇ ਭੋਗਪੁਰ ਵਿਖੇ ਦੁਕਾਨਾਂ ਉੱਤੇ ਕੰਮ ਕਰ ਕੇ ਘਰਾਂ ਦਾ ਖਰਚਾ ਚਲਾਉਂਦੇ ਸਨ। ਇਨ੍ਹਾਂ ਵਿੱਚੋਂ ਪ੍ਰਿੰਸਪ੍ਰੀਤ ਸਿੰਘ ਦੇ ਪਿਤਾ ਦੀ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਇਸਦੀ ਮਾਤਾ ਅਤੇ ਦਾਦਾ ਅੱਖਾਂ ਤੋਂ ਦੇਖ ਨਹੀਂ ਸਕਦੇ ਅਤੇ ਘਰ ਵਿੱਚ ਪਰਵਾਰ ਦੀ ਦੇਖ-ਭਾਲ ਕਰਨ ਲਈ ਪ੍ਰਿੰਸਪ੍ਰੀਤ ਦੀ ਭੈਣ ਰਹਿ ਗਈ ਹੈ।

# ਅਰਵਿੰਦ ਕੇਜਰੀਵਾਲ ਖ਼ਿਲਾਫ਼ ਉੱਚ ਪੱਧਰੀ ਜਾਂਚ ਦੀ ਮੰਗ ਦੀ ਪਟੀਸ਼ਨ ਹਾਈ ਕੋਰਟ ਵੱਲੋਂ ਰੱਦ

ਨਵੀਂ ਦਿੱਲੀ, 17 ਮਾਰਚ, (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਅੱਜ ਉਸ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਮੁਖੀ ਅਤੇਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਖ਼ਿਲਾਫ਼ ਖ਼ਾਲਿਸਤਾਨੀ ਵੱਖਵਾਦੀਆਂ ਨਾਲ ਸਬੰਧਾਂ ਦੀਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਗਈ ਸੀ। ਅੱਜ ਦੀ ਸੁਣਵਾਈ ਮੌਕੇ ਦਿੱਲੀ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਵਿਪਿਨ ਸਾਂਘੀ ਤੇ ਜਸਟਿਸ ਨਵੀਨ ਚਾਵਲਾ ਦੀ ਬੈਂਚ ਨੇ ਇਸ ਪਟੀਸ਼ਨ ਨੂੰ ਬੇਕਾਰ ਕਿਹਾ ਅਤੇ ਇਸ ਕੇਸ ਦੇ ਪਟੀਸ਼ਨਰ ਕਾਂਗਰਸ ਨੇਤਾ ਜਗਦੀਸ਼ ਸ਼ਰਮਾ ਦੇ ਵਕੀਲ ਰੁਦਰ ਵੀ. ਸਿੰਘ ਨੂੰ ਏਦਾਂ ਦੀ ਅਰਜ਼ੀ ਪੇਸ਼ਨਾ ਕਰਨ ਨੂੰ ਕਿਹਾ ਹੈ। ਅਦਾਲਤ ਨੇ ਕਿਹਾ ਕਿ 'ਅਰਜ਼ੀਵਿੱਚ ਤੁਸੀਂ ਕਿਹਾ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੱਤਰ ਦਾ ਅਫਸਰਾਂ ਨੂੰ ਪਤਾ ਹੈ।ਇਸ ਕਰ ਕੇ ਕਿਸੇ ਗੱਲ ਦਾ ਨਿਰਦੇਸ਼ ਦੇਣ ਦਾ ਸਵਾਲ ਹੀ ਕਿੱਥੇ ਹੈ? ਕ੍ਰਿਪਾ ਕਰਕੇ ਏਦਾਂ ਬੇਲੋੜੀਆਂ ਪਟੀਸ਼ਨਾਂ ਦਾਇਰ ਨਾ ਕਰਿਆ ਕਰੋ।' ਪਟੀਸ਼ਨਰ ਜਗਦੀਸ਼ ਸ਼ਰਮਾ ਨੇ ਅਰਜ਼ੀ ਵਿੱਚ ਦੋਸ਼ਲਾਇਆ ਸੀ ਕਿ ਕੇਜਰੀਵਾਲ ਦੇ ਸਿੱਖਸ ਫਾਰ ਜਸਟਿਸ ਨਾਂਅ ਦੀ ਪਾਬੰਦੀਸ਼ੁਦਾ ਖਾਲਿਸਤਾਨੀ ਜਥੇਬੰਦੀ ਨਾਲ ਸਬੰਧ ਹਨ ਅਤੇ ਉਸ ਤੋਂ ਪੈਸੇ



ਲਏ ਹਨ। ਉਨ੍ਹਾਂ ਨੇ ਪਟੀਸ਼ਨ ਵਿੱਚਆਮ ਆਦਮੀ ਪਾਰਟੀ ਦੀ ਮਾਨਤਾ ਸਸਪੈਂਡ ਕਰਨ ਅਤੇ ਜਾਂਚ ਪੂਰੀ ਹੋਣ ਤੱਕ ਚੋਣ ਲੜਨ ਉੱਤੇ ਪਾਬੰਦੀ ਲਾਉਣ ਦੀ ਮੰਗ ਵੀ ਕੀਤੀ ਸੀ।ਉਨ੍ਹਾਂ ਨੇ ਇਸ ਅਰਜ਼ੀ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂਕੇਂਦਰੀ ਗ੍ਰਹਿ ਮੰਤਰਾਲੇ ਨੂੰ ਲਿਖੇ ਪੱਤਰ ਦਾ ਹਵਾਲਾ ਦਿੱਤਾ ਤੇ ਕਿਹਾ ਸੀ ਕਿ ਆਮ ਆਦਮੀ ਪਾਰਟੀ ਦੇ ਮੋਢੀ ਮੈਂਬਰ ਕੁਮਾਰ ਵਿਸ਼ਵਾਸ ਨੇ ਵੱਖਵਾਦੀ ਗਰੁੱਪਾਂ ਨਾਲਕੇਜਰੀਵਾਲ ਦੇ ਸਬੰਧਾਂ ਦੀ ਗੱਲ ਕੀਤੀ ਸੀ ਤੇ ਇਸ ਪੱਤਰ ਦੀ ਗੰਭੀਰਤਾ ਦੇਖਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਚੰਨੀ ਨੂੰ ਪੱਤਰ ਲਿਖ ਕੇ ਪੂਰੀ ਜਾਂਚ ਕਰਵਾਉਣ ਦਾ ਭਰੋਸਾ ਵੀ ਦਿੱਤਾ ਸੀ। ਜਗਦੀਸ਼ ਦੇ ਵਕੀਲ ਰੁਦਰ ਵੀ. ਸਿੰਘ ਨੇ ਕਿਹਾ ਕਿ ਦੋਸ਼ ਗੰਭੀਰ ਕਿਸਮ ਦੇ ਹਨ ਅਤੇ ਭਾਰਤ ਦੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ।

# ਸਾਹਿਤ ਵਿਚਲੇ ਪੱਖ-ਪਾਤ ਸਬੰਧੀ ਕਾਫ਼ਲੇ ਵੱਲੋਂ ਅਹਿਮ ਫ਼ੈਸਲੇ ਲਏ ਗਏ

## ਸੰਤੁਲਿਤ ਵਿਸ਼ਲੇਸ਼ਣਾਂ ਲਈ ਕਦਮ ਚੁੱਕੇਗਾ ਕਾਫ਼ਲਾ

ਟਰਾਂਟੋ:- 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਵੱਲੋਂ ਪਿਛਲੇ ਦਿਨੀਂ ਕੀਤੀ ਗਈ ਮੀਟਿੰਗ ਵਿੱਚ ਜਿੱਥੇ ਕਾਫ਼ਲੇ ਦੇ ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਓਥੇ ਸਾਹਿਤਕ ਖੇਤਰ ਵਿੱਚ ਹੋ ਰਹੇ ਪੱਖ-ਪਾਤੀ ਖਿਲਵਾੜ ਨੂੰ ਨੱਥ ਪਾਉਣ ਅਤੇ ਮਿਆਰੀ ਕਨੇਡੀਅਨ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਲੋੜੀਂਦੇ ਕਦਮਾਂ ਬਾਰੇ ਵੀ ਖੁੱਲ੍ਹ ਕੇ ਵਿਚਾਰ ਕੀਤਾ ਗਿਆ। ਅਤੇ ਨਿਰਣਾ ਕੀਤਾ ਗਿਆ ਕਿ ਜਿੱਥੇ ਭਾਰਤ ਵਿੱਚ ਬੈਠੇ ਜ਼ਿੰਮੇਂਵਾਰ ਬੁੱਧੀਜੀਵੀਆਂ ਵੱਲੋਂ ਨਿੱਜੀ ਮੁਫਾਦਾਂ ਖ਼ਾਤਿਰ ਕਿਤਾਬਾਂ ਦੀ ਕੀਤੀ ਜਾ ਰਹੀ ਗੁੰਮਰਾਹਕੁੰਨ ਚਰਚਾ ਦਾ ਨੋਟਿਸ ਲਿਆ ਜਾਵੇਗਾ ਓਥੇ ਲੋੜ ਨੂੰ ਸਮਝਦਿਆਂ ਹੋਇਆਂ ਕਾਫ਼ਲੇ ਦੀਆਂ ਮੀਟਿੰਗਾਂ ਦੇ ਫੌਰਮੈਟ ਨੂੰ ਬਦਲ ਕੇ ਕੈਨੇਡਾ ਭਰ ਵਿੱਚ ਛਪਣ ਵਾਲ਼ੇ ਮਿਆਰੀ ਸਾਹਿਤ 'ਤੇ ਚਰਚਾ ਦਾ ਕੰਮ ਆਰੰਭਿਆ ਜਾਵੇਗਾ ਅਤੇ ਮੀਟਿੰਗਾਂ ਵਿੱਚ ਮਿਆਰੀ ਆਲੋਚਨਾ ਦੀਪਿਰਤ ਨੂੰ ਮੁੜ ਬਹਾਲ ਕੀਤਾ ਜਾਵੇਗਾ।

ਪਿਛਲੇ ਦਿਨੀਂ ਅਚਾਨਕ ਵਿਛੋੜਾ ਦੇ ਗਏ ਜਸਵਿੰਦਰ ਸਿੰਘ ਬਾਰੇ ਗੱਲ ਕਰਦਿਆਂ ਕੁਲਵਿੰਦਰ ਖਹਿਰਾ ਨੇ ਦੱਸਿਆ ਕਿ ਹਰ ਸਾਹਿਤਕ ਅਤੇ ਸਮਾਜੀ ਸਮਾਗਮ ਵਿੱਚ ਤਹਿਦਿਲੋਂ ਸਰਗਰਮੀ ਨਾ਼ਲ ਸ਼ਾਮਲ ਹੋਣ ਵਾਲਾ ਜਸਵਿੰਦਰ ਸਿੰਘ ਬੇਸ਼ੱਕ ਕਦੀ ਵੀ ਸਟੇਜ 'ਤੇ ਨਹੀਂ ਸੀ ਬੋਲਿਆ ਅਤੇ ਅਤੇ ਨਾ ਹੀ ਕਿਸੇ ਕਿਸਮ ਦੀ ਪ੍ਰਸਿੱਧੀ ਲਈ ਯਤਨ ਕਰਦਾ ਵੇਖਿਆ ਗਿਆ ਸੀ ਪਰ ਉਹ ਖੁਦ ਸਾਹਿਤ ਨਾ਼ਲ ਜੁੜਿਆ ਹੋਇਆ ਵੀ ਸੀ ਅਤੇ ਆਪਣੇ ਸਵੈ-ਜੀਵਨੀਨੁਮਾ ਨਾਵਲ 'ਤੇ ਕੰਮ ਵੀ ਕਰ ਰਿਹਾ ਸੀ। ਪੰਜਾਬੀ ਦੇ ਨਾਮਵਰ ਸ਼ਾਇਰ ਅਤੇ ਗੀਤਕਾਰ ਸੁਖਮਿੰਦਰ ਰਾਮਪੁਰੀ ਜੀ ਬਾਰੇ ਬੋਲਦਿਆਂ ਮੇਜਰ ਮਾਂਗਟ ਨੇ ਦੱਸਿਆ ਕਿ ਅਥਲੀਟ ਤੋਂ ਲੇਖਕ ਬਣੇ ਸੁਖਮਿੰਦਰ ਰਾਮਪੁਰੀ ਨੇ ਆਪਣੀ ਅਣਥੱਕ ਮਿਹਨਤ ਅਤੇ ਰਿਆਜ਼ ਨਾ਼ਲ ਸਾਹਿਤ ਰਚਨਾ ਤੋਂ ਲੈ ਕੇ ਸੁਰੀਲੀ ਆਵਾਜ਼ ਵਿੱਚ ਗਾਉਣ ਵਿੱਚ ਵੀ ਆਪਣਾ ਨਾਂ ਕਮਾਇਆ। ਉਨ੍ਹਾਂ ਕਿਹਾ ਕਿ ਰਾਮਪੁਰੀ ਦੀ ਇਹ ਖ਼ੂਬੀ ਸੀ ਕਿ ਉਹ ਬੇਝਿਜਕ ਹੋ ਕੇ ਨਿਰਪੱਖ ਆਲੋਚਨਾ ਕਰਦਾ ਸੀ ਤੇ ਆਪਣੇ ਵਿਰੋਧੀਆਂ ਦੀ ਵੀ ਪ੍ਰਸੰਸਾ ਕਰਨ ਦਾ ਮਾਦਾ ਰੱਖਦਾ ਸੀ। ਉਂਕਾਰਪ੍ਰੀਤ ਨੇ ਸੁਖਮਿੰਦਰ ਰਾਮਪੁਰੀ ਜੀ ਦੀ ਕਿਤਾਬ "ਮੈਂ ਨਿਰੀ ਪੱਤਝੜ ਨਹੀਂ" ਦੇ ਆਧਾਰ 'ਤੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਰਾਮਪੁਰੀ ਦਾ ਮੰਨਣਾ ਸੀ ਕਿ ਲੇਖਕ ਧੁਰੋਂ ਸਿਰਜੇ ਹੋਏ ਨਹੀਂ ਆਉਂਦੇ ਬਲਕਿ ਅਭਿਆਸ ਅਤੇ ਲਗਨ ਨਾ਼ਲ ਬਣਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਰਾਮਪੁਰੀ ਨੇ ਰਵਾਇਤ ਤੋਂ ਹਟ ਕੇ ਨਵੇਂ ਰੂਪ 'ਚ ਬਹੁਤ ਹੀ ਮਿਆਰੀ ਗੀਤ ਲਿਖੇ ਨੇ ਜਿਨ੍ਹਾਂ ਨੂੰ ਗਾਉਣ ਲਈ ਵੀ ਰਵਾਇਤ ਤੋਂ ਹਟ ਕੇ ਨਵੇਂ ਅੰਦਾਜ਼ ਵਿੱਚ ਗਾਏ ਜਾਣ ਦੀ ਲੋੜ ਕਾਰਨ ਰਵਾਇਤੀ ਗਾਇਕ ਮਿਹਨਤ ਤੋਂ ਡਰਦੇ ਹੌਂਸਲਾ ਨਹੀਂ ਕਰ ਰਹੇ। ਕੁਝ ਦੇਰ ਪਹਿਲਾਂ ਵਿੱਛੜ ਗਏ ਸਾਹਿਤਕਾਰ ਅਤੇ ਇਤਿਹਾਸਕਾਰ ਜੋਗਿੰਦਰ ਸ਼ਮਸ਼ੇਰ ਬਾਰੇ ਜਾਣ-ਪਛਾਣ ਦਿੰਦਿਆਂ ਜਿੱਥੇ ਕੁਲਵਿੰਦਰ ਖਹਿਰਾ ਨੇ ਦੱਸਿਆ ਕਿ ਸ਼ਮਸ਼ੇਰ ਜੀ ਨੇ ਕੈਨੇਡਾ ਵਿੱਚ ਰਹਿੰਦਿਆਂ ਮੈਨੀਟੋਬਾ ਦੇ ਪੰਜਾਬੀ ਸਾਹਿਤ ਬਾਰੇ ਲਿਖਿਆ ਓਥੇ "ਮੈਨੀਟੋਬਾ ਦਾ ਇਤਿਹਾਸ" ਕਿਤਾਬ ਵਿੱਚ ਕੈਨੇਡਾ ਦੇ ਆਦਿਵਾਸੀਆਂ ਦੇ ਇਤਿਹਾਸ ਨੂੰ ਪੰਜਾਬੀ ਵਿੱਚ ਲਿਖ ਕੇ ਪੰਜਾਬੀ ਸਾਹਿਤ ਦਾ ਬਹੁਤ ਹੀ ਮਾਣ ਵਧਾਇਆ ਅਤੇ ਪੰਜਾਬੀਆਂ ਨੂੰ ਇਸ ਧਰਤੀ 'ਤੇ ਹੋਏ ਅੱਤਿਆਚਾਰਾਂ ਤੋਂ ਜਾਣੂੰ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ। ਬਲਬੀਰ ਕੌਰ ਸੰਘੇੜਾ ਨੇ ਵਿਸਥਾਰ ਵਿੱਚ ਜੋਗਿੰਦਰ ਸ਼ਮਸ਼ੇਰ ਜੀ ਨਾਲ ਯਾਦਾਂ ਸਾਂਝੀਆਂ ਕਰਦਿਆਂ ਜਿੱਥੇ ਉਨ੍ਹਾਂ ਦੇ ਇੰਗਲੈਂਡ ਵਿੱਚ ਬਿਤਾਏ ਸਮੇਂ ਬਾਰੇ ਅਤੇ ਉਨ੍ਹਾਂ ਦੀ ਸਾਹਿਤ-ਸਿਰਜਣਾ ਬਾਰੇ ਭਰਪੂਰ ਜਾਣਕਾਰੀ ਦਿੱਤੀ ਓਥੇ ਇਹ ਵੀ ਦੱਸਿਆ ਕਿ ਉਹ ਲੰਡਨ ਤੋਂ ਕਾਰ ਰਾਹੀਂ 8 ਦੇਸ਼ਾਂ ਵਿੱਚ ਦੀ ਹੁੰਦੇ ਹੋਏਤਰਸੇਮ ਨੀਲਗਿਰੀ ਅਤੇ ਇੱਕ ਹੋਰ ਸਾਥੀ ਨਾ਼ਲ ਇੰਡੀਆ ਵੀ ਗਏ ਅਤੇ ਇਸ ਯਾਤਰਾ ਨੂੰ "ਲੰਡਨ ਤੋਂ ਦਿੱਲੀ, ਕਾਰ ਰਾਹੀਂ" ਸਿਰਲੇਖ ਹੇਠ 1972 ਵਿੱਚ ਸਫ਼ਰਨਾਮੇਂ ਦੇ ਰੂਪ ਵਿੱਚ ਛਪਵਾਇਆ। 1990 ਤੋਂ ਉਹ ਪਹਿਲਾਂ ਮੈਨੀਟੋਬਾ ਵਿੱਚ ਅਤੇ ਫਿਰ ਬ੍ਰਿਟਿਸ਼ ਕੋਲੰਬੀਆ ਵਿੱਚ ਜਾ ਵਸੇ ਸਨ।

ਇਹ ਗੱਲ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ ਕਿ ਭਾਰਤ ਵਿੱਚਲੇ ਕੁਝ ਬੁੱਧੀਜੀਵੀ ਆਪਣੇ ਨਿੱਜੀ ਹਿਤਾਂ ਖਾਤਿਰ ਅਜਿਹੇ ਪਰਵਾਸੀ ਸਾਹਿਤ ਨੂੰ ਬੇਲੋੜੀ ਪ੍ਰਸਿੱਧੀ ਦੇ ਕੇ ਅਤੇ ਆਪਣੇ ਅਸਰ-ਰਸੂਖ ਰਾਹੀਂ ਸਿਲੇਬਸਾਂ ਵਿੱਚ ਲਵਾ ਕੇ ਪੰਜਾਬੀ ਸਾਹਿਤ ਦਾ ਨੁਕਸਾਨ ਕਰਨ ਦੇ ਨਾ਼ਲ ਨਾ਼ਲ ਕਨੇਡੀਅਨ ਪੰਜਾਬੀ ਸਾਹਿਤ ਦਾ ਅਕਸ ਵੀ ਵਿਗਾੜ ਰਹੇ ਹਨ। ਇਸ ਬਾਰੇ ਕਾਫ਼ਲੇ ਦੇ ਸੰਚਾਲਕ ਕੁਲਵਿੰਦਰ ਖਹਿਰਾ ਨੇ ਗੱਲਬਾਤ ਸ਼ੁਰੂ ਕਰਦਿਆਂ ਕਿਹਾ ਕਿ ਅਜਿਹੀ ਪਰਵਿਰਤੀ ਕਾਰਨ ਜਿੱਥੇ ਸਬੰਧਤ ਲੇਖਿਕ ਨੂੰ ਗੁੰਮਰਾਹ ਕਰਕੇ ਉਸਦੇ ਨਿਖਰਨ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ ਓਥੇ ਪੰਜਾਬੀ ਸਾਹਿਤ ਤੋਂ ਪਾਠਕਾਂ ਦਾ ਮੋਹ ਵੀ ਭੰਗ ਕੀਤਾ ਜਾ ਰਿਹਾ ਹੈ ਕਿਉਂਕਿ ਜਦੋਂ ਐੱਮ.ਏ., ਬੀ.ਏ. 'ਚ ਪੜ੍ਹਦਾ ਵਿਦਿਆਰਥੀ ਅਜਿਹਾ ਸਾਹਿਤ ਪੜ੍ਹੇਗਾ ਤਾਂ ਨਿਰਸੰਦੇਹ ਉਹ ਪੰਜਾਬੀ ਸਾਹਿਤ ਤੋਂ ਦੂਰ ਜਾਵੇਗਾ। ਇਸਦੇ ਹੱਲ ਲਈ ਉਸਨੇ ਕਾਫ਼ਲੇ ਵੱਲੋਂ ਆਪ ਆਲੋਚਨਾ ਸ਼ੁਰੂ ਕਰਨ ਦੀ ਤਜਵੀਜ਼ ਪੇਸ਼ ਕਰਦਿਆਂ ਬਾਕੀ ਮੈਂਬਰਾਂ ਤੋਂ ਸੁਝਾਅ ਮੰਗੇ ਜਿਸ ਦੌਰਾਨ ਮੇਜਰ ਮਾਂਗਟ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਯੂਨੀਵਰਸਿਟੀਆਂ ਵੱਲੋਂ ਵੀ ਆਪਣੀਆਂ ਕਾਨਫ਼ਰੰਸਾਂ ਵਿੱਚ ਉਹੀ ਪਰਵਾਸੀ ਲੇਖਕ ਉਭਾਰੇ ਜਾਂਦੇ ਨੇ ਜਿਨ੍ਹਾਂ ਬਾਰੇ ਏਥੇ ਕਦੀ ਸੁਣਿਆ ਵੀ ਨਹੀਂ ਹੁੰਦਾ ਜਾਂ ਜਿਨ੍ਹਾਂ ਨੂੰ ਅਜੇ ਬਹੁਤ ਮਿਹਨਤ ਕਰਨ ਦੀ ਲੋੜ ਹੁੰਦੀ ਹੈ ਪਰ ਉਨ੍ਹਾਂ ਕੋ਼ਲ ਆਪਣੀ ਪ੍ਰਸੰਸਾ ਕਰਵਾਉਣ ਲਈ ਪੈਸਾ ਹੁੰਦਾ ਹੈ ਤੇ ਉਹ ਇਨ੍ਹਾਂ 'ਬੁੱਧੀਜੀਵੀਆਂ' ਨੂੰ ਕੈਨੇਡਾ ਦੀ ਸੈਰ ਕਰਵਾਉਂਦੇ ਅਤੇ ਮਹਿੰਗੇ ਮਹਿੰਗੇ ਤੋਹਫ਼ੇ ਦੇ ਕੇ ਨਿਵਾਜ਼ਦੇ ਨੇ। ਉਂਕਾਰਪ੍ਰੀਤ ਨੇ ਕਿਹਾ ਕਿ ਪਰਵਾਸੀ ਸਾਹਿਤ ਦੇ ਨਾਂ ਹੇਠ ਭਾਰਤੀ ਯੂਨੀਵਰਸਿਟੀਆਂ ਵਿੱਚ ਬਣੀਆਂ ਚੇਅਰਾਂ ਵੱਲੋਂ ਇਸ ਪਾਸੇ ਗੰਭੀਰਤਾ ਨਾ਼ਲ ਕੰਮ ਕੀਤਾ ਜਾਣਾ ਚਾਹੀਦਾ ਹੈ ਅਤੇ ਕੁਝ ਲੋਕਾਂ ਵੱਲੋਂ ਕੀਤੀ ਜਾ ਰਹੀ ਪੱਖਪਾਤੀ ਆਲੋਚਨਾ ਦਾ ਸਖ਼ਤ ਨੋਟਿਸ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਾਫ਼ਲੇ ਦੇ ਫੌਰਮੈਟ ਨੂੰ ਬਦਲਣ ਦੀ ਤਜਵੀਜ਼ ਦੀ ਵੀ ਪ੍ਰੋੜ੍ਹਤਾ ਕੀਤੀ। ਬਲਦੇਵ ਰਹਿਪਾ ਨੇ ਕਿਹਾ ਕਿ ਪੰਜਾਬੀ ਸਾਹਿਤ ਵਿੱਚ 'ਕਾਫ਼ਲੇ' ਦਾ ਬਹੁਤ ਵੱਡਾ ਨਾਂ ਹੈ ਅਤੇ ਇਸਦੇ ਸਮਾਜੀ ਸਰੋਕਾਰਾਂ ਵਾਲ਼ੇ ਪੱਖ ਦੀ ਵੀ ਆਪਣੀ ਪਛਾਣ ਹੈ। ਉਨ੍ਹਾਂ ਕਿਹਾ ਕਿ ਕਾਫ਼ਲੇ ਨੂੰ ਇਸ ਪਾਸੇ ਦ੍ਰਿੜ੍ਹਤਾ ਨਾ਼ਲ ਕਦਮ ਚੁੱਕਣੇ ਚਾਹੀਦੇ ਹਨ। ਪ੍ਰੋਫੈਸਰ ਰਾਮ ਸਿੰਘ ਨੇ ਕਿਹਾ ਕਿ ਲੇਖਕ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਉਂ ਲਿਖਦਾ ਹੈ ਅਤੇ ਉਸਦਾ ਲਿਖਣ ਦਾ ਮਕਸਦ ਕੀ ਹੈ? ਜੇ ਉਹ ਆਪਣੇ ਮਕਸਦ ਪ੍ਰਤੀ ਧੁੰਦਲਾ ਹੋਵੇਗਾ ਤਾਂ ਉਸਦੀ ਲਿਖਤ ਵੀ ਧੁੰਦਲੀ ਹੀ ਹੋਵੇਗੀ। ਉਨ੍ਹਾਂ ਕਿਹਾ ਕਿ ਗ਼ਲਤ ਕਿਸਮ ਦੇ ਪ੍ਰਚਾਰ ਦੀ ਆ ਰਹੀ ਸਮੱਸਿਆ ਦਾ ਕਾਰਨ ਵੀ ਉਹੀ ਲੋਕ ਬਣਦੇ ਨੇ ਜਿਨ੍ਹਾਂ ਨੂੰ ਗੌਲਣਯੋਗ ਨਹੀਂ ਮੰਨਿਆ ਜਾ ਸਕਦਾ ਪਰ ਉਹ "ਗੌਲਣਯੋਗ" ਹੋਣ ਲਈ ਆਪਣੀ ਦੌਲਤ ਦੀ ਵਰਤੋਂ ਕਰਦੇ ਤੇ ਆਪਣਾ ਪ੍ਰਚਾਰ ਕਰਵਾਉਂਦੇ ਨੇ। ਉਨ੍ਹਾਂ ਨੇ ਵੀ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਕਾਫ਼ਲੇ ਨੂੰ ਇਹ ਫ਼ੈਸਲਾ ਜ਼ਰੂਰ ਲੈਣਾ ਚਾਹੀਦਾ ਹੈ। ਬਲਬੀਰ ਕੌਰ ਸੰਘੇੜਾ ਨੇ ਕਿਹਾ ਕਿ ਬੜੀ ਮੁਸ਼ਕਲ ਨਾ਼ਲ ਅਸੀਂ ਇਸ ਦੋਸ਼ ਤੋਂ ਮੁਕਤ ਹੋਏ ਸਾਂ ਕਿ ਬਾਹਰਲਾ ਪੰਜਾਬੀ ਸਾਹਿਤ ਪੌਂਡਾਂ/ਡਾਲਰਾਂ ਦੇ ਸਿਰ 'ਤੇ ਛਪ ਰਿਹਾ ਹੈ ਪਰ ਹੁਣ ਚੱਲੇ ਰੁਝਾਨ ਨੇ ਸਾਨੂੰ ਫਿਰ ਉਸੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ।

ਇੱਕ ਵੱਖਰੇ ਨੁਕਤੇ ਤੋਂ ਗੱਲ ਅੱਗੇ ਤੋਰਦਿਆਂ ਕਹਾਣੀਕਾਰ ਜਰਨੈਲ ਸਿੰਘ ਨੇਕਿਹਾ ਕਿ ਕਿਤਾਬਾਂ ਦੀ ਸੰਪਾਦਨਾ ਕਰਦਿਆਂ ਵੀ ਪੱਖਪਾਤੀ ਅਤੇ ਸਵੈ-ਪ੍ਰਚਾਰ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ



ਕਿਸੇ ਕਿਤਾਬ ਦੀ ਸੰਪਾਦਨਾ ਕਰਦਿਆਂ ਜਿੱਥੇ ਸਭ ਨੂੰ ਸ਼ਮੂਲੀਅਤ ਵਿੱਚ ਬਰਾਬਰ ਦਾ ਮੌਕਾ ਦਿੱਤਾ ਜਾਣਾ ਜ਼ਰੂਰੀ ਹੈ ਓਥੇ ਹਰ ਲੇਖਕ ਨੂੰ ਉਸਦੀ ਪ੍ਰਤਿਭਾ ਅਤੇ ਸਾਹਿਤਕ ਦੇਣ ਦੇ ਹਿਸਾਬ ਨਾ਼ਲ ਕਿਤਾਬ ਵਿੱਚ ਉਸਦੀ ਲਿਖਤ ਨੂੰ ਪਹਿਲ ਦੇ ਆਧਾਰ 'ਤੇ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਇੱਕ ਕਿਤਾਬ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਨਾ ਸਿਰਫ ਰਵਾਇਤ ਦੇ ਉਲਟ ਜਾਂਦਿਆਂ ਸੰਪਾਦਕੀ ਟੀਮ ਨੇ ਆਪਣੀਆਂ ਹੀ ਕਹਾਣੀਆਂ ਨੂੰ ਸ਼ੁਰੂ ਵਿੱਚ ਛਾਪਿਆ ਸਗੋਂ ਬਹੁਤ ਸਾਰੇ ਨਾਮਵਰ ਕਹਾਣੀਕਾਰਾਂ ਨੂੰ ਇਸ ਕਿਤਾਬ ਵਿੱਚ ਸ਼ਾਮਲ ਹੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਵਰਤਾਰੇ 'ਚੋਂ ਸੰਪਾਦਕਾਂ ਦੀ ਸਵੈ-ਪਰਮੋਸ਼ਨ ਦੀ ਰੁਚੀ ਝਲਕਦੀ ਹੈ, ਜੋ ਨਹੀਂ ਸੀ ਹੋਣੀ ਚਾਹੀਦੀ।

ਕਾਫ਼ਲਾ ਸੰਚਾਲਕ ਪਰਮਜੀਤ ਦਿਓਲ ਵੱਲੋਂ ਜਿੱਥੇ ਹਾਜ਼ਰ ਲੇਖਕਾਂ ਦਾ ਧੰਨਵਾਦ ਕੀਤਾ ਗਿਆ ਓਥੇ ਸੰਚਾਲਕਾਂ ਵੱਲੋਂ ਸੁਝਾਏ ਗਏ ਪ੍ਰਸਤਾਵ ਨੂੰ ਪਰਵਾਨਗੀ ਦੇਣ ਲਈ ਵੀ ਧੰਨਵਾਦ ਕੀਤਾ ਅਤੇ ਆਪਣੀ ਇੱਕ ਰਚਨਾ ਵੀ ਸਾਂਝੀ ਕੀਤੀ। ਇਸਤੋਂ ਇਲਾਵਾ ਰਿੰਟੂ ਭਾਟੀਆ, ਜਸਵਿੰਦਰ ਸੰਧੂ, ਪਿਆਰਾ ਸਿੰਘ ਕੁੱਦੋਵਾਲ, ਮਨਮੋਹਨ ਸਿੰਘ ਗੁਲਾਟੀ, ਗਿਆਨ ਸਿੰਘ ਦਰਦੀ, ਰਛਪਾਲ ਕੌਰ ਗਿੱਲ, ਡਾਕਟਰ ਜਗਦੀਸ਼ ਚੋਪੜਾ, ਆਦਿ ਨੇ ਵੀ ਇਸ ਮੀਟਿੰਗ ਵਿੱਚ ਹਿੱਸਾ ਲਿਆ। ਗਿਆਨ ਸਿੰਘ ਦਰਦੀ ਅਤੇ ਪਰਮਜੀਤ ਢਿੱਲੋਂ ਵੱਲੋਂ ਵੀ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



CANADIAN
GLASS AND WINDOW

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com

# ਅਲੋਪ ਹੋ ਰਹੇ ਹੋਲੀ ਦੇ ਅਸਲ ਰੰਗ



ਸੁਰਜੀਤ ਸਿੰਘ ਫਲੋਰਾ

ਹੋਲੀ ਦਾ ਤਿਉਹਾਰ ਸਰਦੀ ਤੋਂ ਬਆਦ ਫਸਲਾਂ ਦੀ ਸਾਂਭ ਸੰਭਾਲ ਤੇ ਗਰਮੀ ਦੀ ਸ਼ੁਰੂਆਤ 'ਚ ਹੁਲੇ ਹੁਲਾਰੇ ਦੀ ਆਮਦ 'ਤੇ ਮਨਾਇਆ ਜਾਂਦਾ ਹੈ।ਇਸ ਤਿਓਹਾਰ ਨੂੰ ਹੋਲਕਾ ਨਾਲ ਵੀ ਜੋੜਿਆ ਜਾਂਦਾ ਹੈ, ਰਾਮ ਸੀਤਾ ਨਾਲ ਵੀ ਤੇ ਕ੍ਰਿਸ਼ਨ ਮਹਾਰਾਜ ਨਾਲ ਵੀ। ਵੱਖ-ਵੱਖ ਬੋਲੀਆਂ ਤੇ ਸਭਿਆਚਾਰਾਂ ਦੇ ਦੇਸ਼ ਭਾਰਤ ਵਿੱਚ ਹੋਲੀ ਵੀ ਅਲੱਗ-ਅਲੱਗ ਰਵਾਇਤਾਂ ਤੇ ਢੰਗ ਤਰੀਕਿਆਂ ਨਾਲ ਮਨਾਈ ਜਾਂਦੀ ਹੈ। ਕ੍ਰਿਤੀ ਵੀ ਬੜੀ ਖੁਸ਼ੀ ਵਿਚ ਮਸਤ ਹੋ ਜਾਂਦੀ ਹੈ। ਉਹ ਮਿੱਟੀ ਉਡਾ ਕੇ, ਪੁਰਾਣੇ ਪੱਤੇ ਗਿਰਾ ਕੇ ਅਤੇ ਨਵੇਂ ਫੁੱਲ ਅਤੇ ਪੱਤੇ ਲਹਿਰਾ ਕੇ ਆਪਣੀ ਖੁਸ਼ੀ ਦਰਸਾ ਕੇ ਬਸੰਤ ਦਾ ਅਵਿਨੰਦਨ ਕਰਦੀ ਹੈ।

ਦੇਸ਼ ਦਾ ਅੰਨਦਾਤਾ ਕਿਸਾਨ ਆਪਣੇ ਹਰੇ ਭਰੇ ਖੇਤਾਂ ਨੂੰ ਵੇਖ ਕੇ ਖੁਸ਼ੀ ਨਾਲ ਨੱਚ ਉਠਦਾ ਹੈ। ਹਾੜੀ ਦੀ ਇਸ ਫਸਲ ਦਾ ਸਵਾਗਤ ਹੋਲੀ ਦੇ ਰੂਪ ਵਿਚ ਹੁੰਦਾ ਹੈ। ਲੋਕ ਨਵੇਂ ਅਨਾਜ ਨੂੰ ਹੋਲੀ ਵਿਚ ਜਲਾ ਕੇ ਖਾਂਦੇ ਹਨ। ਪੰਜਾਬ ਵਿਚ ਹੁਣ ਵੀ ਛੋਲੀਏ ਨੂੰ ਅੱਗ ਵਿਚ ਜਲਾ ਕੇ ਖਾਧਾ ਜਾਂਦਾ ਹੈ, ਜਿਸ ਨੂੰ ਪੰਜਾਬੀ ਵਿਚ ਹੋਲਾ' ਆਖਦੇ ਹਨ।

ਜੇਕਰ ਪੁਰਣੇ ਸਮਿਆਂ ਦੀ ਗੱਲ ਕਰੀਏ ਤਾਂ, ਔਰਤਾਂ ਗਲੀਆਂ ਵਿਚ ਰਲ ਮਿਲ ਬੈਠ ਬੋਲੀਆਂ ਪਾ ਕੇ ਧਮਾਲ ਪਾ ਦਿੰਦੀਆਂ ਸਨ। ਪਿਪਲਾਂ ਤੇ ਪੀਘਾ ਪਾ ਕੇ ਮੁਟਿਆਰਾਂ ਪੀਘਾਂ ਝੂਟਦਿਆਂ ਸਨ ਪਰ ਅਫ਼ਸੋਸ ਨਾ ਹੁਣ ਉਹ ਪਿੱਪਲ ਰਹੇ ਤੇ ਨਾ ਹੀ ਉਹੋ ਜਿਹੀਆਂ ਮੁਟਿਆਰਾਂ ਦੀਆਂ ਹਸਰਤਾਂ ਤੇ ਸ਼ੌਕ। ਪੰਜਾਬੀਆਂ ਨੂੰ ਪ੍ਰਦੇਸਾਂ ਵਿਚ ਜਾ ਵਸਣ ਤੇ ਜੋ ਨੌਜਵਾਨ ਬਚੇ ਹਨ ਉਹਨਾਂ ਨੂੰ ਨਸ਼ਿਆਂ ਨੇ ਖਾਂ ਲਿਆ ਹੈ। ਪਰ ਫਿਰ ਵੀ ਉਹ ਵੇਲੇ ਯਾਦ ਆਉਂਦੇ ਹਨ। ਇਨ੍ਹਾਂ ਬੋਲੀਆਂ ਵਿੱਚ ਪੂਰੀ ਪੰਜਾਬੀ ਕੌਮ ਦਾ ਦਿਲ ਧੜਕਦਾ ਹੁੰਦਾ ਸੀ, ਸਮਾਜ ਦਾ ਚਿਹਰਾ, ਸਮਾਂ -ਕਾਲ ਝਾਤੀ ਮਾਰਦਾ ਹੁੰਦਾ ਸੀ। ਇਹ ਬੋਲੀਆਂ ਪੰਜਾਬੀ ਕੌਮ ਦਾ ਮੁਹਾਂਦਰਾ ਹੁੰਦੀਆਂ ਸਨ। ਇਹਨਾਂ ਵਿੱਚ ਪਿਆਰ ਦੇ ਭਾਵ, ਨਫ਼ਰਤ ਦੇ ਭਾਵ , ਮੇਲ - ਮਿਲਾਪ ਅਤੇ ਜੁਦਾਈ ਦਾ ਗ਼ਮ ਹੁੰਦਾ ਸੀ।

ਪਰ ਅੱਜ ਸਮਾਂ ਇੰਨਾ ਬਦਲ ਗਿਆ ਹੈ ਕਿ ਇਕ ਹੀ ਛੱਤ ਹੇਠ ਪਿਉ ਪੁਤਰ, ਮਾਂ ਧੀ ਨਹੀਂ ਰਹਿ ਸਕਦੇ, ਇਕ ਦੂਜੇ ਦੀ ਜਾਨ ਲੈਣ ਲਈ ਤੱਤਪਰ ਰਹਿੰਦੇ ਹਨ। ਪਹਿਲੈ ਸਮਿਆਂ ਵਿਚ ਸਾਰਾ ਪਰਿਵਾਰ ਰਲ ਮਿਲ ਕੇ ਇਕ ਹੀ ਛੱਤ ਹੇਠ ਸਾਰਾਂ ਜੀਵਨ ਕੱਢ ਲੈਂਦਾ ਸੀ।

ਬੋਲੀਆਂ ਵਿੱਚ ਲੜਾਈ ਹੁੰਦੀ ਸੀ, ਸੁਲਹ ਸਲਾਮਤੀ ਹੁੰਦੀ ਸੀ । ਇਸ ਵਿੱਚ ਗਰੂਰ, ਤਾਬੋਰ ਤੇ ਦੇਸ਼ ਭਗਤੀ ਹੁੰਦੀ ਸੀ ।ਇਨ੍ਹਾਂ ਵਿੱਚ ਹੰਝੂਆਂ ਦੀਆਂ ਬਰਸਾਤਾਂ ਤੇ ਹਾਸਿਆਂ ਦੀ ਚਮਕਾਰ ਹੁੰਦੀ ਸੀ। ਨਿਰਾਜ਼ ਤੇ ਮਨਾਉਣ ਦੀ ਗੱਲ੍ਹ ਕਰਦੀਆਂ ਸਨ ਏਹ ਬੋਲੀਆਂ। ਇਨ੍ਹਾਂ ਬੋਲੀਆਂ ਵਿੱਚ ਜ਼ਾਲਮ ਹਾਕਮਾਂ ਲਈ ਵੰਗਾਰ ਅਤੇ ਬੇਸਹਾਰਿਆਂ ਪ੍ਰਤੀ ਹਮਾਇਤ ਦੇ ਭਾਵ ਵੀ ਸ਼ਾਮਿਲ ਹੁੰਦੇ ਸਨ ਹਾਸ-ਵਿਅੰਗ, ਮਿੱਠੀਆਂ ਤੇ ਪਿਆਰੀਆਂ ਗਾਲ੍ਹਾਂ ਵੀ ਹੁੰਦੀਆਂ ਸਨ ।

ਵਿਆਹ ਸ਼ਾਦੀ ਸਮੇਂ ਨਾਨਕਾ ਮੇਲ ਆਂਉਂਦਾ ਹੁੰਦਾ ਸੀ, ਗਲੀਆਂ ਵਿਚ ਪਿੰਡਾਂ ਦੀ ਸੱਥ ਤੱਕ ਉਹਨਾਂ ਬੋਲੀਆਂ ਪਾਉਂਦੇ ਜਾਣਾ, ਜੋ ਵੀ ਸਾਹਮਣੇ ਆਉਂਦਾ ਉਸ ਦੇ ਕੱਪੜੇ ਲਾਹ ਲੈਣੇ ਸਾਇਕਲ ਖੋਹ ਲੈਣੇ, ਬੋਲੀਆਂ ਪਾ-ਪਾ ਕੇ ਨੱਚਣਾ ਤੇ ਗਾਲਾਂ , ਤਾਹਨੇ ਮਿਹਨੇ ਇਹ ਸਭ ਆਮ ਜਿਹੀ ਗੱਲ ਸੀ। ਪਰ ਅੱਜ ਦਾ ਸਮਾਂ ਸ਼ਾਦੀ ਕਦ ਹੋ ਗਈ ਕੁਝ ਪਤਾ ਵੀ ਨਹੀਂ ਲੱਗਦਾ, ਜੇਕਰ ਕੋਈ ਕਿਸੇ ਨਾਲ ਹਾਸੇ ਨਾਲ ਮਜਾਕ ਕਰ ਵੀ ਲਏ, ਉਹ ਝੱਟ ਗਲੇ ਨੂੰ ਜਾਂ ਮਾਂ-ਭੈਣ ਦੀ ਇਕ ਕਰਨ ਨੂੰ ਤਿਆਰ ਰਹਿੰਦਾ ਹੈ।

ਬੋਲੀਆਂ ਵਿੱਚ ਪੰਜਾਬੀ ਸਭਿਆਚਾਰ ਦੇ ਕੀਮਤੀ ਲਿਬਾਸ ਵੱਡਮੁੱਲੇ ਗਹਿਣਿਆਂ ਦਾ ਜ਼ਿਕਰ ਛੇਡ- ਛਾੜ ਤੇ ਰੁਮਾਂਸ, ਦੁਆਲੇ ਤੇ ਬੱਦ ਦੁਆਵਾਂ ਵੀ ਸ਼ਾਮਿਲ ਹੁੰਦੀਆਂ ਸਨ। ਇਨ੍ਹਾਂ ਵਿੱਚ ਰਿਸ਼ਤੇ ਨਾਤੇ ਤੇ ਉਨ੍ਹਾਂ ਦੇ ਗੁਣ ਤੇ ਅਉਗੁਣ ਵੀ ਦਿਖਾਈ ਦਿੰਦੇ ਸਨ। ਇਨ੍ਹਾਂ ਵਿੱਚ ਪੰਛੀਆਂ ਦੀਆਂ ਓਸਾਰੀਆ ਤੇ ਰੁੱਖਾਂ ਦੀਆਂ ਗੱਲਾਂ ਵੀ ਹੁੰਦੀਆਂ ਸਨ। ਪਿਆਰ ਦੇ ਗਿਲੇ- ਸ਼ਿਕਵੇ ਤੇ ਇਸ਼ਕੀਆ ਤਰਲੇ ਵੀ। ਇਨ੍ਹਾਂ ਵਿੱਚ ਸੁਰਾਂ ਵੀ ਨੇ ਤਾਲ ਹੋਕੇ ਤੇ ਹਟਕੋਰੇ ਵੀ ਪਰ ਅੱਜ ਦਾ ਇੰਨਸਾਨ ਸਿਰਫ਼ ਆਪਣੇ ਵਾਰੇ ਸੋਚਦਾ ਹੈ, ਮਤਲਵੀ ਕਿ ਆਪਣੇ ਫਾਇਦੇ ਲਈ ਕਿਸੇ ਵੀ ਹੱਦ ਤੱਕ ਜਾਂ ਸਕਦਾ ਹੈ। ਸਰਘੀ ਵੇਲੇ ਤੋਂ ਲੈਕੇ ਰਾਤ ਦੇ ਪਿਛਲੇ ਪਹਿਰ ਤੱਕ ਪੰਜਾਬੀ ਕੌਮ ਜੋ ਘਾਲਣਾ ਘਾਲਦੀ ਸੀ, ਅੱਜ ਉਹ ਕੇਵਲ ਟੀਵੀ ਚੈਂਨਲਾ ਨੇ ਲੈ ਲਈ, ਇਥੋਂ ਤੱਕ ਕੇ ਬੰਦਾ ਬਜਾਰ ਤੱਕ ਜਾ ਕੇ ਖੁਦ ਸਬਜੀ ਭਾਜੀ ਤੱਕ ਖਰੀਦਣ ਲਈ ਬਾਹਰ ਨਹੀਂ ਨਿਕਲਦਾ ਸਗੋ,ਫੋਨਾਂ ਤੇ ਐਪਸ ਦੀ ਵਰਤੋਂ ਕਰਕੇ ਘਰ ਤੱਕ ਡਿਲਵਰੀ ਕਰਵਾ ਲੈਂਦਾ ਹੈ। ਅੱਜ ਦਾ ਮਨੁਖ ਬਹੁਤ ਕਮਜੋਰ ਪੈ ਚੁਕਾ ਹੈ, ਉਹ ਕਸਰਤਾਂ , ਉਹ ਖਾਣੇ ਸਭ ਅਲੋਪ ਹੋ ਚੁਕੇ ਹਨ।

ਲੋਕ ਬੋਲੀਆਂ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਸਨ। ਇੰਨ੍ਹਾਂ ਵਿੱਚ ਜ਼ਿੰਦਗੀ ਦੇ ਕਈ ਤਜ਼ਰਬੇ, ਸਮਾਜਿਕ ਆਰਥਿਕ ਅਤੇ ਇਤਿਹਾਸਕ ਜਾਣਕਾਰੀ ਸਮਾਈ ਹੋਈ ਹੁੰਦੀ ਸੀ। ਬੋਲੀਆਂ ਕਿਸੇ ਵਿਸ਼ੇਸ਼ ਲੇਖਕ ਦੀਆਂ ਲਿਖੀਆਂ ਨਹੀਂ ਹੁੰਦੀਆਂ ਇੰਨ੍ਹਾਂ ਵਿੱਚ ਸਮੇਂ ਅਤੇ ਸਥਾਨ ਦੇ ਹਿਸਾਬ ਨਾਲ ਵਾਧਾ - ਘਾਟਾ ਹੁੰਦਾ ਰਹਿੰਦਾ ਹੈ। ਤ੍ਰਿਵਣਾ ਵਿੱਚ ਕੱਤਦੀਆਂ ਮੁਟਿਆਰਾਂ ਦੁੱਧ ਰਿੜਕਦੀਆਂ ਸੁਆਣੀਆਂ, ਫੁਲਕਾਰੀਆਂ ਕੱਢਦੀਆਂ ਨੱਢੀਆਂ ਪਤਾ ਨਹੀਂ ਲੋਕ ਬੋਲੀਆਂ ਰੂਪੀ ਖਜ਼ਾਨਾ ਕਿੰਨਾ ਵਧਾ ਦਿੰਦੀਆਂ ਸਨ। ਪਰ ਅੱਜ ਦੁੱਧ ਕੌਣ ਰਿੜਕਦਾ ਹੈ, ਪੈਕਟਾਂ ਵਾਲੇ ਦਹੀ, ਬੋਤਲਾਂ'ਚ ਲੱਸੀ, ਜਿਸ ਮਰਜੀ ਕੋਨੇ ਦੇ ਠੇਲੇ ਤੋਂ ਲੈ ਲਉ।

ਅੱਜ ਉਹ ਹੋਲੀ ਦਾ ਮਜਾ ਵੀ ਨਹੀਂ ਰਿਹਾ, ਹੋਲੀ ਦੀ ਆੜ ਹੇਠ ਮਾਵਾਂ ਭੈਣਾ ਨਾਲ ਦੁਰਵਿਵਹਾਰ ਕੀਤੇ ਜਾਂਦੇ ਹਨ। ਉਹਨਾਂ ਦੀਆਂ ਇਜ਼ਤਾਂ ਨਾਲ ਖੇੜਿਆ ਜਾਂਦਾ ਹੈ।

ਖੁਸ਼ੀਆਂ ਦੇ ਇਸ ਤਿਓਹਾਰ ਸਮੇਂ ਕੁੱਝ ਸਾਵਧਾਨੀਆਂ ਵਰਤਣੀਆਂ ਜਰੂਰੀ ਹਨ।ਕਿਉਂਕਿ ਨਾ ਤਾਂ ਅੁਹ ਰੰਗ ਰਹੇ ਨਾ ਉਹ ਪਿਆਰ ਮੁਹੱਬਤ ਵਾਲੇ ਲੋਕ, ਰੰਘਾ ਵਿਚ ਮਿਲਾਵਟ, ਕੈਮੀਕਲ ਮਿਲੇ ਹੁੰਦੇ ਹਨ। ਜਿਸ ਕਰਕੇ ਹੋਲੀ ਖੇਡਣ ਤੋਂ ਪਹਿਲਾਂ ਸਰੀਰਾਂ 'ਤੇ ਸਰੋਂ ਦਾ ਤੇਲ ਜਾਂ ਨਾਰੀਅਲ ਦਾ ਤੇਲ ਲਗਾ ਲਿਆ ਜਾਵੇ।ਅੱਖਾਂ 'ਤੇ ਚਸਮੇਂ ਲਗਾ ਲਏ ਜਾਣ।ਚਾਇਨਾਂ ਦੇ ਰੰਗ ਨਾ ਵਰਤੇ ਜਾਣ।ਕੁਦਰਤੀ ਰੰਗ ਜੋ ਕੇਸੂ ਦੇ ਫੁੱਲਾਂ ਤੋਂ ਤਿਆਰ ਹੁੰਦਾ ਹੈ ਵਰਤਿਆ ਜਾਵੇ।ਖਾਣ ਵਾਲੇ ਰੰਗ ਮਿਲਾ ਕੇ ਆਪ ਹੀ ਸੁੱਕੇ ਗਿੱਲੇ ਰੰਗ ਤਿਆਰ ਕਰ ਲਏ ਜਾਣ।ਕਾਲਾ ਤੇਲ, ਗਰੀਸ, ਚਿੱਕੜ, ਗੰਦੇ ਪਾਣੀ ਦੀ ਵਰਤੋਂ ਨਾ ਕੀਤੀ ਜਾਵੇ।ਮੋਟਰਸਾਈਕਲਾਂ 'ਤੇ ਗਲੀਆਂ ਬਜ਼ਾਰਾਂ ਵਿੱਚ, ਰਾਹ ਜਾਂਦੇ ਰਾਹੀਆਂ ਤੇ ਰੰਗ ਸੁੱਟਣ ਤੋਂ ਪਰਹੇਜ਼ ਕੀਤਾ ਜਾਵੇ।ਰੰਗ ਉਤਾਰਨ ਲਈ ਨਹਾਉਣ ਵਾਲੇ ਸਾਬਣ ਦੀ ਹੀ ਵਰਤੋਂ ਕੀਤੀ ਜਾਵੇ।ਚਮੜੀ ਨੂੰ ਖਰੋਚ ਆਉਣ ਤੋਂ ਬਚਾਇਆ ਜਾਵੇ। ਹੋਲੀ ਦੀ ਆੜ ਵਿੱਚ ਪਰਾਈਆਂ ਔਰਤਾਂ ਨਾਲ ਛੇੜ-ਛਾੜ ਕਰਨ ਤੋਂ ਨਾ ਕੀਤੀ ਜਾਵੇ।

ਸਾਡੇ ਦੇਸ਼ ਵਿਚ ਹੋਲੀ ਦਾ ਤਿਉਹਾਰ ਆਪਣੀ ਖਾਸ ਮਹੱਤਤਾ ਰੱਖਦਾ ਹੈ। ਮੁਸਲਮਾਨ ਜੋ ਆਨੰਦ ਈਦ ਵਿਚ ਅਤੇ ਈਸਾਈ ਕ੍ਰਿਸਮਿਸ ਵਿਚ ਲੈਂਦੇ ਹਨ,ਹਿੰਦੁਆਂ ਨੂੰ ਉਹੀ ਅਨੰਦ ਹੋਲੀ ਦਾ ਤਿਉਹਾਰ ਪ੍ਰਦਾਨ ਕਰਦਾ ਹੈ। ਹੋਲੀ ਦੇ ਆਉਣ ਤੇ ਸਭ ਲੋਕ ਖੁਸ਼ੀਆਂ ਨਾਲ ਨੱਚ ਉਠਦੇ ਹਨ। ਮਨੁੱਖਾਂ ਦੇ ਵਿੱਚ ਪਈਆਂ ਤਰੇੜਾਂ ਮਿਟ ਜਾਂਦੀਆਂ ਹਨ ਅਤੇ ਸਾਰੇ ਇਕ ਦੂਜੇ ਦੇ ਗਲੇ ਮਿਲ ਕੇ ਪਰਮਪਿਤਾ ਪਰਮ-ਾਤਮਾ ਦੇ ਪੁੱਤਰ ਹੋਣ ਨੂੰ ਸੱਚ ਸਾਬਤ ਕਰ ਦਿੰਦੇ ਸਨ ਜਿਸ ਦੀ ਅੱਜ ਫਿਰ ਬਹੁਤ ਲੋੜ ਹੈ। ਹੋਲੀ ਦਾ ਤਿਉਹਾਰ ਹਰ ਸਾਲ ਫੱਗਨ ਦੀ ਸ਼ੁਕਲ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਸਾਡੇ ਦੇਸ਼ ਦੇ ਪ੍ਰਮੁੱਖ ਤਿਉਹਾਰ ਦਾ ਸੰਬੰਧ ਅਨੇਕਾਂ ਪੁਰਾਣੀਆਂ ਕਹਾਣੀਆਂ ਨਾਲ



ਪ੍ਰਚੱਲਤ ਹੈ। ਹੋਲੀ ਦਾ ਸੰਬੰਧ ਪ੍ਰਹਿਲਾਦ ਦੀ ਕਥਾ ਦੇ ਨਾਲ ਜੁੜਿਆ ਹੋਇਆ ਹੈ । ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਇਕ ਰਾਜਾ ਸੀ ਜੋ ਕਿਸੇ ਨੂੰ ਈਸ਼ਵਰ ਦਾ ਭਜਨ ਨਹੀਂ ਕਰਨ ਦਿੰਦਾ ਸੀ। ਪ੍ਰਹਿਲਾਦ ਭਗਵਾਨ ਦਾ ਪਰਮ ਭਗਤ ਸੀ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਦੇ ਅਨੇਕਾਂ ਢੰਗ ਅਪਣਾਏ ਪਰ ਭਗਵਾਨ ਦੇ ਭਗਤ ਨੂੰ ਕੌਣ ਮਾਰ ਸਕਦਾ ਹੈ ? ਪਰੰਤੂ ਉਸ ਦੀ ਭੁਆ ਨੇ ਉਸਨੂੰ ਅੱਗ ਵਿੱਚ ਜਲਾਉਣ ਦੀ ਯੋਜਨਾ ਬਣਾਈ। ਹੋਲਿਕਾ ਨੂੰ ਅੱਗ ਵਿਚ ਨਾ ਜਲਣ ਦਾ ਵਰਦਾਨ ਮਿਲਿਆ ਹੋਇਆ ਸੀ। ਪ੍ਰਹਿਲਾਦ ਆਪਣੀ ਭੂਆ ਦੇ ਨਾਲ ਅੱਗ ਵਿਚ ਬੈਠ ਗਿਆ। ਪ੍ਰਹਿਲਾਦ ਤਾਂ ਜੀਉਂਦਾ ਬਚ ਨਿਕਲਿਆ ਪਰ ਹੋਲਿਕਾ ਸੜ ਗਈ ।

ਇਸ ਖੁਸ਼ੀ ਭਰੇ ਵਾਤਾਵਰਣ ਵਿਚ ਲੋਕ ਇਸ ਦਿਨ ਇਕ-ਦੂਜੇ ਉੱਤੇ ਰੰਗ ਪਾ ਕੇ ਇਹ ਤਿਉਹਾਰ ਮਨਾਉਂਦੇ ਹਨ। ਹੋਲਿਕਾ ਨੂੰ ਜਲਾਇਆ ਜਾਂਦਾ ਹੈ। ਹਰੇਕ ਗਲੀ ਅਤੇ ਬਾਜ਼ਾਰ ਵਿਚ ਲਕੜਾਂ ਦੇ ਢੇਰ ਜਲਾਏ ਜਾਂਦੇ ਹਨ ਅਤੇ ਅੱਗ ਦੀਆਂ ਲਪਟਾਂ ਨੂੰ ਵੇਖਕੇ ਲੋਕ ਭਗਤ ਪ੍ਰਹਿਲਾਦ ਨੂੰ ਯਾਦ ਕਰਕੇ ਈਸ਼ਵਰ ਦਾ ਗੁਣਗਾਣ ਕਰਦੇ ਹਨ।

ਹੋਲਿਕਾ ਨੂੰ ਸਾੜਨ ਦੇ ਬਾਅਦ ਲੋਕ ਹਸਦਿਆਂ-ਖੇਡਦਿਆਂ ਇਕ ਦੂਜੇ ਤੋਂ ਗੁਲਾਲ ਪਾਉਂਦੇ ਅਤੇ ਪੁਰਾਣੇ ਵੈਰ-ਵਿਰੋਧ ਭੁਲਾ ਕੇ ਇਕ ਦੂਜੇ ਦੇ ਗਲੇ ਮਿਲਦੇ ਹਨ। ਵੱਡੇ ਵੱਡੇ ਸ਼ਹਿਰਾਂ ਵਿਚ ਹੁਣ ਇਸ ਦਿਨ ਸੰਗੀਤ ਸਮਾਰੋਹ ਵੀ ਹੋਣ ਲੱਗੇ ਹਨ। ਲੋਕ ਅਬੀਰ ਅਤੇ ਗੁਲਾਲ ਦੇ ਨਾਲ-ਨਾਲ ਸੰਗੀਤ ਦਾ ਅਨੰਦ ਲੈਂਦੇ ਹਨ।

ਸੁਤੰਤਰ ਭਾਰਤ ਵਿਚ ਇਹਨਾਂ ਤਿਉਹਾਰਾਂ ਦੀ ਮਹੱਤਤਾ ਹੋਰ ਵੀ ਵਧ ਗਈ। ਹੈ। ਇਹ ਤਿਉਹਾਰ ਸਾਡੀ ਏਕਤਾ, ਸੰਸਕ੍ਰਿਤੀ ਅਤੇ ਸਭਿਅਤਾ ਦੇ ਮਹਾਨ ਰਾਖੇ ਬਣ ਗਏ ਹਨ ਅਜਕਲ ਹੋਲੀ ਦੇ ਮਨਾਉਣ ਵਿਚ ਕੁਝ ਬੁਰਾਈ ਆ ਗਈ ਹੈ। ਕੁਝ ਲੋਕ ਗੰਦਗੀ ਜਾਂ ਤਾਰਕੋਲ ਪਾ ਕੇ, ਗਾਲਾਂ ਕੱਢ ਕੇ ਜਾਂ ਸ਼ਰਾਬ ਪੀ ਕੇ ਹੋਲੀ ਦੇ ਮਹੱਤਵ ਦਾ ਘਟਾ ਕਰਦੇ ਹਨ। ਕੁਝ ਮਹਿੰਗਾਈ ਕਰਕੇ ਵੀ ਲੋਕ ਕੱਪੜੇ ਖਰਾਬ ਕਰਨਾ ਪਸੰਦ ਨਹੀਂ ਕਰਦੇ, ਇਸ ਕਰਕੇ ਹੋਲੀ ਦਾ ਮਹੱਤਵ ਕੁਝ ਘਟ ਗਿਆ ਹੈ।

ਸਾਡਾ ਕਰੱਤਵ ਹੈ ਕਿ ਅਸੀਂ ਆਪਣੇ ਤਿਉਹਾਰਾਂ ਨੂੰ ਬੜੀ ਖੁਸ਼ੀ ਨਾਲ ਮਨਾਈਏ ਅਤੇ ਇਹਨਾਂ ਦੀ ਮਹੱਤਤਾ ਨੂੰ ਵੀ ਬਣਾਈ ਰੱਖਈਏ।

ਉਹੋ ਜਿਹਾ ਮਾਹੌਲ ਬਣਾਈਏ ਜੋ ਕਦੇ ਸਾਡੇ ਬਜੁਰਗਾਂ ਨੇ ਸਿਰਜਿਆ ਸੀ। ਜਿਸ ਵਿਚ ਏਕਾ , ਪਿਆਰ ਮੁਹੱਬਤ, ਹਸਰਤ, ਹੁੰਦੀ ਸੀ ਹੋਲੀ ਦੀਆਂ ਸਭ ਨੂੰ ਬਹੁਤ ਬਹੁਤ ਮੁਬਾਰਕਾ .

# ਯੂ ਪੀ ਵਿੱਚ ਯੋਗੀ ਦੀ ਜਿੱਤ ਦੇ ਬਾਅਦ ਅੱਗੇ ਦੀ ਸਿਆਸਤ

-ਵਿਜੇ ਵਿਦਰੋਹੀ

ਉਤਰ ਪ੍ਰਦੇਸ਼ ਆਪਣੇ ਆਪ ਵਿੱਚ ਇੱਕ ਸੂਬਾ ਹੀ ਨਹੀਂ, ਇਹ ਆਪਣੇ ਆਪ ਵਿੱਚ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਰਾਜ ਹੈ। ਚੀਨ, ਭਾਰਤ, ਅਮਰੀਕਾ, ਇੰਡੋਨੇਸ਼ੀਆ ਦੇ ਬਾਅਦਸਥਾਨ ਤੇ ਆਬਾਦੀ ਦੇ ਹਿਸਾਬ ਨਾਲਉੱਤਰ ਪ੍ਰਦੇਸ਼ ਆਉਂਦਾ ਹੈ। ਪਾਕਿਸਤਾਨ ਦੇ ਲੱਗਭਗ ਬਰਾਬਰ, ਬ੍ਰਿਟੇਨ, ਜਰਮਨੀ, ਫਰਾਂਸ ਅਤੇ ਇਟਲੀ ਦੀ ਕੁਲ ਆਬਾਦੀ ਯੂ ਪੀ ਤੋਂ ਕੁਝ ਵੱਧ ਹੈ, ਅਜਿਹੇ ਵਿੱਚ ਯੂ ਪੀ ਦੀ ਸਿਆਸਤ ਜੋ ਵੀ ਪਾਸ ਲੈਂਦੀ ਹੈ, ਉਸ ਨਾਲ ਪੂਰੇ ਭਾਰਤ ਦੇਸ਼ ਦਾ ਪ੍ਰਭਾਵਤ ਹੋਣਾ ਤੈਅ ਹੈ ਅਤੇ ਉਸ ਕਰਵਟ ਦੇ ਪੱਖ ਦਾ ਪਾਸਾ ਲੈਣਾ ਜਾਂ ਲੈਣ ਦੀ ਕੋਸ਼ਿਸ਼ ਕਰਨੀ ਤੈਅ ਹੈ। ਗੁਜਰਾਤ ਦੇ ਬਾਅਦ ਸੰਘ ਪਰਵਾਰ ਅਤੇ ਭਾਜਪਾ ਲਈ ਉੱਤਰ ਪ੍ਰਦੇਸ਼ ਦੂਜੀ ਵੱਡੀ ਪ੍ਰਯੋਗਸ਼ਾਲਾ ਬਣ ਗਈ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਹਰ ਵਾਰ, ਹਰ ਮੌਕੇ-ਬੇਮੌਕੇ ਹਿੰਦੂ-ਮੁਸਲਮਾਨ ਕਰਨ ਦੀ ਲੋੜ ਨਹੀਂ, ਫਿਰਕੂਪੁਣੇ ਧਰੁਵੀਕਰਨ ਲਈ ਮੱਥਾ ਲਾਉਣ ਦੀ ਲੋੜ ਨਹੀਂ।ਸੀ ਐਸ ਡੀ ਐਸ ਦਾ ਸਰਵੇ ਦੱਸਦਾ ਹੈ ਕਿ ਯੂ ਪੀ ਵਿੱਚ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ 45 ਫੀਸਦੀ ਹਿੰਦੂ ਵੋਟਰਾਂ ਦਾ ਹਿੰਦੂਕਰਨ ਹੋ ਗਿਆ ਸੀ, ਭਾਵ ਅਜਿਹੇ ਹਿੰਦੂਆਂ ਨੇ ਹਰ ਹਾਲਾਤ ਵਿੱਚ ਕਮਲ ਦਾ ਹੀ ਬਟਨ ਦਬਾਉਣਾ ਸੀ। ਇਸ ਦੇ ਬਾਅਦ ਲੱਗਦਾ ਹੈ ਕਿ ਇਹ ਗਿਣਤੀ 55 ਫੀਸਦੀ ਤੋਂ ਟੱਪ ਗਈ ਹੈ। ਜਿਸ ਯੂ ਪੀ ਵਿੱਚ ਖੁਦ ਭਾਜਪਾ ਦੇ ਨੇਤਾ ਕਹਿੰਦੇ ਰਹੇ ਕਿ ਸਾਨੂੰ 20 ਫੀਸਦੀ ਮੁਸਲਮਾਨ, 12 ਫੀਸਦੀ ਜਾਟ ਅਤੇ 8 ਫੀਸਦੀ ਯਾਦਵ ਦੀਆਂ ਵੋਟਾਂ ਨਾਂਹ ਦੇ ਬਰਾਬਰ ਮਿਲਦੀਆਂ ਹਨ, ਭਾਵ ਬਾਕੀ ਬਚੀਆਂ 60 ਫੀਸਦੀ ਵਿੱਚੋਂ 40 ਫੀਸਦੀ ਵੋਟਾਂ ਦਾ ਜੁਗਾੜ ਕਰਨਾ ਹੈ, ਉਸੇ ਯੂ ਪੀ ਵਿੱਚ ਸਾਰੇ ਉਲਟ ਕਾਰਨਾਂ ਦੇ ਬਾਵਜੂਦ ਭਾਜਪਾ ਨੂੰ ਜੋ ਕਾਮਯਾਬੀ ਹਾਲਤ ਹੋਈ ਹੈ, ਉਸ ਤੋਂ ਸਾਫ ਹੈ ਕਿ ਹਿੰਦੂ ਵੋਟ ਆਪਣਾ ਕਮਾਲ ਦਿਖਾ ਰਹੇ ਹਨ ਅਤੇ ਕਮਲ ਖ਼ਿੜਾ ਰਹੇ ਹਨ।

ਜਦੋਂ ਭਾਜਪਾ ਨੂੰ ਸੱਤਾ ਵਿੱਚ ਵਾਪਸੀ ਦਾ ਇੰਨਾ ਸੌਖਾ ਰਸਤਾ ਮਿਲ ਗਿਆ ਤਾਂ ਭਾਜਪਾ ਨੂੰ ਉੱਤਰ ਪ੍ਰਦੇਸ਼ ਵਿੱਚ ਕਦੀ ਹਰਾਇਆ ਹੀ ਨਹੀਂ ਜਾ ਸਕੇਗਾ। ਕੀ ਯੂ ਪੀ ਵਿੱਚ ਭਾਜਪਾ ਦੀ ਰਣਨੀਤੀ ਦਾ ਵਿਸਥਾਰ ਆਸੇ-ਪਾਸੇ ਦੇ ਉਤਰੀ ਭਾਰਤੀ ਰਾਜਾਂ ਵਿੱਚ ਨਹੀਂ ਹੋਵੇਗਾ? ਕੀ ਇਹ ਮੰਨ ਕੇ ਚੱਲਿਆ ਜਾਵੇ ਕਿ ਯੂ ਪੀ ਨੇ ਚੋਣ ਜਿੱਤਣ ਦਾ ਨਵਾਂ ਮੰਤਰ ਦਿੱਤਾ ਹੈ? ਬੀ ਪੀ ਐਲ (ਬੀਲੋਅ ਪਾਵਰਟੀ ਲਾਈਨ) ਨੂੰ 5 ਕਿਲੋ ਅਨਾਜ ਦਿਓ ਅਤੇ 5 ਸਾਲ ਸੱਤਾ ਸੁੱਖ ਭੋਗੋ, ਬੁਲਡੋਜ਼ਰ ਚਲਾਓ ਅਤੇ ਪਰਮ ਸੁੱਖ ਪਾਓ। ਹਿੰਦੂਤਵ ਦਾ ਵਿਸਥਾਰ ਉਚ ਜਾਤਾਂ ਦੇ ਇਲਾਵਾ ਗੈਰ-ਯਾਦਵ ਓ ਬੀ ਸੀ ਵਿੱਚ ਕਰੋ ਅਤੇ ਐਂਟੀ ਇੰਕੰਬੈਂਸੀ ਦਾ ਇਲਾਜ ਕਰੋ। ਕਿਸਾਨਾਂ ਨੂੰ ਛੇ ਹਜ਼ਾਰ ਰੁਪਏ ਸਾਲਾਨਾ ਦਿਓ, ਡਾਇਰੈਕਟ ਬੈਨੇਫਿਟ ਟਰਾਂਸਫਰ ਦੇ ਹੇਠ ਪੈਸਾ ਜਮ੍ਹਾ ਕਰਾਓ ਅਤੇ ਵਾਰ-ਵਾਰ ਯਾਦ ਦਿਵਾਓ ਕਿ ਨਮਕ ਦਾ ਹੱਕ ਅਦਾ ਕਰਨਾ ਚੰਗੀ ਸਿਹਤ ਦੀ ਨਿਸ਼ਾਨੀ ਹੈ।

ਯੂ ਪੀ ਦੇ ਨਤੀਜੇ ਇਸ ਤੋਂ ਵੱਡੇ ਸੰਕੇਤ ਦਿੰਦੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਸ਼ਾਨਦਾਰ ਵਾਪਸੀ ਦੇ ਬਾਅਦ ਵਿਰੋਧੀ ਧਿਰਾਂ ਨੇ 'ਮੈਂ ਵੀ ਹਿੰਦੂ, ਮੈਂ ਵੀ ਹਿੰਦੂ' ਦਾ ਰਾਗ ਅਲਾਪਣਾ ਸ਼ੁਰੂ ਕੀਤਾ ਸੀ। ਰਾਹੁਲ ਗਾਂਧੀ ਨੇ ਮੰਦਿਰ-ਮੰਦਿਰ ਜਾਣਾ ਸ਼ੁਰੂ ਕੀਤਾ, ਅਖਿਲੇਸ਼ ਯਾਦਵ ਨੇ ਮੁਸਲਮਾਨਾਂ ਦੇ ਪੱਖ ਵਿੱਚ ਖੁੱਲ੍ਹ ਕੇ ਬੋਲਣਾ ਬੰਦ ਕੀਤਾ, ਮਮਤਾ ਬੈਨਰਜੀ ਨੇ ਚੋਣ ਸਭਾਵਾਂ ਵਿੱਚ ਖੁਦ ਨੂੰ ਦੁਰਗਾ ਮਾਂ ਦਾ ਭਗਤ ਦੱਸਣਾ ਸ਼ੁਰੂ ਕੀਤਾ, ਇੱਥੋਂ ਤੱਕ ਕਿ ਪ੍ਰਿਅੰਕ ਗਾਂਧੀ ਨੇ ਵੀ ਚੋਣ ਰੈਲੀਆਂ ਵਿੱਚ ਸਲੋਕ ਬੋਲਣੇ ਸ਼ੁਰੂ ਕੀਤੇ, ਪਰ ਇੰਨੇ ਨਾਲ ਵੀ ਵਿਰੋਧੀ ਧਿਰ ਦਾ ਕੰਮ ਬਣਦਾ ਦਿੱਸ ਨਹੀਂ ਰਿਹਾ। ਯੂ ਪੀ ਵਿੱਚ ਭਾਜਪਾ ਨੇ ਹਿੰਦੂਵਾਦੀਆਂ ਦੀ ਫ਼ੌਜ ਖੜ੍ਹੀ ਕੀਤੀ ਹੈ ਅਤੇ ਇਸ ਵਿੱਚ ਵਾਧਾ ਵੀ ਹੋ ਰਿਹਾ ਹੈ। ਰਾਸ਼ਟਰੀ ਧਿਰਾਂ ਨੇ ਭਾਜਪਾ ਦੇ ਨਾਲ-ਨਾਲ ਮੁਸਲਮਾਨਾਂ ਨੂੰ ਹਾਸ਼ੀਏ ਉੱਤੇ ਪਾ ਦਿੱਤਾ ਹੈ, ਕੀ ਯੂ ਪੀ ਇਹੀ ਸੰਕੇਤ ਦੇ ਰਿਹਾ ਹੈ ਕਿ ਦੇਸ਼ ਭਰ ਵਿੱਚ ਵੀ ਅਜਿਹਾ ਹੀ ਹੋਣ ਵਾਲਾ ਹੈ ਜਾਂ ਅਜਿਹਾ ਹੀ ਹੋਣ ਜਾ ਰਿਹਾ ਹੈ?

ਚੋਣ ਜਿੱਤਣ ਤੱਕ ਇਹ ਠੀਕ ਹੈ, ਪਰ ਇਹ ਸਥਾਈ ਭਾਵ ਹੁੰਦਾ ਜਾ ਰਿਹਾ ਹੈ। ਪਹਿਲਾਂ ਚੋਣਾਂ ਦੌਰਾਨ ਹੀ ਆਪਸੀ ਬਵਾਲ ਹੋਇਆ ਕਰਦੇ ਸਨ, ਪਹਿਲਾਂ ਚੋਣਾਂ ਦੌਰਾਨ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰ ਦੇ ਮਾਲ ਵਿੱਚ ਹਿੰਦੂ-ਮੁਸਲਿਮ ਹੋਇਆ ਕਰਦਾ ਸੀ, ਅੱਜਕੱਲ੍ਹ ਯੂ ਪੀ ਵਿੱਚ ਸਾਲ ਭਰ ਦਿੱਸਣ ਲੱਗਾ ਹੈ। ਕਦੇ ਧਰਮ ਬਦਲਣਾ ਉਛਲ ਜਾਂਦਾ ਹੈ ਤਾਂ ਕਦੀ ਗਊ ਹੱਤਿਆ, ਕਦੀ ਕਾਨੂੰਨ ਵਿਵਸਥਾ ਦੇ ਨਾਂ ਉੱਤੇ ਜਬਰੀ ਵੰਦੇ ਮਾਤਰਮ ਬੁਲਵਾਇਆ ਜਾਂਦਾ ਹੈ ਤਾਂ ਕਦੀ ਆਬਾਦੀ ਦੇ ਕਾਨੂੰਨ ਦਾ ਸ਼ੋਸ਼ਾ ਛੱਡ ਦਿੱਤਾ ਜਾਂਦਾ ਹੈ। ਉਤਰਾਖੰਡ ਵਿੱਚ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਵੋਟਿੰਗ ਤੋਂ ਪਹਿਲਾਂ ਯੂਨੀਫਾਰਮ ਸਿਵਲ ਕੋਡ ਦੀ ਗੱਲ ਚੁੱਕ ਦਿੱਤੀ ਅਤੇ ਯੂ ਪੀ ਦੇ ਬਹੁਤ ਸਾਰੇ ਨੇਤਾਵਾਂ ਨੇ ਇਸ ਨੂੰ ਉਠਾ ਲਿਆ।

ਵੱਡਾ ਸਵਾਲ ਉਠਦਾ ਹੈ ਕਿ ਵਿਰੋਧੀਆਂ ਨੇ ਇਸ ਦਾ ਤੋੜ ਕੱਢਣਾ ਹੈ ਜਾਂ ਫਿਰ ਭਾਜਪਾ ਦੀ ਹਿੰਦੂਧਾਰਾ ਵਿੱਚ ਵਹਿ ਜਾਣਾ ਹੈ? ਇਸ ਤੋਂ ਵੀ ਵੱਡਾ ਸਵਾਲ ਹੈ ਕਿ ਵਿਰੋਧੀ ਧਿਰ ਕੀ ਸਿੱਖ ਲਵੇਗੀ ਕਿ ਇੱਕ ਹੋਏ ਬਿਨਾਂ ਕਿਸੇ ਵੀ ਕੀਮਤ ਉਤੇ ਭਾਜਪਾ ਨੂੰ ਹਰਾਇਆ ਨਹੀਂ ਜਾ ਸਕਦਾ? ਕੁਝ ਰਾਜਾਂ ਵਿੱਚ ਹਾਲਤ ਇਹ ਹੈ ਕਿ ਯੂ ਪੀ ਵਰਗੇ ਕੁਝ ਸੂਬਿਆਂ ਵਿੱਚ ਇੱਕ ਦੋ ਵਿਰੋਧੀ ਧਿਰਾਂ ਦੇ ਇੱਕ ਹੋਣ ਨਾਲ ਵੀ ਭਾਜਪਾ ਹਾਰਨ ਵਾਲੀ ਨਹੀਂ, ਸਾਰੀਆਂ ਧਿਰਾਂ ਨੂੰ ਇਕੱਠੇ ਆਉਣਾ ਹੋਵੇਗਾ ਪਰ ਕੀ ਅਜਿਹਾ ਹੋ ਸਕੇਗਾ? ਯੂ ਪੀ ਵਿੱਚ ਮਾਇਆਵਤੀ, ਅਖਿਲੇਸ਼ ਤੇ ਪ੍ਰਿਅੰਕਾ ਗਾਂਧੀ ਆਪਸੀ ਮਤਭੇਦ ਭੁਲਾ ਕੇ ਕੀ ਇੱਕ ਮੰਚ ਉਤੇ ਆ ਸਕਣਗੇ? ਕੀ ਨੇਤਾਵਾਂ ਦੇ ਵਾਪਸ



ਆਉਣ ਨਾਲ ਵੀ ਵੋਟ ਟਰਾਂਸਫਰ ਹੋ ਸਕੇਗੀ? ਯੂ ਪੀ ਤੋਂ ਕੀ ਇਸ ਦੀ ਸ਼ੁਰੂਆਤ ਹੋਵੇਗੀ? ਕੀ ਯੂ ਪੀ ਇੱਕ ਵਾਰਨਿੰਗ ਦਾ ਕੰਮ ਦੇਸ਼ ਭਰ ਵਿੱਚ ਵਿਰੋਧੀ ਪਾਰਟੀਆਂ ਲਈ ਕਰੇਗਾ? ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚਸਮਾਜਵਾਦੀ ਪਾਰਟੀ ਅਤੇ ਬਸਪਾ ਇੱਕ ਹੋਏ ਤਾਂ ਭਾਜਪਾ ਨੇ 50 ਫੀਸਦੀ ਵੋਟਾਂ ਦਾ ਟੀਚਾ ਰੱਖਿਆ ਅਤੇ ਉਸ ਨੂੰ ਲੱਗਭਗ ਹਾਸਲ ਵੀ ਕਰ ਲਿਆ। ਇਹ ਵਿਰੋਧੀ ਧਿਰ ਲਈ ਸਭ ਤੋਂ ਵੱਡੀ ਚੁਣੌਤੀ ਹੈ ਅਤੇ ਭਾਜਪਾ ਨੂੰ ਆਉਣ ਆਫ ਬਾਕਸ ਆਈਡੀਆ ਨਾਲ ਹੀ ਹਰਾਇਆ ਜਾ ਸਕਦਾ ਹੈ।

ਤਤਕਾਲੀਨ ਤੌਰ ਉਤੇ ਦੇਖਿਆ ਜਾਵੇ ਤਾਂ ਮਾਇਆਵਤੀ 10 ਸਾਲਾਂ ਤੋਂ ਸੱਤਾ ਤੋਂ ਬਾਹਰ ਹੈ। ਅਜੇ ਉਹ 15 ਸਾਲ ਸੱਤਾ ਤੋਂ ਬਾਹਰ ਜਾਵੇਗੀ। ਰਾਜ ਸਭਾ ਵਿੱਚ ਵੀ ਆਪਣੇ ਉਮੀਦਵਾਰ ਜਿਤਾਉਣ ਦੀ ਸਮਰੱਥਾ ਉਸ ਕੋਲ ਨਹੀਂ। ਸਵਾਲ ਉਠਦਾ ਹੈ ਕਿ ਕੀ ਸਮਝਿਆ ਜਾਵੇ ਕਿ ਬਹੁਜਨ ਸਮਾਜ ਪਾਰਟੀ ਨਜਿੱਠਣ ਸਮੇਟਣ ਵੱਲ ਹੈ। ਇਹੀ ਗੱਲ ਕੁਝ ਹੱਦ ਤੱਕ ਅਖਿਲੇਸ਼ ਯਾਦਵ ਲਈ ਕਹੀ ਜਾ ਸਕਦੀ ਹੈ। ਸਵਾਲ ਉਠਦਾ ਹੈ ਸਮਾਜਵਾਦੀ ਅਤੇ ਬਸਪਾ ਵਿੱਚ ਜੋ ਮਾਯੂਸੀ, ਨਾਉਮੀਦੀ ਆਵੇਗੀ, ਉਸ ਨੂੰ ਕਾਂਗਰਸ ਕਿਸ ਹੱਦ ਤੱਕ ਭੁਨਾ ਪਾ ਸਕੇਗੀ? ਕੀ ਉਤਰ ਪ੍ਰਦੇਸ਼ ਵਿੱਚ ਪ੍ਰਿਅੰਕਾ ਗਾਂਧੀ ਅਗਲੀਆਂ ਲੋਕ ਸਭਾ ਚੋਣਾਂ ਤੱਕ ਰਹੇਗੀ ਅਤੇ ਕਾਂਗਰਸ ਨੂੰ ਭਾਜਪਾ ਦੇ ਮੁਕਾਬਲੇ ਖੜ੍ਹਾ ਕਰਨ ਦੀ ਕੋਸ਼ਿਸ਼ ਕਰੇਗੀ, ਸਮਾਜਵਾਦੀਅਤੇ ਬਸਪਾ ਵਿੱਚ ਟੁੱਟ-ਫੁੱਟ ਹੋਵੇਗੀ ਅਤੇ ਯੂ ਪੀ ਦੇ ਲੋਕ ਕਾਂਗਰਸ ਨੂੰ ਗੰਭੀਰ ਬਾਦਲ ਦੇ ਰੂਪ ਵਿੱਚ ਲੈਣਾ ਸ਼ੁਰੂ ਕਰਨਗੇ? ਯੂ ਪੀ ਨਾਲ ਇਸ ਦੀ ਸ਼ੁਰੂਆਤ ਹੋਵੇਗੀ ਤਾਂ ਕੀ ਇਸਦਾ ਵਿਸਥਾਰ ਦੂਸਰੇ ਸੂਬਿਆਂ ਵਿੱਚ ਵੀ ਹੋਵੇਗਾ?

ਅਖੀਰ ਵਿੱਚ ਤਿੰਨ ਸਵਾਲ ਮੁੜ ਯਾਦ ਕਰ ਲਏ ਜਾਣ। ਇੱਕ, ਹਿੰਦੂਤਵ ਦਾ ਵਿਸਥਾਰ ਕੀ ਚੋਣ ਜਿੱਤਣ ਦਾ ਨਵਾਂ ਮੰਤਰ ਹੈ ਜਿਸ ਦਾ ਰਸਤਾ ਯੂ ਪੀ ਦਿਖਾ ਰਿਹਾ ਹੈ? ਦੋ, ਗਰੀਬ ਦਲਿਤਾਂ, ਵਾਂਝੇ ਆਦਿਵਾਸੀਆਂ, ਔਰਤਾਂ ਨੂੰ ਮੁਫਤ ਅਨਾਜ ਦੇਣਾ ਸੌਖਾ ਢੰਗ ਹੈ। ਤਿੰਨ, ਓ ਬੀ ਸੀ ਅਤੇ ਦਲਿਤ ਸਿਆਸਤ ਹਾਲੇ ਹਾਸ਼ੀਏ ਉਤੇ ਪਾ ਦਿਓ, ਵਿਰੋਧੀ ਧਿਰ ਜਾਂ ਇਸ ਦੀ ਸਿਆਸਤ ਨੂੰ ਭਾਜਪਾ ਦੀ ਹਿੰਦੂਤਵ ਸਿਆਸਤ ਦੇ ਤੋੜ ਦੇ ਰੂਪ ਵਿੱਚ ਸਾਹਮਣੇ ਰੱਖੋ। ਰਸਤਾ ਯੂ ਪੀ ਨੇ ਹੀ ਦਿਖਾਉਣਾ ਹੈ ਕਿਉਂਕਿ ਯੂ ਪੀ ਨੇ ਹੀ ਅਜਿਹੇ ਰਸਤੇ ਦੀ ਸੰਭਵਨਾ ਜਗਾਈ ਹੈ। ਸੰਘ ਪਰਵਾਰ ਖੁਸ਼ ਹੋਵੇਗਾ ਕਿ ਉਸ ਦੇ ਏਜੰਡੇ ਨੂੰ ਯੂ ਪੀ ਦੇ ਨਾਲ ਭਾਜਪਾ ਸ਼ਾਸਿਤ ਹੋਰ ਰਾਜਾਂ ਦੇ ਮੁੱਖ ਮੰਤਰੀ ਵੀ ਤੇਜ਼ੀ ਨਾਲ ਵਧਾਉਣਗੇ। ਸੰਘ ਖੁਸ਼ ਹੋਵੇਗਾ ਕਿ ਯੂ ਪੀ ਨੇ 2024 ਦਾ ਰਸਤਾ ਹੋਰ ਵੱਧ ਸੌਖਾ ਕਰ ਦਿੱਤਾ ਅਤੇ ਆਪਣੀ ਸਥਾਪਨਾ ਦੇ ਸੌ ਸਾਲ ਪੂਰੇ ਹੋਣ ਦਾ ਜਸ਼ਨ ਉਹ 2023 ਤੋਂ ਮਨਾਉਣਾ ਸ਼ੁਰੂ ਕਰ ਸਕਦਾ ਹੈ, 2024 ਵਿੱਚ ਜਿੱਤ ਦੇ ਨਾਲ ਜਸ਼ਨ ਨੂੰ ਸਿਖਰ ਉਤੇ ਪੁੰਚਾ ਸਕਦਾ ਹੈ। ਸੰਘ ਖੁਸ਼ ਹੋਵੇਗਾ ਕਿ ਮੋਦੀ ਦੇ ਬਾਅਦ ਕਿਹੜਾ ਸਵਾਲ ਯੋਗੀ ਨੇ ਸੁਲਝਾ ਦਿੱਤਾ ਹੈ। ਸੰਘ ਖੁਸ਼ ਹੋਵੇਗਾ ਕਿ ਯੋਗੀ ਦਾ ਫਾਰਮੂਲਾ ਅਪਣਾਉਣ ਲਈ ਦੂਸਰੀਆਂ ਪਾਰਟੀਆਂ ਦੇ ਨੇਤਾ ਵੀ ਅੱਗੇ ਆਉਣਗੇ ਅਤੇ ਇਸ ਨਾਲ ਹਿੰਦੂਤਵ ਦਾ ਵਿਸਥਾਰ ਹੀ ਹੋਵੇਗਾ।

## ਹਲਕਾ ਫੁਲਕਾ

ਪੁਲਸ ਅਫਸਰ ਤੋਂ ਉਸ ਦੇ ਦੋਸਤ ਨੇ ਪੁੱਛਿਆ, "ਜੇ ਪੁਲਸ ਵਾਲੇ ਠੀਕ ਤਰ੍ਹਾਂ ਡਿਊਟੀ ਨਾ ਕਰਨ ਤਾਂ ਉਨ੍ਹਾਂ ਨੂੰ ਤੁਸੀਂ ਕਿਸ ਤਰ੍ਹਾਂ ਸਜ਼ਾ ਦਿੰਦੇ ਹੋ?"
"ਅਜਿਹੇ ਲੋਕਾਂ ਦੇ ਨਾਂਅ ਅਸੀਂ ਨੋਟ ਕਰ ਲੈਂਦੇ ਹਾਂ ਅਤੇ ਜਦ ਵੀ ਕਦੇ ਨਗਰ ਵਿੱਚ ਕਵੀ ਸੰਮੇਲਨ ਹੁੰਦਾ ਹੈ ਤਾਂ ਉਨ੍ਹਾਂ ਸਭ ਦੀ ਡਿਊਟੀ ਉਥੇ ਲਾ ਦਿੰਦੇ ਹਾਂ।" ਅਫਸਰ ਨੇ ਉੱਤਰ ਦਿੱਤਾ।

********

ਕਮਲ ਅਤੇ ਵਿਨੋਦ ਕਿਸੇ ਗੱਲ ਉਤੇ ਕਾਫੀ ਦੇਰ ਤੋਂ ਆਪਸ ਵਿੱਚ ਬਹਿਸ ਰਹੇ ਸਨ।
ਕਮਲ ਬੋਲਿਆ, "ਓ ਯਾਰ, ਇਹ ਗੱਲ ਤਾਂ ਕੋਈ ਬੱਚਾ ਵੀ ਸਮਝ ਸਕਦਾ ਹੈ।"
ਵਿਨੋਦ, "ਤਦ ਹੀ ਤੂੰ ਇੰਨੀ ਜਲਦੀ ਸਮਝ ਗਿਆ, ਕਿਉਂਕਿ ਤੂੰ ਅਜੇ ਵੀ ਬੱਚਾ ਹੀ ਏਂ, ਪਰ ਮੇਰੇ ਵਰਗੇ ਵੱਡੇ ਦੀ ਸਮਝ ਵਿੱਚ ਇਹ ਗੱਲ ਨਹੀਂ ਆਈ।"

********

ਨਵਾਂ ਨੌਕਰ, "ਮੈਡਮ! ਕੰਬਲ ਖਿੜਕੀ ਤੋਂ ਬਾਹਰ ਡਿੱਗ ਗਿਆ ਹੈ?"
ਮਾਲਕਣ, "ਓ, ਇਹ ਤੂੰ ਕੀ ਕੀਤਾ। ਮੁੰਨੇ ਨੂੰ ਠੰਢ ਲੱਗ ਜਾਏਗੀ।"
ਨੌਕਰ, "ਮੈਡਮ, ਤੁਸੀਂ ਜ਼ਰਾ ਵੀ ਚਿੰਤਾ ਨਾ ਕਰੋ ਮੁੰਨਾ ਕੰਬਲ ਵਿੱਚ ਹੀ ਹੈ।"

********

ਵਿੱਕੀ (ਦੁੱਧ ਵਾਲੇ ਨੂੰ), "ਤੇਰੀ ਦੁਕਾਨ ਦਾ ਦੁੱਧ ਖਰਾਬ ਹੈ, ਸ਼ਰਬਤ ਵਿੱਚ ਪਾਇਆ ਤਾਂ ਫਟ ਗਿਆ।"
ਦੁੱਧਵਾਲਾ, "ਕਿਹੜੇ ਸ਼ਰਬਤ ਵਿੱਚ ਪਾਇਆ ਸੀ?"
ਵਿੱਕੀ, "ਨਿੰਬੂ ਪਾਣੀ ਵਿੱਚ।"


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਚੋਣਾਂ ਦਾ ਚੱਕਰ ਨਤੀਜੇ ਸੌਂਪ ਕੇ ਨਿਕਲ ਗਿਆ, ਅੱਗੇ ਕਦਮ ਵਧਾਉਣ ਬਾਰੇ ਸੋਚੀਏ



ਜਤਿੰਦਰ ਪੰਨੂ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣ ਪਿੱਛੋਂ ਨਤੀਜੇ ਨਿਕਲ ਚੁੱਕੇ ਹਨ ਅਤੇ ਆਮ ਆਦਮੀ ਪਾਰਟੀ ਇਹੋ ਜਿਹੀ ਤਾਕਤ ਬਣ ਕੇ ਉੱਭਰੀ ਹੈ, ਜਿਸ ਦਾ ਕਿਸੇ ਨੂੰ ਖਿਆਲ ਵੀ ਨਹੀਂ ਸੀ। ਉਸ ਨੂੰ ਇੱਕ ਸੌ ਸਤਾਰਾਂ ਵਿੱਚੋਂ ਬਾਨਵੇਂ ਸੀਟਾਂ ਮਿਲਣ ਦਾ ਕਾਰਨ ਏਥੋਂ ਪਤਾ ਲੱਗਦਾ ਹੈ ਕਿ ਕੁੱਲਭੁਗਤੀਆਂ ਵੋਟਾਂ ਵਿੱਚੋਂ ਬਤਾਲੀ ਫੀਸਦੀ ਲੋਕਾਂ ਨੇ ਉਸ ਨੂੰ ਵੋਟ ਪਾਈ ਹੈ, ਜਦ ਕਿ ਉਸ ਦੀ 'ਨੇੜਲੀ ਵਿਰੋਧੀ' ਕਾਂਗਰਸ ਪਾਰਟੀ ਨੂੰ ਤੇਈ ਫੀਸਦੀ ਤੋਂ ਵੀ ਘੱਟ ਵੋਟਾਂ ਮਿਲੀਆਂ ਹਨ। ਏਨੇ ਵੱਡੇ ਪਾੜੇ ਵੱਲ ਵੇਖੀਏ ਤਾਂ ਕਾਂਗਰਸ ਨੂੰ ਉਸ ਦੀ 'ਨੇੜਲੀ ਵਿਰੋਧੀ' ਕਹਿੰਦਿਆਂ ਵੀ ਹੱਸ ਪਈਦਾ ਹੈ। ਜਿਹੜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਈ ਵਾਰੀ ਇਹ ਕਿਹਾ ਸੀ ਕਿ 'ਪਿਛਲੀ ਵਾਰੀ ਮੈਂ ਡਿਪਟੀ-ਡੁਪਟੀ ਹੁੰਦਾ ਸਾਂ, ਇਸ ਵਾਰੀਪੂਰਾ ਮੁੱਖ ਮੰਤਰੀ ਬਣਾਂਗਾ', ਉਸ ਦੀ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ ਤੇ ਵੋਟਾਂ ਸਾਢੇ ਅਠਾਰਾਂ ਫੀਸਦੀ ਤੋਂ ਹੇਠਾਂ ਰਹਿ ਗਈਆਂ ਹਨ। ਪੰਜਾਬ ਦੇ ਤਿੰਨ ਖੇਤਰ ਮਾਝਾ, ਦੋਆਬਾ ਅਤੇ ਮਾਲਵਾ ਹਨ ਅਤੇ ਅਕਾਲੀ ਦਲ ਨੂੰ ਤਿੰਨਾਂ ਵਿੱਚ ਇੱਕ-ਇੱਕ ਸੀਟ, ਮਾਝੇ ਵਿੱਚ ਮਜੀਠਾ, ਦੋਆਬੇ ਵਿੱਚ ਬੰਗਾ ਤੇ ਮਾਲਵੇ ਦੀ ਦਾਖਾ ਮਿਲੀ ਹੈ, ਬਾਕੀ ਸਾਰੇ ਪੰਜਾਬ ਵਿੱਚ ਉਸ ਨੂੰ ਝਾੜੂ ਵਾਲਿਆਂ ਨੇ ਮਾਂਜਾ ਮਾਰ ਕੇ ਖੂੰਜੇ ਲਾ ਦਿੱਤਾ ਹੈ। ਇਹ ਆਪਣੇ ਆਪ ਵਿੱਚ ਹੈਰਾਨੀ ਜਨਕ ਹੈ।

ਹੈਰਾਨੀ ਜਨਕ ਇਹ ਵੀ ਹੈ ਕਿ ਪੰਜਾਬ ਦਾ ਪੰਜ ਵਾਰੀਆਂ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਲੰਬੀ ਹਲਕੇ ਵਾਲੀ ਪੱਕੀ ਮੰਨੀ ਜਾਂਦੀ ਸੀਟ ਤੋਂ ਉਮਰ ਦੇ ਆਖਰੀ ਪਹਿਰ ਵਿੱਚ ਹਾਰ ਕੇ ਸਾਰੀ ਉਮਰ ਦੇ ਕਦੇ ਨਾ ਹਾਰਨ ਵਾਲੇ ਆਗੂ ਦਾ ਅਕਸ ਮਿੱਟੀ ਵਿੱਚ ਮਿਲਾ ਬੈਠਾ ਹੈ। ਉਸ ਦੇ ਨੇੜਲੇ ਸਲਾਹਕਾਰਾਂ ਤੇ ਸਾਰੀ ਉਮਰ ਦੇ ਸਾਥੀਆਂ ਨੇ ਸਲਾਹ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਉਸ ਨੂੰ ਸਦੀ ਪੂਰੀ ਕਰਨ ਤੋਂ ਮਸਾਂ ਛੇ ਕੁ ਸਾਲ ਘੱਟ ਹੁੰਦਿਆਂ ਇਸ ਉਮਰ ਵਿੱਚ ਚੋਣ ਲੜਨ ਤੇ ਅਕਸ ਨੂੰ ਦਾਅ ਉੱਤੇ ਲਾਉਣ ਤੋਂ ਬਚਣਾ ਚਾਹੀਦਾ ਹੈ। ਬਾਦਲ ਪਰਵਾਰ ਵਿੱਚ ਜਿਸ ਦੀ ਸਭ ਤੋਂ ਵੱਧ ਚੱਲਦੀ ਹੈ ਅਤੇ ਉਸ ਦੇ ਮੂਹਰੇ ਕੋਈ ਸਿਰ ਨਹੀਂ ਚੁੱਕ ਸਕਦਾ, ਉਸ ਨੇ ਕਿਹਾ ਸੀ ਕਿ 'ਪਾਪਾ ਨੂੰ ਇਸ ਵਾਰੀ ਸੁਪਰ ਸੀ ਐੱਮ ਬਣਾਉਣਾ ਹੈ, ਇਸ ਲਈ ਇਹ ਚੋਣ ਲੜਨੀ ਹੀ ਲੜਨੀ ਹੈ।' ਨਤੀਜਾ ਬਹੁਤ ਬੁਰਾ ਨਿਕਲਿਆ ਅਤੇ ਓਦੋਂ ਵੀ ਬੁਰੀ ਗੱਲ ਕਿ ਬਾਦਲ ਸਾਹਿਬ ਦਾ ਪਹਿਲਾਂ ਡਿਪਟੀ ਮੁੱਖ ਮੰਤਰੀ ਰਹਿ ਚੁੱਕਾ ਪੁੱਤਰ ਇਸ ਵਾਰੀ 'ਡਿਪਟੀ-ਡੁਪਟੀ' ਦੀ ਥਾਂ ਪੂਰਾ ਮੁੱਖ ਮੰਤਰੀ ਬਣਨ ਦੇ ਸੁਫਨੇ ਲੈਂਦਾ ਆਪਣੀ ਜਲਾਲਾਬਾਦ ਸੀਟ ਤੋਂ ਨਵੇਂ ਉੱਭਰੇ ਆਗੂ ਜਗਦੀਪ ਕੰਬੋਜ ਤੋਂ ਲੱਗਭਗ ਇਕੱਤੀ ਹਜ਼ਾਰ ਵੋਟਾਂ ਦੇ ਫਰਕ ਨਾਲ ਬੁਰੀ ਤਰ੍ਹਾਂ ਹਾਰ ਗਿਆ ਹੈ। ਬਾਦਲ ਸਾਹਿਬ ਦਾ ਦਾਮਾਦ ਵੀ ਪੱਟੀ ਸੀਟ ਤੋਂ ਗਿਆਰਾਂ ਹਜ਼ਾਰ ਵੋਟਾਂ ਨਾਲ ਹਾਰ ਗਿਆ ਤੇ ਪੁੱਤਰ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਵੀ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਪੰਝੀ ਹਜ਼ਾਰ ਵੋਟਾਂ ਲੈ ਕੇ ਤੀਸਰੀ ਥਾਂ ਆਇਆ ਹੈ। ਆਮ ਆਦਮੀ ਪਾਰਟੀ ਵੱਲੋਂ ਓਥੇ ਸਿਆਸੀ ਖੇਤਰ ਵਿੱਚ ਅਸਲੋਂ ਨਵੀਂ ਉੱਭਰੀ ਆਗੂ ਜੀਵਨਜੋਤ ਕੌਰ ਨੂੰ ਜਿਤਾਉਣ ਲਈ ਚਾਲੀ ਹਜ਼ਾਰ ਦੇ ਕਰੀਬ ਲੋਕਾਂ ਨੇ ਵੋਟਾਂ ਪਾਈਆਂ ਤੇ ਪੰਜਾਬ ਕਾਂਗਰਸ ਦਾ ਬੜਬੋਲਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਉਸ ਨਾਲੋਂ ਪੌਣੇ ਸੱਤ ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰ ਪੱਲੇ ਪੁਆ ਬੈਠਾ ਹੈ। ਅਕਾਲੀ ਦਲ ਦੇ ਬਜਾਏ ਕਾਂਗਰਸ ਵੱਲੋਂ ਸਹੀ, ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਮਨਪ੍ਰੀਤ ਸਿੰਘ ਬਾਦਲ, ਜਿਹੜਾ ਪੰਜ ਸਾਲਾਂ ਤੋਂ ਕਾਂਗਰਸਦੀ ਸਰਕਾਰ ਦਾ ਖਜ਼ਾਨਾ ਮੰਤਰੀ ਸੀ ਅਤੇ ਕਿਹਾ ਜਾ ਰਿਹਾ ਸੀ ਕਿ ਬਾਦਲ ਪਰਵਾਰ ਅੰਦਰ-ਖਾਤੇ ਆਪਸ ਵਿੱਚ ਇੱਕ ਦੂਸਰੇ ਦੀ ਮਦਦ ਲਈ ਸਾਂਝ ਪਾ ਚੁੱਕਾ ਹੈ, ਬਠਿੰਡੇ ਦੀ ਸੀਟ ਤੋਂ ਉਹ ਸਾਢੇ ਤਰੇਹਠ ਹਜ਼ਾਰ ਵੋਟਾਂ ਦੇ ਫਰਕ ਨਾਲ ਸ਼ਰਮਿੰਦਗੀ ਵਾਲੀ ਹਾਰ ਦਾ ਭਾਗੀ ਬਣਿਆ ਹੈ। ਇਸ ਨਤੀਜੇ ਨੇ ਆਜ਼ਾਦੀ ਤੋਂ ਬਾਅਦ ਪਹਿਲੀ ਵਾਰੀ ਪੰਜਾਬ ਦੀ ਵਿਧਾਨ ਸਭਾ ਬਾਦਲ-ਮੁਕਤ ਕਰ ਦਿੱਤੀ ਹੈ। ਇਹੀ ਨਹੀਂ, ਪਾਰਟੀ ਦੇ ਵੱਡੇ ਚਿਹਰਿਆਂ ਵਿੱਚੋਂ ਜਥੇਦਾਰ ਤੋਤਾ ਸਿੰਘ ਵਰਗਾ ਅੱਧੀ ਸਦੀ ਤੋਂ ਵੱਧ ਪੁਰਾਣਾ ਅਕਾਲੀ ਆਗੂ ਆਪਣੀ ਧਰਮਕੋਟ ਵਾਲੀ ਸੀਟ ਹਾਰ ਗਿਆ ਤੇ ਉਸ ਦਾ ਪੁੱਤਰ ਬਰਜਿੰਦਰ ਸਿੰਘ ਮੋਗੇ ਤੋਂ ਹਾਰ ਗਿਆ। ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪੱਕਾ ਸਿਆਸੀ ਫਰਜ਼ੰਦ ਕਿਹਾ ਜਾਂਦਾ ਪ੍ਰੇਮ ਸਿੰਘ ਚੰਦੂਮਾਜਰਾ ਆਪਣੀ ਘਨੌਰ ਵਾਲੀ ਸੀਟ ਤੋਂ ਅਤੇ ਉਸ ਦਾ ਪੁੱਤਰ ਨਾਲ ਦੀ ਸਨੌਰ ਸੀਟ ਤੋਂ ਹਾਰ ਗਿਆ ਹੈ। ਪਾਰਟੀ ਦਾ ਹੋਰ ਕਿਹੜਾ-ਕਿਹੜਾ ਆਗੂ ਕਿੰਦਾਂ ਹਾ-ਰਆ, ਇਸ ਬਾਰੇ ਚਰਚਾ ਕਰਨ ਦੀ ਲੋੜ ਨਹੀਂ ਰਹਿੰਦੀ।

ਕਾਂਗਰਸ ਪਾਰਟੀ ਨੇ ਜਦੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀਤਾਂ ਅਸੀਂ ਸਵਾਗਤ ਕੀਤਾ ਤੇ ਕਿਹਾ ਸੀ ਕਿ ਇਹ ਪੰਜਾਬ ਦੀ ਰਾਜਨੀਤੀ ਦਾ ਸੁਲੱਖਣਾ ਪੱਖ ਹੈ ਕਿ ਅਸਲੋਂ ਦੱਬੇ-ਕੁਚਲੇ ਘਰ ਵਿੱਚ ਜਨਮਿਆ ਬੱਚਾ ਵੀ ਇਸ ਰਾਜ ਦੀ ਸਿਖਰਲੀ ਸਿਆਸੀ ਕੁਰਸੀ ਉੱਤੇ ਬੈਠਾ ਹੈ। ਉਹ ਉਸ ਕੁਰਸੀ ਉੱਤੇ ਬੈਠ ਕੇ ਜਿਸ ਤਰ੍ਹਾਂ ਚੱਲਿਆ, ਅਗਲੇ ਦਿਨਾਂ ਵਿੱਚ ਨਾ ਪਾਰਟੀ ਦਾ ਕੁਝ ਬਣਾ ਸਕਿਆ ਅਤੇ ਨਾ ਦੋ ਥਾਂਈਂ ਕਾਗਜ਼ ਭਰ ਕੇ ਇੱਕ ਵੀ ਸੀਟ ਨੂੰ ਖੁਦ ਜਿੱਤਣ ਜੋਗਾ ਨਿਕਲਿਆ ਹੈ। ਉਸ ਦੀ ਪਾਰਟੀ ਦਾ ਜਿਹੜਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਪਣਾ ਬਣਾਇਆ 'ਪੰਜਾਬ ਮਾਡਲ' ਲੋਕਾਂ ਨੂੰ ਵਿਖਾ ਕੇ ਸੱਤਰ ਸੀਟਾਂ ਜਿੱਤਣ ਦਾ ਦਾਅਵਾ ਕਰਦਾ ਸੀ, ਉਹ ਆਪਣੀ ਅੰਮ੍ਰਿਤਸਰ ਪੂਰਬੀ ਦੀ ਸੀਟ ਤੋਂ ਪਾਰ ਲੱਗਣ ਯੋਗ ਨਹੀਂ ਨਿਕਲਿਆ ਅਤੇ ਨਾਲ ਦੀ ਸੀਟ ਤੋਂ ਪਾਰਟੀ ਦਾ ਡਿਪਟੀ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਵੀ ਹਾਰ ਗਿਆ ਹੈ। ਇਸ ਪਾਰਟੀ ਨੂੰ ਮਸਾਂ ਡੇਢ ਦਰਜਨ ਸੀਟਾਂ ਮਿਲੀਆਂ ਹਨ ਅਤੇ ਏਨੀਆਂ ਮਿਲਣ ਤੋਂ ਵੀ ਲੋਕ ਹੈਰਾਨ ਹਨ, ਕਿਉਂਕਿ ਕਾਂਗਰਸ ਆਗੂ ਜਦੋਂ ਚੱਲਦੀ ਚੋਣ ਦੌਰਾਨ ਵੀ ਇੱਕ ਦੂਸਰੇ ਦੇ ਗਿੱਟੇ ਸੇਕਦੇ ਰਹੇ ਤਾਂ ਇਸ ਤੋਂ ਵੱਖਰਾ ਨਤੀਜਾ ਨਿਕਲਣ ਦੀ ਆਸ ਵੀ ਕਿਸੇ ਨੂੰ ਨਹੀਂ ਸੀ। ਚੱਲਦੀ ਚੋਣ ਦੌਰਾਨ ਨਵਜੋਤ ਸਿੰਘ ਸਿੱਧੂ ਦੂਸਰੇ ਕਾਂਗਰਸੀ ਲੀਡਰਾਂ ਅਤੇ ਆਪਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਖਿਲਾਫ ਵੀ ਰੋਜ਼ ਭੜਾਸ ਕੱਢਦਾ ਰਿਹਾ ਤੇ ਅੱਗੋਂ ਉਸ ਦੇ ਖਿਲਾਫ ਵੀ ਪਾਰਟੀ ਦੇ ਕਈ ਲੀਡਰ ਜਨਤਕ ਤੌਰ ਉੱਤੇ ਬੋਲਦੇ ਰਹੇ ਸਨ। ਪਾਰਟੀ ਦੇ ਪੰਜ ਪਾਰਲੀਮੈਂਟ ਮੈਂਬਰਾਂ ਨੇ, ਜਿਨ੍ਹਾਂ ਵਿੱਚ ਚਾਰ ਲੋਕ ਸਭਾ ਵਾਲੇ ਅਤੇ ਇੱਕ ਰਾਜ ਸਭਾ ਵਾਲਾ ਸੀ, ਚੱਲਦੀ ਚੋਣ ਮੌਕੇਵੀ ਆਪਣੀ ਪਾਰਟੀ ਦੇ ਖਿਲਾਫ ਖੁੱਲ੍ਹੀ ਬਿਆਨਬਾਜ਼ੀ ਕਰਨੀ ਜਾਰੀ ਰੱਖੀ ਸੀ ਤਾਂ ਲੋਕ ਮੂਰਖ ਨਹੀਂ ਸਨ ਕਿ ਇਹੋ ਜਿਹੀ ਕੋੜਮੇ ਦੀ ਜੰਗ ਵਿੱਚ ਉਲਝੀ ਹੋਈ ਪਾਰਟੀ ਨੂੰ ਜਿਤਾ ਦੇਂਦੇ।

ਭਾਜਪਾ ਵਾਲਿਆਂ ਨੇ ਦਾਅਵੇ ਬਹੁਤ ਵੱਡੇ ਕੀਤੇ ਕਿ ਉਹ ਪੰਜਾਬ ਦੀ ਸਰਕਾਰ ਬਣਾਉਣ ਲਈ ਪੂਰਾ ਨਕਸ਼ਾ ਬਣਾ ਕੇ ਚੱਲਦੇ ਪਏ ਹਨ ਅਤੇ ਦਸ ਮਾਰਚ ਪਿੱਛੋਂ ਨਤੀਜਿਆਂ ਤੋਂ ਬਾਅਦ ਸਰਕਾਰ ਸੀਸਵਾਂ ਵਾਲੇ ਮਹਿਲ ਤੋਂ ਚਲਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਟੀਮ ਵੀ ਅਗੇਤਾ ਹੀ ਕਹਿੰਦੀ ਰਹੀ। ਜਦੋਂ ਨਤੀਜਾ ਨਿਕਲਿਆ ਤਾਂ ਭਾਜਪਾ ਸਿਰਫ ਦੋਂਹ ਸੀਟਾਂ ਉੱਤੇ ਰੁਕ ਗਈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਨਾ ਆਪਣੀ ਸੀਟ ਆਈ ਤੇ ਨਾ ਕੋਈ ਸੰਗੀ-ਸਾਥੀ ਕਿਸੇ ਵੀ ਸੀਟ ਤੋਂ ਜਿੱਤ ਸਕਿਆ। ਇਹੋ ਹਾਲ ਉਨ੍ਹਾਂ ਨਾਲ ਜੁੜੇ ਸੁਖਦੇਵ ਸਿੰਘ ਢੀਂਡਸਾ ਦੇ ਗਰੁੱਪ ਦਾ ਹੋਇਆ ਹੈ। ਅੱਗੋਂ ਜਿਹੜੀ ਹਾਲਤ ਦਿੱਸ ਰਹੀ ਹੈ, ਉਸ ਵਿੱਚ ਇਹ ਦੋਵੇਂ ਧੜੇ ਦੋਬਾਰਾ ਆਪਣੇ ਸਿਰ ਉੱਠਣ ਜੋਗੇ ਨਹੀਂ ਲੱਗਦੇ ਤੇ ਜਿਸ ਕਿਸੇ ਧਿਰ ਨਾਲ ਇਹ ਜੁੜਨਗੇ, ਓਥੇ ਹੋਰ ਜੋ ਵੀ ਮਿਲ ਜਾਵੇ, ਇੱਜ਼ਤ-ਮਾਣ ਮਿਲਣ ਵਾਲੀ ਗੱਲ ਨਹੀਂ ਹੋਣੀ। ਭਵਿੱਖ ਦੇ ਪੱਖ ਤੋਂ ਇਨ੍ਹਾਂ ਲੀਡਰਾਂ ਨੂੰ ਸੰਨਿਆਸ ਦਾ ਜੀਵਨ ਗੁਜ਼ਾਰਨ ਲਈ ਮਾਨਸਿਕ ਤੌਰ ਉੱਤੇ ਤਿਆਰ ਹੋਣਾ ਚਾਹੀਦਾ ਹੈ।

ਇਸ ਵਕਤ ਪੰਜਾਬ ਵਿੱਚ ਇੱਕ ਨਵਾਂ ਦੌਰ ਸ਼ੁਰੂ ਹੋ ਰਿਹਾ ਹੈ। ਲੋਕਾਂ ਨੇ ਦਿੱਲੀ ਵਰਗਾ ਰਾਜ ਪੰਜਾਬ ਵਿੱਚ ਕਾਇਮ ਕਰਨ ਲਈ ਅਰਵਿੰਦ ਕੇਜਰੀਵਾਲ ਅਤੇ ਉਸ ਦੀ ਟੀਮ ਨੂੰ ਭਗਵੰਤ ਮਾਨ ਦੀ ਅਗਵਾਈ ਵਿੱਚ ਇੱਕ ਮੌਕਾ ਦਿੱਤਾ ਹੈ ਅਤੇ ਹਰ ਕੋਈ ਅੱਖ ਉਨ੍ਹਾਂ ਉੱਤੇ ਲੱਗੀ ਹੋਈ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਪਾਰਟੀ ਸਾਰੇ ਨੁਕਸਾਂ ਤੋਂ ਅਸਲੋਂਪਾਕਿ ਦਿਖਾਈ ਦੇ ਸਕਦੀ ਹੈ, ਪਰ ਹਕੀਕਤ ਇਹ ਹੈ ਕਿ ਇਸ ਦੇ ਜਿਹੜੇ ਵਿਧਾਇਕ ਚੋਣਾਂ ਜਿੱਤ ਸਕੇ ਹਨ, ਉਨ੍ਹਾਂ ਵਿੱਚੋਂ ਕਈ ਏਦਾਂ ਦੇ ਹਨ ਕਿ ਉਨ੍ਹਾਂ ਉੱਤੇ ਬਹੁਤਾ ਲੰਮਾ ਸਮਾਂ ਚੱਲਣ ਦਾ ਭਰੋਸਾ ਨਹੀਂ ਬੱਝ ਸਕਦਾ। ਪਹਿਲਾਂ ਕੁਝ ਹੋਰ ਪਾਰਟੀਆਂ ਵਿੱਚ ਰਹਿ ਚੁੱਕੇ ਇਨ੍ਹਾਂ ਲੋਕਾਂ ਵਿੱਚੋਂ ਕਿਹੜਾ ਕਦੋਂ ਅੱਧੀ ਰਾਤ ਵੇਲੇ ਕਿਸੇ ਹੋਰ ਧਿਰ ਤੋਂ ਕਿਸੇ ਵੀ ਕਿਸਮ ਵੀ ਲਾਭ ਲੈਣ ਲਈ ਉਨ੍ਹਾਂ ਨਾਲ ਜਾ ਮਿਲੇ, ਇਸ ਬਾਰੇ ਕੋਈ ਨਹੀਂ ਦੱਸ ਸਕਦਾ। ਉਂਜ ਇਹ ਪਾਰਟੀ ਕਿਸੇ ਖਾਸ ਸਿਆਸੀ ਸਿਧਾਂਤ ਨੂੰ ਅਪਣਾਈ ਨਾ ਹੋਣ ਕਾਰਨ ਸਿਰਫ ਭ੍ਰਿਸ਼ਟਾਚਾਰ ਦੇ ਵਿਰੋਧ ਦੇ ਸਿਰ ਉੱਤੇ ਚੋਣਾਂ ਜਿੱਤ ਕੇ ਅੱਗੇ ਆਈ ਹੈ, ਇਸ ਲਈ ਹਰ ਕੋਈ ਆਗੂ ਆਪੋ ਆਪਣੀ ਬੋਲੀ ਬੋਲਦਾ ਸੁਣਦਾ ਹੈ। ਜਦੋਂ ਇਹ ਲੋਕ ਕੰਮ ਸ਼ੁਰੂ ਕਰਨਗੇ, ਇਨ੍ਹਾਂ ਦੇ ਕੰਮ ਦੇ ਸਿੱਟਿਆਂ ਤੇ ਸੇਧਾਂ ਬਾਰੇ ਅੰਦਾਜ਼ਾ ਲੱਗਣ ਵਿੱਚ ਮਸਾਂ ਦੋ ਕੁ ਮਹੀਨੇ ਲੱਗਣਗੇ, ਉਸ ਦੀ ਸਾਰੀ ਗੱਲ ਅਸੀਂ ਓਦੋਂ ਕਰ ਲਵਾਂਗੇ। ਇਸ ਵਕਤ ਇਨ੍ਹਾਂ ਨਵੇਂ ਜਿੱਤਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਚੋਣਾਂ ਦਾ ਚੱਕਰ ਤਾਂ ਨਤੀਜੇ ਸੌਂਪ ਕੇ ਨਿਕਲ ਗਿਆ ਹੈ, ਉਨ੍ਹਾਂ ਦੇ ਕੋਲ ਅਗਲਾ ਕਦਮ ਵਧਾਉਣ ਦਾ ਮੌਕਾ ਹੈ, ਜਿਸ ਵਿੱਚ ਕੀਤੀ ਗਈ ਦੇਰੀ ਜਾਂ ਗਲਤੀ ਦੋਵੇਂ ਲੋਕਾਂ ਨੂੰ ਦਿੱਸ ਪੈਣਗੀਆਂ।



# ਰੰਗ ਲਾਗਾ ਅਤੀ ਲਾਲ ਦੇਵ



ਹੋਲੀ ਦਾ ਤਿਉਹਾਰ ਲਗਭਗ ਪੂਰੇ ਭਾਰਤ ਭਰ ਵਿੱਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਇਹ ਬਹੁਤ ਹੀ ਪ੍ਰਾਚੀਨ ਤਿਉਹਾਰ ਹੈ। ਹਰ ਸਾਲ ਫੱਗਣ ਦੀ ਪੁੰਨਿਆ ਦੇ ਮੌਕੇ ਇਹ ਤਿਉਹਾਰ ਮਨਾਉਣ ਦੀ ਪਿਰਤ ਹੈ। ਪੰਜਾਬ ਦੇ ਹੋਲੇ ਮਹੱਲੇ ਤੇ ਬਾਕੀ ਭਾਰਤ ਦੀ ਹੋਲੀ ਵਿੱਚ ਰੰਗਾਂ ਦਾ ਬਰਾਬਰ ਮਹੱਤਵ ਹੈ। ਬਸੰਤ ਰੁੱਤ ਵਿੱਚ ਮਨਾਏ ਜਾਣ ਕਾਰਨ ਇਸਨੂੰ ਬਸੰਤ ਉਤਸਵ ਵੀ ਕਿਹਾ ਜਾਂਦਾ ਹੈ। ਇਥੋਂ ਤੱਕ ਕਿ ਮੁਗ਼ਲ ਬਾਦਸ਼ਾਹ ਅਕਬਰ ਤੇ ਬਾਕੀ ਰਾਜਿਆਂ ਦੇ ਵੀ ਹੋਲੀ ਖੇਡਣ ਬਾਰੇ ਤੱਥ ਮਿਲਦੇ ਹਨ। ਪ੍ਰਸਿੱਧ ਸੈਲਾਨੀ ਅਲਬਰੂਨੀ ਨੇ ਵੀ ਆਪਣੇ ਭਾਰਤ ਯਾਤਰਾ ਅਨੁਭਵਾਂ ਵਿੱਚ ਇਸਦਾ ਵਰਣਨ ਕੀਤਾ ਹੈ। ਬ੍ਰਿਜ ਦੀ ਹੋਲੀ ਬਹੁਤ ਮਸ਼ਹੂਰ ਹੈ। ਜਿਸਦਾ ਸਬੰਧ ਕ੍ਰਿਸ਼ਨ ਭਗਵਾਨ ਅਤੇ ਗੋਪੀਆਂ ਦੇ ਹੋਲੀ ਖੇਡਣ ਨਾਲ ਹੈ। ਇਹ ਲਗਭਗ ਪੂਰੇ ਭਾਰਤ ਵਿੱਚ ਮਨਾਈ ਜਾਂਦੀ ਹੈ। ਹਰੇਕ ਰਾਜ ਵਿੱਚ ਇਸਦੇ ਅਨੋਖੇ ਅੰਦਾਜ਼ ਹਨ ।

ਪੰਜਾਬ ਵਿੱਚ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸ ਦਿਨ ਬਹੁਤ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰਿ ਹੁੰਦੀਆਂ ਹਨ। ਜਿੱਥੇ ਖਾਲਸੇ ਦਾ ਹੋਲਾ ਮਹੱਲਾ ਬਹੁਤ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਨਿਹੰਗ ਸਿੰਘਾਂ ਦੀਆਂ ਫੌਜਾਂ ਤੇ ਘੋੜੇ ਆਪਣੇ ਹੀ ਜਾਹੋ ਜਲਾਲ ਵਿੱਚ ਇਸ ਮੇਲੇ ਵਿੱਚ ਪਹੁੰਚਦੇ ਹਨ। ਘੋੜ ਸਵਾਰੀ ਤੇ ਗੱਤਕੇ ਦੇ ਜੌਹਰ ਦੇਖਣ ਲਈ ਪੂਰੀ ਦੁਨੀਆਂ ਵਿੱਚੋਂ ਦਰਸ਼ਕ ਹੁੰਮ ਹੁੰਮਾਂ ਕੇ ਪੁੱਜਦੇ ਹਨ। ਚਾਰ ਚੁਫੇਰੇ ਉੱਡ ਰਹੇ ਰੰਗਾਂ ਤੇ ਘੋੜਿਆਂ ਦੀਆਂ ਟਾਪਾਂ ਨਾਲ ਇੱਕ ਅਨੋਖਾ ਜਲੌ ਨਜ਼ਰ ਆਉਂਦਾ ਹੈ। ਇਹ ਤਿਉਹਾਰ ਉਤਸ਼ਾਹ ਵਰਧਕ ਵੀ ਹੈ।

ਹੋਲੀ ਦੇ ਰੰਗ ਜ਼ਿੰਦਗੀ ਵਿੱਚ ਹਾਸੇ,ਖੁਸ਼ੀਆਂ ਬਿਖੇਰਨ ਲਈ ਬਹੁਤ ਮਹੱਤਵਪੂਰਨ ਹਨ। ਸਾਨੂੰ ਸਭ ਨੂੰ ਕੁਦਰਤੀ ਰੰਗਾਂ ਨਾਲ ਅਤੇ ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ ਹੋਲੀ ਖੇਡਣੀ ਚਾਹੀਦੀ ਹੈ। ਕਿਸੇ ਉਪਰ ਜ਼ਬਰਦਸਤੀ ਰੰਗ ਨਹੀਂ ਸੁੱਟਣਾ ਚਾਹੀਦਾ। ਨੌਜਵਾਨਾਂ ਅਤੇ ਬੱਚਿਆਂ ਨੂੰ ਵਾਹਨਾਂ ਨੂੰ ਭਜਾ ਭਜਾ ਕੇ ਹੋਲੀ ਖੇਡਣ ਤੋਂ ਬਚਣਾ ਚਾਹੀਦਾ ਹੈ। ਕਿਉਂਕਿ ਅਜਿਹੇ ਹੁੜਦੰਗ ਮਚਾਉਣ ਨਾਲ ਬਹੁਤ ਹਾਦਸੇ ਵਾਪਰ ਜਾਂਦੇ ਹਨ। ਸੋ ਤਿਉਹਾਰ ਨੂੰ ਖੁਸ਼ੀ ਅਤੇ ਸਾਦਗੀ ਨਾਲ ਮਨਾਉਣ ਵਿੱਚ ਹੀ ਸੱਚੀ ਖੁਸ਼ੀ ਹੈ।

*-ਰਾਜਨਦੀਪ ਕੌਰ*
*6239326166*

# ਸ੍ਰੀ ਅਨੰਦਪੁਰ ਸਾਹਿਬ ਦਾ ਪਾਵਨ ਹੋਲਾ - ਮਹੱਲਾ





ਧੰਨ - ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਖ਼ਾਲਸੇ ਦੇ ਜਾਹੋ - ਜਲਾਲ ਦੇ ਪ੍ਰਤੀਕ ਹੋਲੇ - ਮਹੱਲੇ ਦੀ ਆਰੰਭਤਾ ਗੁਰੂ ਨਗਰੀ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਰਚ ਮਹੀਨੇ ਦੇ ਦੌਰਾਨ ਹਰ ਸਾਲ ਬਹੁਤ ਹੀ ਧੂਮਧਾਮ , ਉਤਸ਼ਾਹ , ਖ਼ੁਸ਼ੀ , ਉਮੰਗ ਅਤੇ ਹੌਸਲੇ ਦੇ ਨਾਲ ਹੁੰਦੀ ਹੈ। ਇਸ ਪਾਵਨ ਅਫ਼ਸਰ ਦੇ ਮੌਕੇ 'ਤੇ ਸਮੂਹ ਇਲਾਕਾ ਨਿਵਾਸੀਆਂ , ਸੰਗਤਾਂ , ਪੰਜਾਬ ਅਤੇ ਦੇਸ਼ - ਦੁਨੀਆ ਦੇ ਲੋਕਾਂ ਤੇ ਸੰਗਤਾਂ ਨੂੰ ਬਹੁਤ - ਬਹੁਤ ਵਧਾਈ ਹੋਵੇ। ਹੋਲੇ - ਮਹੱਲੇ ਦਾ ਪਾਵਨ - ਪਵਿੱਤਰ ਮਹਾਨ ਤਿਉਹਾਰ ਪੰਜਾਬ ਤੇ ਪੰਜਾਬੀਅਤ ਦੀ ਚੜ੍ਹਦੀ ਕਲਾ , ਖੁਸ਼ਹਾਲੀ , ਉੱਚੀ - ਸੁੱਚੀ ਤੇ ਨੇਕ ਸੋਚ , ਨਿਡਰਤਾ ਅਤੇ ਹੱਕ - ਸੱਚ 'ਤੇ ਪਹਿਰਾ ਦੇਣ ਦੀ ਗਵਾਹੀ ਤੇ ਪ੍ਰਤੀਕ ਹੈ। ਇਸ ਪਾਵਨ - ਪਵਿੱਤਰ ਸ਼ੁਭ ਦਿਹਾੜੇ 'ਤੇ ਦੇਸ਼ਾਂ - ਵਿਦੇਸ਼ਾਂ ਅਤੇ ਦੂਰੋਂ - ਦੁਰਾਡਿਓਂ ਸੰਗਤਾਂ ਬਹੁਤ ਹੀ ਖ਼ੁਸ਼ੀ ਤੇ ਉਮੰਗ ਦੇ ਨਾਲ ਗੁਰੂ ਦੀ ਨਗਰੀ ਪਾਵਨ - ਪਵਿੱਤਰ , ਮਹਾਨ , ਇਤਿਹਾਸਕ ਧਰਤੀ ਅਤੇ ਅਨੰਦਾਂ ਦੀ ਨਗਰੀ ਸ੍ਰੀ ਅਨੰਦਪੁਰ ਸਾਹਿਬ ( ਰੂਪਨਗਰ ) ਵਿਖੇ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੁੰਦੀ ਹੈ ਅਤੇ ਇਸ ਮਹਾਨ ਧਰਤੀ ਦੇ ਦਰਸ਼ਨ ਦੀਦਾਰ ਕਰਦੀ ਹੈ। ਹੋਲੇ - ਮਹੱਲੇ ਦਾ ਪਾਵਨ - ਪਵਿੱਤਰ ਤਿਉਹਾਰ ਸਾਨੂੰ ਗੁਰੂ ਸਾਹਿਬਾਨ ਜੀ ਵੱਲੋਂ ਦੱਸੇ ਗਏ ਹੱਕ - ਸੱਚ ਤੇ ਧਰਮ ਦੇ ਮਾਰਗ 'ਤੇ ਚੱਲਣ ਦਾ ਸੁਨੇਹਾ ਦਿੰਦਾ ਹੈ ਅਤੇ ਇਹ ਵੀ ਯਾਦ ਦਿਵਾਉਂਦਾ ਹੈ ਕਿ ਸਾਨੂੰ ਅੰਧ - ਵਿਸ਼ਵਾਸਾਂ , ਊਚ - ਨੀਚ , ਜਾਤ - ਪਾਤ ਅਤੇ ਵਹਿਮਾਂ - ਭਰਮਾਂ ਤੋਂ ਮੁਕਤ ਹੋ ਕੇ ਆਪਣਾ ਜੀਵਨ ਗੁਰੂ ਸਾਹਿਬ ਜੀ ਦੇ ਦੱਸੇ ਮਾਰਗ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ। ਹੋਲੇ - ਮਹੱਲੇ ਦੇ ਪਾਵਨ - ਪਵਿੱਤਰ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਕਵੀ ਦਰਬਾਰ , ਢਾਡੀ ਦਰਬਾਰ , ਕੀਰਤਨ ਸਮਾਗਮ , ਗੱਤਕਾ ਮੁਕਾਬਲੇ ਅਤੇ ਹੋਰ ਅਨੇਕਾਂ ਮਹਾਨ ਧਾਰਮਿਕ ਕਾਰਜ ਕੀਤੇ ਜਾਂਦੇ ਹਨ। ਨਿਹੰਗ ਸਿੰਘਾਂ ਵੱਲੋਂ ਵੀ ਵੱਖ - ਵੱਖ ਤਰ੍ਹਾਂ ਦੇ ਹੈਰਤਅੰਗੇਜ਼ ਕਰਤੱਬ ਬਹੁਤ ਹੀ ਬਹਾਦਰੀ , ਨਿਡਰਤਾ ਅਤੇ ਦਲੇਰੀ ਨਾਲ ਕੀਤੇ ਜਾਂਦੇ ਹਨ। ਹੋਲੇ - ਮਹੱਲੇ ਦੇ ਪਾਵਨ ਦਿਹਾੜੇ 'ਤੇ ਸਿਵਲ ਪ੍ਰਸ਼ਾਸਨ , ਪੁਲਿਸ ਪ੍ਰਸ਼ਾਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਹੋਰ ਸੇਵਾਦਾਰਾਂ ਤੇ ਸੰਗਤਾਂ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਸਮੁੱਚੇ ਪ੍ਰੋਗਰਾਮ ਦੀ ਵਿਉਂਤਬੰਦੀ ਕੀਤੀ ਜਾਂਦੀ ਹੈ ਅਤੇ ਨੇਪਰੇ ਵੀ ਚਾੜ੍ਹਿਆ ਜਾਂਦਾ ਹੈ। ਸੰਗਤਾਂ ਗੁਰੂ ਕੇ ਅਤੁੱਟ ਵਰਤਾਏ ਜਾਂਦੇ ਲੰਗਰਾਂ ਦਾ ਵੀ ਆਨੰਦ ਉਠਾਉਂਦੀਆਂ ਹਨ ਅਤੇ ਮੇਲੇ ਦੇ ਵੰਨ - ਸੁਵੰਨੇ ਰੰਗਾਂ ਅਤੇ ਦ੍ਰਿਸ਼ਾਂ ਦਾ ਅਨੰਦ ਵੀ ਮਾਣਦੀਆਂ ਹਨ। ਕਈ ਥਾਵਾਂ 'ਤੇ ਪੁਸਤਕ ਪ੍ਰਦਰਸ਼ਨੀਆਂ ਤੇ ਖੇਡ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ। ਸਭ ਤੋਂ ਵੱਡੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਅਤੇ ਇਸਦੇ ਆਲੇ - ਦੁਆਲੇ ਦੇ ਪਿੰਡਾਂ ਦੇ ਲੋਕ ਬਹੁਤ ਹੀ ਸ਼ਰਧਾ ਭਾਵਨਾ ਦੇ ਨਾਲ ਆਈਆਂ ਹੋਈਆਂ ਸੰਗਤਾਂ ਦੇ ਲਈ ਲੰਗਰ , ਚਾਹ , ਪਾਣੀ ਅਤੇ ਹੋਰ ਵੰਨ - ਸੁਵੰਨੇ ਖਾਧ ਪਦਾਰਥਾਂ ਦੀ ਖੁੱਲ੍ਹਦਿਲੀ ਦੇ ਨਾਲ ਸੇਵਾ /ਉਪਲੱਬਧਤਾ ਕਰਵਾਉਂਦੇ ਹਨ। ਦੂਰੋਂ - ਨੇੜਿਓਂ ਆਈਆਂ ਹੋਈਆਂ ਸੰਗਤਾਂ ਨੂੰ ਲਾਊਡ ਸਪੀਕਰਾਂ ਦੀਆਂ ਆਵਾਜ਼ਾਂ ਵਾਰ - ਵਾਰ ਗੁਰੂ ਕੇ ਲੰਗਰ ਛਕਣ , ਚਾਹ - ਪਕੌੜਾ ਛਕਣ ਦੀਆਂ ਬੇਨਤੀਆਂ ਕਰਦੀਆਂ ਹਨ , ਜੋ ਕਿ ਇੱਕ ਬਹੁਤ ਵੱਡਾ ਤੇ ਮਹਾਨ ਉਪਰਾਲਾ ਹੈ। ਇਸ ਪਾਵਨ ਦਿਹਾੜੇ 'ਤੇ ਗੁਰੂ ਘਰਾਂ ਵਿੱਚ ਅੰਮ੍ਰਿਤ ਦਾ ਸੰਚਾਰ ਵੀ ਕੀਤਾ ਜਾਂਦਾ ਹੈ। ਸੰਗਤਾਂ ਗੁਰੂ - ਘਰਾਂ ਵਿੱਚ ਰੱਬੀ ਇਲਾਹੀ ਬਾਣੀ ਦਾ ਅਨੰਦ ਵੀ ਬਹੁਤ ਸ਼ਰਧਾ ਨਾਲ ਮਾਣਦੀਆਂ ਹਨ। ਸਾਨੂੰ ਹੋਲੇ - ਮਹੱਲੇ ਦੇ ਪਾਵਨ ਤਿਉਹਾਰ ਨੂੰ ਮਨਾਉਂਦੇ ਸਮੇਂ ਕੁਦਰਤੀ ਰੰਗਾਂ ਜਾਂ ਫੁੱਲਾਂ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਰਸਾਇਣਾਂ ਵਾਲੇ ਰੰਗ ਸਾਡੇ ਸਰੀਰ , ਸਾਡੀਆਂ ਅੱਖਾਂ , ਸਾਡੇ ਕੰਨ ਆਦਿ ਨੂੰ ਨੁਕਸਾਨ ਨਾ ਪਹੁੰਚਾ ਸਕਣ। ਇਸ ਮੌਕੇ ਸਾਨੂੰ ਹੱਕ - ਸੱਚ ਦੀ ਕਮਾਈ ਕਰਨ , ਸ਼ਾਂਤੀ , ਸਾਦਗੀ ਅਤੇ ਦੂਸਰਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਆਪਣੇ ਅੰਦਰ ਲਿਆਉਣ ਦਾ ਅਹਿਦ ਵੀ ਲੈਣਾ ਚਾਹੀਦਾ ਹੈ। ਸਾਨੂੰ ਇਹ ਵੀ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਖੁਦ ਅਤੇ ਆਪਣੇ ਸਮਾਜ ਨੂੰ ਨਸ਼ਿਆਂ ਤੋਂ ਮੁਕਤ ਰੱਖੀਏ। ਇਸ ਪਾਵਨ ਦਿਹਾੜੇ ਮੌਕੇ ਹੋ ਸਕੇ ਤਾਂ ਲੋੜਵੰਦਾਂ ਦੀ ਯਥਾਸੰਭਵ ਯੋਗ ਸਹਾਇਤਾ ਕਰ ਦੇਣੀ ਚਾਹੀਦੀ ਹੈ। ਪ੍ਰਮਾਤਮਾ ਕਰੇ ! ਗੁਰੂ ਮਹਾਰਾਜ ਜੀ ਦੀ ਕ੍ਰਿਪਾ ਨਾਲ ਹਰ ਸਾਲ ਸੁੱਖ - ਸ਼ਾਂਤੀ , ਖ਼ੁਸ਼ੀ , ਉਮੰਗ - ਤਰੰਗ ਅਤੇ ਹਰ ਤਰ੍ਹਾਂ ਦੇ ਭੇਦਭਾਵ ਤੇ ਮਨ - ਮੁਟਾਵ ਮਿਟਾ ਕੇ ਸਮੁੱਚੀ ਦੁਨੀਆ ਸ੍ਰੀ ਅਨੰਦਪੁਰ ਸਾਹਿਬ ਦੇ ਇਸ ਮਹਾਨ , ਪਾਵਨ ਅਤੇ ਦੁਨੀਆ ਵਿੱਚ ਵਿਸ਼ੇਸ਼ ਮਹੱਤਤਾ ਰੱਖਣ ਵਾਲੇ ਤਿਓਹਾਰ ਹੋਲਾ - ਮਹੱਲਾ ਨੂੰ ਬਹੁਤ ਹੀ ਖੁਸ਼ੀ ਨਾਲ ਅਤੇ ਆਪਸ ਵਿੱਚ ਰਲ਼ - ਮਿਲ਼ ਕੇ ਮਨਾਉਂਦੇ ਰਹਿਣ ਤੇ ਸਾਰੇ ਰਲ਼ - ਮਿਲ਼ ਕੇ ਰਹਿਣ ਜੀ।

*ਵਾਹਿਗੁਰੂ ਜੀ ਕਾ ਖਾਲਸਾ ,*
*ਵਾਹਿਗੁਰੂ ਜੀ ਕੀ ਫਤਹਿ।*
*ਸਤਿਨਾਮ - ਵਾਹਿਗੁਰੂ ਜੀ।*

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# ਬਿਹਾਰੀ ਔਰਤ ਵੱਲੋਂ ਪਰਿਕਰਮਾ ਵਿੱਚ ਬੀੜੀ ਪੀਣ ਦਾ ਮੁੱਦਾ ਭਖਿਆ

ਅੰਮ੍ਰਿਤਸਰ, 17 ਮਾਰਚ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਇੱਕ ਬਿਹਾਰੀ ਔਰਤ ਵੱਲੋਂ ਬੀੜੀ ਪੀਣ ਦਾ ਮਾਮਲਾ ਭਖ ਪਿਆ ਹੈ। 13 ਮਾਰਚ ਦੀ ਰਾਤ ਗਿਆਰਾਂ ਵਜੇ ਦੇ ਕਰੀਬ ਔਰਤ ਆਪਣੀ ਧੀ ਤੇ ਦੋਹਤੇ ਦੇ ਨਾਲ ਪਰਿਕਰਮਾ ਦੇ ਬਰਾਂਡੇ ਵਿੱਚ ਰੁਕੀ ਸੀ, ਜਿੱਥੇ ਇਸ ਬਿਰਧ ਔਰਤ ਨੇ ਬੀੜੀ ਪੀਤੀ ਸੀ।



ਦੱਸਿਆ ਜਾਂਦਾ ਹੈ ਕਿ ਜਦੋਂ ਸੇਵਾਦਾਰ ਨੇ ਦੇਖਿਆ ਤਾਂਇਸ ਔਰਤ ਨੂੰ ਉਥੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਪਰਿਕਰਮਾ ਵਿੱਚ ਮੌਜੂਦ ਸੰਗਤ ਨੇ ਜਦੋਂ ਔਰਤ ਤੋਂ ਪੁੱਛਗਿੱਛ ਕੀਤੀ ਤਾਂ ਉਹ ਮੰਨ ਗਈ ਕਿ ਬੀੜੀ ਪੀਤੀ ਹੈ। ਸੰਗਤਾਂ ਨੇ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੂੰ ਦੱਸਿਆ ਤਾਂ ਪ੍ਰਬੰਧਕਾਂ ਨੇ ਸੀ ਸੀ ਟੀ ਵੀ ਰਾਹੀਂ ਪੜਤਾਲ ਕਰਨ ਤੋਂ ਬਾਅਦ ਇਹ ਕੇਸ ਗਲਿਆਰਾ ਚੌਕੀ ਨੂੰ ਦੇ ਦਿੱਤਾ। ਗਲਿਆਰਾ ਚੌਕੀ ਪੁਲਸਅ ਨੇ ਸਬੰਧਤ ਅਰਤ ਤੇ ਉਸ ਦੇ ਪਰਵਾਰ ਦੀ ਜਾਣਕਾਰੀ ਹਾਸਲ ਕੀਤੀ ਤਾਂ ਪਤਾ ਲੱਗਾ ਕਿ ਇਹ ਪਰਵਾਰ ਬਿਹਾਰ ਦਾ ਰਹਿਣ ਵਾਲਾ ਹੈ ਤੇ ਅੱਜਕੱਲ੍ਹ ਲੁਧਿਆਣੇ ਰਹਿੰਦੇ ਹਨ। ਪਰਿਕਰਮਾ ਦੇ ਮੈਨੇਜਰ ਨਾਲ ਗਲਿਆਰਾ ਚੌਕੀ ਇੰਚਾਰਜ ਦੀ ਗੱਲਬਾਤ ਪਿੱਛੋਂ ਔਰਤ ਅਤੇ ਉਸ ਦੇ ਪਰਵਾਰ ਨੂੰ ਛੱਡ ਦਿੱਤਾ ਗਿਆ। ਚੌਕੀ ਇੰਚਾਰਜ ਨੇ ਦੱਸਿਆ ਕਿ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਕੋਈ ਲਿਖਤੀ ਸ਼ਿਕਾਇਤ ਨਹੀਂ ਦਿੱਤੀ ਅਤੇ ਨਾ ਬੀੜੀ ਜਾਂ ਕੋਈ ਸਮੱਗਰੀ ਉਨ੍ਹਾਂ ਨੂੰ ਬਰਾਮਦ ਕਰ ਕੇ ਦਿੱਤੀ ਹੈ। ਮੈਨੇਜਰ ਨੇ ਕਿਹਾ ਕਿ ਜੇ ਜਾਣੇ ਅਣਜਾਣੇ ਵਿੱਚ ਇਨ੍ਹਾਂ ਗਲਤੀ ਕੀਤੀ ਹੈ ਤਾਂ ਪੁੱਛਗਿੱਛ ਕਰ ਕੇ ਇਨ੍ਹਾਂ ਤੋਂ ਮੁਆਫੀਨਾਮਾ ਲੈ ਕੇ ਜਾਣ ਦਿਓ।ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਓ ਐਸ ਡੀ ਸਤਬੀਰ ਸਿੰਘ ਧਾਮੀ ਨੇ ਕਿਹਾ ਕਿ ਮੈਨੇਜਰ ਜਾਂ ਹੋਰ ਕਿਸੇ ਨੇ ਕੇਸ ਧਿਆਨ ਵਿੱਚ ਨਹੀਂ ਲਿਆਂਦਾ। ਇਸ ਬਾਰੇ ਬਾਹਰੋਂ ਜਾਣਕਾਰੀ ਮਿਲੀ ਹੈ ਜਿਸ ਤੋਂ ਬਾਅਦ ਜਾਂਚ ਲਈ ਫਲਾਇੰਗ ਵਿਭਾਗ ਦੀ ਡਿਊਟੀ ਲਾ ਦਿੱਤੀ ਹੈ। ਫਲਾਇੰਗ ਵਿਭਾਗ ਪੜਤਾਲ ਕਰ ਕੇ ਰਿਪੋਰਟ ਸੌਂਪੇਗਾ।

# ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਰੋਹ ਵਿੱਚ ਬੱਸਾਂ ਭੇਜਣ ਨਾਲ 45 ਲੱਖ ਤੋਂ ਵੱਧ ਦਾ ਲਾਭ

ਜਲੰਧਰ, 17 ਮਾਰਚ (ਪੋਸਟ ਬਿਊਰੋ)- ਆਮ ਤੌਰ ਉੱਤੇ ਜਦੋਂ ਵੀ ਸਰਕਾਰੀ ਸਮਾਰੋਹ ਹੋਵੇ ਤਾਂ ਬੱਸਾਂ ਨੂੰ ਵਗਾਰ ਉੱਤੇ ਭੇਜਣ ਲਈ ਅਧਿਕਾਰੀਆਂ ਦੀਆਂ ਡਿਊਟੀਆਂ ਲਾਈਆਂ ਜਾਂਦੀਆਂ ਹਨ ਤਾਂ ਜੋ ਉਹ ਬੱਸਾਂ ਦਾ ਮੁਕੰਮਲ ਪ੍ਰਬੰਧ ਕਰ ਸਕਣ। ਅਧਿਕਾਰੀ ਆਪਣੇ ਹਿਸਾਬ ਨਾਲ ਬੱਸਾਂ ਦਾ ਪ੍ਰਬੰਧ ਕਰਦੇ ਹਨ ਅਤੇ ਸਕੂਲਾਂ ਅਤੇ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਵਗਾਰ ਪਾਉਣ ਦੇ ਨਾਲ ਸਰਕਾਰੀ ਬੱਸਾਂ ਨੂੰ ਵੀ ਵਗਾਰ ਸਹਿਣੀ ਪੈਂਦੀ ਹੈ। ਇਸ ਵਾਰ ਵੀ ਸਰਕਾਰੀ ਪ੍ਰੋਗਰਾਮ ਵਿੱਚ ਬੱਸਾਂ ਨੂੰ ਭੇਜਿਆ ਗਿਆ, ਪਰ ਉਸ ਲਈ ਵਗਾਰ ਨਹੀਂ ਪਾਈ ਗਈ, ਜੋ ਬਦਲਾਅ ਵੱਲ ਇਸ਼ਾਰਾ ਕਰਦਾ ਹੈ। ਅਧਿਕਾਰੀ ਦੱਸਦੇ ਹਨ ਕਿ ਇਸ ਵਾਰ ਬੱਸਾਂ ਭੇਜਣ ਨਾਲ ਪੰਜਾਬ ਦੇ ਸਾਰੇ ਰੋਡਵੇਜ਼ ਡਿਪੂਆਂ ਨੂੰ ਲਾਭ ਮਿਲਿਆ ਹੈ।

ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਵਿੱਚ ਹੋਏਸਹੁੰ ਚੁੱਕ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਾਲੇ ਬੱਸ ਡਿਪੂਆਂ ਨੇ 1000 ਤੋਂ ਵੱਧ ਬੱਸਾਂ ਭੇਜੀਆਂ, ਜਿਸ ਨਾਲ ਵਿਭਾਗ ਨੂੰ 45 ਲੱਖ ਤੋਂ ਵੱਧ ਰਾਸ਼ੀ ਪ੍ਰਾਪਤ ਹੋਈ, ਜੋ ਸ਼ੁੱਧ ਲਾਭ ਕਿਹਾ ਜਾ ਸਕਦਾ ਹੈ।ਸਰਕਾਰੀ ਪ੍ਰੋਗਰਾਮ ਲਈ ਹਰ ਬੱਸ ਦੀ ਬੁਕਿੰਗ ਲਈ 4500 ਰੁਪਏ ਚਾਰਜ ਕੀਤੇ ਗਏ, ਜਦਕਿ ਡੀਜ਼ਲ ਲਈ ਪ੍ਰਤੀ ਕਿਲੋਮੀਟਰ ਦੇ ਹਿਸਾਬ ਰਾਸ਼ੀ ਤੈਅ ਹੋਈ। ਅਧਿਕਾਰੀ ਕਹਿੰਦੇ ਹਨ ਕਿ 4500 ਰੁਪਏ ਸਿੱਧੇ ਤੌਰ ਉੱਤੇ ਬੱਚਤ ਹੋਈ ਹੈ। ਬੱਸਾਂ ਚਲਾਉਣ ਲਈ ਡੀਜ਼ਲ ਦੇ ਅਲੱਗ ਪੈਸੇ ਮਿਲੇ। ਅਧਿਕਾਰੀ ਕਹਿੰਦੇ ਹਨ ਕਿ ਤਨਖ਼ਾਹ ਦੇਣ ਤੇ ਡੀਜ਼ਲ ਪੁਆਉਣ ਲਈ ਫੰਡਾਂ ਦੀ ਕਮੀ ਨਾਲ ਜੂਝ ਰਹੇ ਵਿਭਾਗ ਨੂੰ ਕਰੋੜ ਰੁਪਏ ਦਾ ਲਾਭ ਹੋਣ ਨਾਲ ਰਾਹਤ ਮਿਲੀ ਹੈ। ਮੁੱਖ ਮੰਤਰੀ ਦੇ ਪ੍ਰੋਗਰਾਮ ਵਿੱਚ ਬੱਸਾਂ ਭੇਜਣ ਨਾਲ ਸਵਾਰੀਆਂ ਨੂੰ ਹੋਈ ਪ੍ਰੇਸ਼ਾਨੀ ਨੂੰ ਧਿਆਨ ਵਿੱਚ ਰੱਖ ਕੇ ਹਰ ਡਿਪੂ ਦੀਆਂ 70-80 ਫੀਸਦੀ ਦੇ ਲੱਗਭਗ ਬੱਸਾਂ ਬੁੱਕ ਕੀਤੀਆਂ ਗਈਆਂ, ਬਾਕੀ ਬੱਸਾਂ ਰੁਟੀਨ ਵਾਂਗ ਚੱਲੀਆਂ।

## ਸ਼੍ਰੋਮਣੀ ਕਮੇਟੀ ਵੱਲੋਂ ਕੈਲੰਡਰ ਜਾਰੀ ਕਰਨ ਕਰ ਕੇ ਜਥੇਦਾਰਾਂ ਮੂਹਰੇ ਸਵਾਲ ਉੱਠੇ

ਕੋਟਕਪੂਰਾ, 17 ਮਾਰਚ (ਪੋਸਟ ਬਿਊਰੋ)- ਪਿਛਲੇ ਦਿਨੀਂ ਤਖ਼ਤਾਂ ਦੇ ਜਥੇਦਾਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੇ ਗਏ ਕੈਲੰਡਰ ਨੂੰ ਜਾਰੀ ਕੀਤਾ ਤਾਂ ਇਸ ਮੌਕੇ ਸਿੱਖ ਕੌਮ ਨੂੰ ਨਵੇਂ ਸਾਲ ਦੀ ਵਧਾਈ ਦੇਣ ਦੇ ਨਾਲ ਗੁਰਪੁਰਬ ਤੇ ਹੋਰ ਇਤਿਹਾਸਕ ਦਿਹਾੜੇ ਇਸੇ ਕੈਲੰਡਰ ਅਨੁਸਾਰ ਮਨਾਉਣ ਦੇ ਆਦੇਸ਼ ਦਿੱਤੇ ਸਨ। ਇਹ ਆਦੇਸ਼ ਕਈ ਕਾਰਨਾਂ ਕਰ ਕੇ ਪੰਥਕ ਹਲਕਿਆਂ ਨੂੰ ਹਜ਼ਮ ਨਹੀਂ ਹੋ ਰਹੇ।

ਪ੍ਰਵਾਸੀ ਭਾਰਤੀ, ਸਿੱਖ ਚਿੰਤਕ ਤੇ ਪੰਥਕ ਵਿਦਵਾਨ ਸਰਬਜੀਤ ਸਿੰਘ ਸੈਕਰਾਮੈਂਟੋ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਪਿਛਲੇ ਸਾਲ ਜਾਰੀ ਕੀਤੇ ਕੈਲੰਡਰ ਤੇ ਇਸ ਸਾਲ ਵਾਲੇ ਕੈਲੰਡਰਾਂ ਨੂੰ ਮਿਲਾ ਕੇ ਦੇਖਣ ਨਾਲ ਹੈਰਾਨੀ ਹੋਣੀ ਸੁਭਾਵਕ ਹੈ ਕਿ ਦੋਵੇਂ ਸਾਲ ਦੇ ਕੈਲੰਡਰਾਂ ਦਾ ਆਰੰਭ ਇੱਕ ਚੇਤ ਤੋਂ ਹੁੰਦਾ ਹੈ, ਪਰ ਤਿੰਨ ਮਹੀਨਿਆਂ (ਵੈਸਾਖ, ਭਾਦੋਂ, ਅੱਸੂ) ਦੀ ਸੰਗਰਾਂਦ ਇੱਕ ਦਿਨ ਪਛੜ ਕੇ ਹੋ ਰਹੀ ਹੈ ਤੇ ਸੱਤ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਪਿਛਲੇ ਸਾਲ ਦੇ ਦਿਨਾਂ ਦੀ ਗਿਣਤੀ ਨਾਲ ਮੇਲ ਨਹੀਂ ਖਾਂਦੀ। ਇਸੇ ਤਰ੍ਹਾਂ ਬਾਕੀ ਗੁਰਪੁਰਬਾਂ ਤੇ ਇਤਿਹਾਸਕ ਦਿਹਾੜਿਆਂ ਦਾ ਭੰਬਲਭੂਸਾ ਕਾਇਮ ਹੈ। ਅਕਾਲ ਤਖ਼ਤ ਸਾਹਿਬ ਦੇ ਸਿਰਜਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਹਾੜੇ ਬਾਰੇ ਸ਼੍ਰੋਮਣੀ ਕਮੇਟੀ ਦੀ ਵੈਬਸਾਈਟ ਉੱਤੇ 21 ਹਾੜ ਦਰਜ ਹੈ, ਭਾਵੇਂ ਅਕਾਲ ਤਖ਼ਤ ਸਾਹਿਬ ਦੀ ਸਿਰ-ਜਣਾ ਦਾ ਦਿਹਾੜਾ ਹਰ ਸਾਲ 18 ਹਾੜ ਨੂੰ ਮਨਾਉਣ ਦਾ ਮੌਕਾ ਹਰ ਸਾਲ ਕਿਉਂ ਬਦਲ ਜਾਂਦਾ ਹੈ? ਸਰਬਜੀਤ ਸਿੰਘ ਸੈਕਰਾਮੈਂਟੋ ਦੇ ਮੁਤਾਬਕ ਸੰਮਤ 552 ਦੇ ਕੈਲੰਡਰ ਵਿੱਚ ਮੀਰੀ-ਪੀਰੀ ਦਾ ਦਿਹਾੜਾ 17 ਹਾੜ ਦਰਜ ਹੈ, ਪਰ ਥੜੇ ਦੀ ਉਸਾਰੀ 18 ਹਾੜ ਨੂੰ ਹੁੰਦੀ ਹੈ, ਕੀ ਇਹ ਇਤਿਹਾਸ ਨਾਲ ਖਿਲਵਾੜ ਨਹੀਂ?

ਸਾਲ 2019 ਵਿੱਚ ਕੌਮਾਂਤਰੀ ਨਗਰ ਕੀਰਤਨ ਦੇ ਸਬੰਧ ਵਿੱਚ ਪਾਕਿ-ਸਤਾਨ ਗਏ ਗਿਆਨੀ ਹਰਪ੍ਰੀਤ ਸਿੰਘ ਨੂੰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਕੀਤਾ ਵਾਅਦਾ ਯਾਦ ਕਰਾਉਂਦਿਆਂ ਸਰਬਜੀਤ ਸਿੰਘ ਸੈਕਰਾਮੈਂਟੋ ਨੇ ਦੱਸਿਆ ਕਿ ਤੁਸੀਂ ਅਗਲੇ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਇਕੱਠੇ ਅਰਥਾਤ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਉਣ ਦਾ ਵਾਅਦਾ ਕੀਤਾ ਸੀ, ਪਰ ਉਸ ਤੋਂ ਬਾਅਦ ਤੁਹਾਡੇ ਜਾਰੀ ਕੀਤੇ ਗਏ ਤਿੰਨ ਕੈਲੰਡਰਾਂ ਵਿੱਚ ਸ਼ਹੀਦੀ ਦਿਹਾੜੇ ਇਕੱਠੇ ਮਨਾਉਣ ਦਾ ਕੋਈ ਯਤਨ ਦਿਖਾਈ ਨਹੀਂ ਦਿੱਤਾ, ਜਿਸ ਤੋਂ ਸਾਫ ਹੈ ਕਿ ਤੁਸੀਂ ਸਿਆਸੀ ਲੀਡਰਾਂ ਵਾਂਗੂ ਮੌਕੇ ਮੁਤਾ-ਬਕ ਹੀ ਝੂਠਾ ਵਾਅਦਾ ਕਰ ਗਏ ਹੋ।

# ਆਮ ਆਦਮੀ ਪਾਰਟੀ ਦੇ ਸਮਾਗਮ ਨੇ ਜਸਵਿੰਦਰ ਨੂੰ 7 ਸਾਲ ਬਾਅਦ ਆਪਣਿਆਂ ਨਾਲ ਮਿਲਾਇਆ

ਫਰੀਦਕੋਟ, 17 ਮਾਰਚ (ਪੋਸਟ ਬਿਊਰੋ)- ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸ਼ੇਰ ਸਿੰਘ ਵਾਲਾ ਤੋਂ ਸੱਤ ਸਾਲ ਪਹਿਲਾਂ ਗਾਇਬ ਹੋਇਆ ਨੌਜਵਾਨ ਕੱਲ੍ਹ ਮਾਪਿਆਂ ਨੂੰ ਪਿੰਡ ਖਟਕੜ ਕਲਾਂ ਵਿੱਚ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ ਦੇ ਲਈ ਪੰਡਾਲ ਤਿਆਰ ਕਰਨ ਦੌਰਾਨ ਪੁਲਸ ਦੀ ਆਮ ਪੁੱਛਗਿੱਛ ਦੇ ਦੌਰਾਨ ਮਿਲਿਆ ਹੈ।

ਪਤਾ ਲੱਗਾ ਹੈ ਕਿ ਜਸਵਿੰਦਰ ਸਿੰਘ (26) ਵਾਸੀ ਸ਼ੇਰ ਸਿੰਘ ਵਾਲਾ ਕਰੀਬ ਸੱਤ ਸਾਲ ਪਹਿਲਾਂ ਫੌਜ ਵਿੱਚ ਭਰਤੀ ਹੋਣ ਗਿਆ ਤਾਂ ਨੌਕਰੀ ਨਾ ਮਿਲਣ ਕਾਰਨ ਘਰੋਂ ਦੌੜ ਗਿਆ। ਪ੍ਰੇਸ਼ਾਨ ਮਾਪਿਆਂ ਨੇ ਥਾਣਾ ਸਾਦਿਕ ਵਿੱਚ ਸ਼ਿਕਾਇਤ ਦਰਜ ਕਰਵਾ ਕੇ ਉਸ ਦੀ ਭਾਲ ਕੀਤੀ, ਪਰ ਕਿਤੇ ਨਹੀਂ ਮਿਲਿਆ। ਕੱਲ੍ਹ ਪੁਲਸ ਨੇ ਪਿੰਡ ਖਟਕੜ ਕਲਾਂ ਵਿੱਚ ਭਗਵੰਤ ਮਾਨ ਦੇ ਸਹੁੰ ਚੁੱਕ ਸਮਾਗਮ ਵਾਲੇ ਪੰਡਾਲ ਵਿੱਚ ਕੰਮ ਕਰਦੇ ਟੈਂਟ ਵਾਲੇ ਮਜ਼ਦੂਰਾਂ ਦੀ



ਜਾਂਚ ਪੜਤਾਲ ਕੀਤੀ ਤਾਂ ਜਸਵਿੰਦਰ ਸਿੰਘ ਆਪਣਾ ਆਧਾਰ ਕਾਰਡ ਅਤੇ ਹੋਰ ਸ਼ਨਾਖਤੀ ਕਾਗਜ਼ ਨਹੀਂ ਦਿਖਾ ਸਕਿਆ। ਇਸ ਮਗਰੋਂ ਪੁਲਸ ਨੇ ਉਸ ਦਾ ਨਾਂਅ ਪਤਾ ਪੁੱਛ ਕੇ ਫਰੀਦਕੋਟ ਪ੍ਰਸ਼ਾਸਨ ਦੇ ਰਾਹੀਂ ਜਸਵਿੰਦਰ ਦੇ ਪਰਵਾਰ ਤਕ ਪਹੁੰਚ ਕੀਤੀ ਤਾਂ ਉਸ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਪਿਛਲੇ ਸੱਤ ਸਾਲਾਂ ਤੋਂ ਗੁੰਮ ਹੈ। ਜਸਵਿੰਦਰ ਸਿੰਘ ਦੇ ਮਾਪਿਆਂ ਨੇ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨਾਲ ਸੰਪਰਕ ਕੀਤਾ ਤੇ ਖਟਕੜ ਕਲਾਂ ਜਾ ਕੇ ਪੁੱਤਰ ਪਛਾਣ ਲਿਆ। ਪੁਲਸ ਨੇ ਮੁੱਢਲੀ ਪੜਤਾਲ ਤੋਂ ਬਾਅਦ ਜਸਵਿੰਦਰ ਸਿੰਘ ਨੂੰ ਮਾਪਿਆਂ ਦੇ ਹਵਾਲੇ ਕਰ ਦਿੱਤਾ ਹੈ।

ਨੌਜਵਾਨ ਦੇ ਪਿਤਾ ਦਵਿੰਦਰ ਸਿੰਘ ਨੇ ਕਿਹਾ ਕਿ ਜਸਵਿੰਦਰ ਜਦੋਂ ਗੁੰਮ ਹੋਇਆ ਤਾਂ ਉਸ ਦੀ ਉਮਰ 19 ਸਾਲ ਸੀ। 10ਵੀਂ ਪਾਸ ਜਸਵਿੰਦਰ ਘਰ ਦੀ ਹਾਲਤ ਸੁਧਾਰਨ ਲਈ ਸਰਕਾਰੀ ਨੌਕਰੀ ਕਰਨਾ ਚਾਹੁੰਦਾ ਸੀ, ਪਰ ਉਸ ਨੂੰ ਨੌਕਰੀ ਨਹੀਂ ਮਿਲੀ। ਸੱਤ ਸਾਲ ਤੋਂ ਘਰੋਂ ਨੱਸ ਕੇ ਉਹ ਅੰਮ੍ਰਿਤਸਰ ਦੇ ਇੱਕ ਟੈਂਟ ਹਾਊਸ ਵਿੱਚ ਮਜ਼ਦੂਰ ਵਜੋਂ ਕੰਮ ਕਰ ਰਿਹਾ ਸੀ।ਵਿਧਾਇਕ ਸੇਖੋਂ ਨੇ ਦੱਸਿਆ ਕਿ ਜਦੋਂ ਜਸਵਿੰਦਰ ਸਿੰਘ ਦੇ ਮਾਂ-ਪਿਓ ਅਤੇ ਪਿੰਡ ਵਾਸੀ ਖਟਕੜ ਕਲਾਂ ਰੈਲੀ ਵਾਲੀ ਥਾਂ ਪੁੱਜੇ ਤਾਂ ਉਨ੍ਹਾਂ ਦਾ ਲੜਕਾ ਮੁੱਖ ਸਟੇਜ ਮੂਹਰੇ ਕੁਰਸੀਆਂ ਲਾ ਰਿਹਾ ਸੀ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਹੈ।

# ਡਾ. ਨਿੱਝਰ ਚੀਫ਼ ਖ਼ਾਲਸਾ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਚੁਣੇ ਗਏ



ਅੰਮ੍ਰਿਤਸਰ, 17 ਮਾਰਚ (ਪੋਸਟ ਬਿਊਰੋ)- ਪਿਛਲੇ ਦਿਨੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨਨਿਰਮਲ ਸਿੰਘ ਆਪਣੇ ਦੇ ਦੇਹਾਂਤ ਕਾਰਨ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਨੂੰ ਸਰਬਸੰਮਤੀ ਨਾਲ ਇਸ ਦਾ ਕਾਰਜਕਾਰੀ ਪ੍ਰਧਾਨ ਥਾਪਿਆ ਗਿਆ ਹੈ। ਡਾ. ਨਿੱਝਰ ਨੇ ਅਹੁਦੇਦਾਰਾਂ, ਮੈਂਬਰਾਂ ਤੇ ਸਾਥੀਆਂ ਨਾਲ ਚੀਫ਼ ਖ਼ਾਲਸਾ ਦੀਵਾਨ ਗੁਰਦੁ-ਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਨਵੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਹਿਤ ਅਕਾਲਪੁਰਖ ਅੱਗੇ ਅਰਦਾਸ ਕੀਤੀ। ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ ਅਤੇ ਹੋਰ ਸੱਜਣਾਂ ਨੇ ਇਸ ਮਾਮਲੇ ਵਿੱਚ ਉਨ੍ਹਾਂ ਲਈ ਸ਼ੁਭ ਇੱਛਾਵਾਂ ਦਿੱਤੀਆਂ ਹਨ।

ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਦੇ ਪੇਂਡੂ ਸਕੂਲਾਂ ਦਾ ਵਿਦਿਅਕ ਪੱਧਰ ਚੁੱਕਣ ਅਤੇ ਸਿੱਖੀ ਦੇ ਪ੍ਰਚਾਰਲਈ ਵਿਸ਼ੇਸ਼ ਯਤਨ ਕੀਤੇ ਜਾਣਗੇ। ਉਨ੍ਹਾਂ ਨੇ ਟੀਚਰਾਂ ਦੀ ਬਹੁਪੱਖੀ ਸਖ਼ਸੀਅਤ ਨੂੰ ਨਿਖਾਰਣ ਲਈ ਟੀਚਰ ਟਰਨਿੰਗ ਉੱਤੇ ਜੋਰ ਦਿੱਤਾ। ਮੀਤ ਪ੍ਰਧਾਨ ਅਮਰਜੀਤ ਸਿੰਘ ਬਾਂਗਾ ਨੂੰ ਨਵੇਂ ਆਫਿਸ ਵਿੱਚ ਦੀਵਾਨ ਦੇ ਕੰਮਕਾਜ ਨੂੰ ਦੇਖਣ ਲਈ ਚਾਰਜ ਦਿੱਤਾ ਗਿਆ ਹੈ।

# ਸਰਕਾਰੀ ਦਫ਼ਤਰਾਂ ਵਿੱਚ ਡਾ. ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੋ ਲਾਉਣਾ ਸੌਖਾ ਕੰਮ ਨਹੀਂ

ਲੁਧਿਆਣਾ, 17 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਐਲਾਨ ਕਰ ਚੁੱਕੇ ਹਨ ਕਿ ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿੱਚ ਮੁੱਖ ਮੰਤਰੀ ਦੀ ਨਹੀਂ, ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਤੇ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਫੋਟੋ ਲਾਈਆਂ ਜਾਣਗੀਆਂ, ਪ੍ਰੰਤੂ ਮੌਜੂਦਾ ਸਰਕਾਰ ਦੇ ਇਸ ਐਲਾਨ ਨੂੰ ਪੂਰਾ ਕਰਨਾ ਸੌਖਾ ਕੰਮ ਨਹੀਂ। ਪੰਜਾਬ ਸਰਕਾਰ ਦੇ 24 ਅਪ੍ਰੈਲ 1979 ਦੇ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿੱਚ ਮਹਾਤਮਾ ਗਾਂਧੀ, ਰਾਸ਼ਟਰਪਤੀ, ਮੌਜੂਦਾ ਪ੍ਰਧਾਨ ਮੰਤਰੀ ਅਤੇ ਮੌਜੂਦਾ ਮੁੱਖ ਮੰਤਰੀ ਦੀਆਂ ਫੋਟੋ ਲਾਉਣ ਦਾ ਹੀ ਪ੍ਰਬੰਧ ਕੀਤਾ ਗਿਆ ਹੈ।

ਭਾਰਤੀ ਵਾਲਮਿਕਿ ਧਰਮ ਸਮਾਜ ਦੇ ਆਗੂ ਰਾਜ ਕੁਮਾਰ ਸਾਥੀ ਨੇ ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿੱਚ ਸੰਵਿਧਾਨ ਦੇ ਰਚਨਹਾਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਫੋਟੋ ਲਾਉਣ ਲਈ ਅਪੀਲ ਕੀਤੀ ਸੀ ਤਾਂ ਇਸ ਦੇ ਜਵਾਬ ਵਿੱਚ ਸਰਕਾਰ ਦੇ ਜਨਰਲ ਪ੍ਰਸ਼ਾਸਨ ਵਿਭਾਗ (ਰਜਨੀਤੀ ਸ਼ਾਖਾ-1) ਨੇਏਦਾਂ ਹੀ ਦੱਸਿਆ ਸੀ। ਸਰਕਾਰ ਵੱਲੋਂ ਮਿਤੀ 27 ਜਨਵਰੀ 2020 ਨੂੰ ਭੇਜੇ ਪੱਤਰ ਵਿੱਚ ਦੱਸਿਆ ਗਿਆ ਕਿ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਦਫ਼ਤਰਾਂ ਵਿੱਚ ਭੀਮ ਰਾਓ ਅੰਬੇਡਕਰ ਦੀ ਤਸਵੀਰ ਲਾਉਣ ਦਾ ਕੋਈ ਨਿਯਮ ਨਹੀਂ ਹੈ। ਰਾਜਕੁਮਾਰ ਸਾਥੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਇਹ ਐਲਾਨ ਕਰ ਚੁੱਕੇ ਹਨ ਕਿ ਰਾਜ ਦੇ ਸਰਕਾਰੀ ਦਫ਼ਤਰਾਂ ਵਿੱਚ ਮੁੱਖ ਮੰਤਰੀ ਦੀ ਥਾਂ ਡਾ. ਭੀਮ ਰਾਓ ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੋ ਲੱਗਣਗੀਆਂ, ਪ੍ਰੰਤੂ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਜਦ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਵਿੱਚ ਹੀ ਚਾਰ ਫੋਟੋ (ਮਹਾਤਮਾ ਗਾਂਧੀ, ਮੌਜੂਦਾ ਰਾਸ਼ਟਰਪਤੀ, ਮੌਜੂਦਾ ਪ੍ਰਧਾਨ ਮੰਤਰੀ ਤੇ ਮੌਜੂਦਾ ਮੁੱਖ ਮੰਤਰੀ) ਲਾਉਣ ਦਾ ਆਦੇਸ਼ ਹੈ ਤਾਂ ਬਾਬਾ ਸਾਹਿਬ ਅਤੇ ਸ਼ਹੀਦ-ਏ-ਆਜ਼ਮ ਦੀਆਂ ਫੋਟੋ ਕਿਵੇਂ ਲੱਗਣਗੀਆਂ।

# ਵਿਧਾਨ ਸਭਾ ਚੋਣਾਂ ਵਿਚ ਸੰਗਰੂਰ ਵਿੱਚ ਛੋਟੀ ਜਿਹੀ ਕੁੜੀ ਨੇ ਕਾਂਗਰਸੀ ਥੰਮ੍ਹ ਡੇਗਿਆ

ਸੰਗਰੂਰ, 17 ਮਾਰਚ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਵੱਡੇ ਥੰਮ੍ਹਾਂ ਵਿੱਚੋਂ ਇੱਕ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੂੰ ਸੰਗਰੂਰ ਅਸੈਂਬਲੀ ਹਲਕੇ ਤੋਂ ਸਿਆਸੀ ਪਟਕਾ ਦੇਣ ਵਾਲੀ ਆਮ ਆਦਮੀ ਪਾਰਟੀ ਦੀ ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਆਪਣੀ ਚੋਣ ਮੁਹਿੰਮ ਸਕੂਟੀ ਉੱਤੇ ਚਲਾਈ ਸੀ। ਭਵਿੱਖ ਵਿੱਚ ਵੀ ਉਹ ਇਸੇ ਸਕੂਟੀ ਉੱਤੇ ਬਿਨਾਂ ਕਿਸੇ ਸੁਰੱਖਿਆ ਅਮਲੇ ਦੇ ਆਪਣੇ ਹਲਕੇ ਦਾ ਦੌਰਾ ਕਰਿਆ ਕਰੇਗੀ।

ਨਰਿੰਦਰ ਕੌਰ ਭਰਾਜ ਦੇ ਸਿਆਸੀ ਵਿਰੋਧੀ ਉਸ ਨੂੰ ਛੋਟੀ ਜਿਹੀ ਕੁੜੀ ਆਖਦੇ ਹਨ।ਵਿਜੇਇੰਦਰ ਸਿੰਗਲਾ ਨੂੰ 36,430 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੀ ਇਸ ਕੁੜੀਅ ਨੇ ਕਿਹਾ ਕਿ ਚੋਣ ਨਤੀਜਿਆਂ ਤੇ ਜਿੱਤ ਦੇ ਐਲਾਨ ਮਗਰੋਂ ਵੀ ਮੈਂ ਬਾਜ਼ਾਰ ਤੋਂ ਸ਼ਾਪਿੰਗ ਲਈ ਆਪਣੀ ਮਾਂ ਨਾਲ ਇਸੇ ਸਕੂਟੀ ਉੱਤੇ ਜਾਂਦੀ ਹਾਂ। ਚੋਣ ਦੌਰਾਨ ਮੈਂ ਆਪਣੇ ਸਮੱਰਥਕਾਂ ਦੀ ਕਾਰ ਵੀ ਵਰਤੀ, ਪਰ ਮੇਰੀ ਪਹਿਲ ਸਕੂਟੀ ਰਹੀ ਹੈ।''

ਕਿਸਾਨ ਪਰਵਾਰ ਨਾਲ ਸਬੰਧਤ ਨਰਿੰਦਰ ਕੌਰ ਭਰਾਜ ਨੇ ਐਲ ਐਲ ਬੀ ਕੀਤੀ ਹੋਈ ਹੈ। ਉਸ ਦਾ ਪਿੰਡ ਭਰਾਜ ਹੈ ਅਤੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਮੌਕੇ ਸਿਆਸੀ ਵਿਰੋਧੀਆਂ ਦੇ ਡਰ ਕਾਰਨ ਲੋਕਾਂ ਨੇ ਆਮ ਆਦਮੀ ਪਾਰਟੀ ਨਾਲੋਂ ਜਦੋਂ ਦੂਰੀ ਬਣਾ ਲਈ ਤਾਂ ਨਰਿੰਦਰ ਕੌਰ ਭਰਾਜ ਨੇ ਹੀ ਪਿੰਡ ਵਿੱਚ ਪਾਰਟੀ ਦਾ ਚੋਣ ਬੂਥ ਲਾਇਆ ਸੀ।ਭਰਾਜ ਨੇ



ਕਿਹਾ, ''ਮੈਂ ਮੱਧਵਰਗੀ ਪਰਵਾਰ ਵਿੱਚੋਂ ਹਾਂ ਤੇ ਮੈਨੂੰ ਇਸ ਵਰਗ ਦੀਆਂ ਮੁਸ਼ਕਲਾਂ ਦਾ ਪਤਾ ਹੈ। ਮੈਂ ਬੱਸਾਂ ਤੇ ਆਟੋ ਵਿੱਚ ਵੀ ਸਫਰ ਕੀਤਾ ਹੈ। ਸਾਈਕਲ ਵੀ ਚਲਾਇਆ ਹੈ। ਮੇਰੇ ਵਿਰੋਧੀ ਮੈਨੂੰ ਚੋਟੀ ਜਿਹੀ ਕੁੜੀ ਕਹਿੰਦੇ ਹਨ। ਅੱਜ ਮੈਂ ਉਨ੍ਹਾਂ ਸਾਰਿਆਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਉਮਰ ਨਾਲ ਕੋਈ ਫਰਕ ਨਹੀਂ ਪੈਂਦਾ, ਇਰਾਦਾ ਨੇਕ ਤੇ ਮਜ਼ਬੂਤ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਨੀਤ ਵਿੱਚ ਖੋਟ ਸੀ, ਲੋਕਾਂ ਨੇ ਉਨ੍ਹਾਂ ਨੂੰ ਰੱਦ ਕਰ ਦਿੱਤਾ।''

ਨਰਿੰਦਰ ਕੌਰ ਭਰਾਜ 2014 ਤੋਂ ਆਮ ਆਦਮੀ ਪਾਰਟੀ ਲਈ ਕੰਮ ਕਰ ਰਹੀ ਹੈ ਅਤੇ ਉਹ ਪਾਰਟੀ ਦੇ ਕਈ ਆਗੂਆਂ ਦੇ ਨੋਟਿਸ ਵਿੱਚ ਸੀ, ਪਰ ਉਸ ਨੇ ਕਦੇ ਟਿਕਟ ਨਹੀਂ ਸੀ ਮੰਗੀ। ਉਸ ਨੇ ਕਿਹਾ, ''ਮੇਰਾ ਟੀਚਾ ਦੱਬੇ ਕੁਚਲਿਆਂ ਤੇ ਕਮਜ਼ੋਰ ਤਬਕੇ ਦੀ ਆਵਾਜ਼ ਪ੍ਰਭਾਵਸ਼ਾਲੀ ਢੰਗ ਨਾਲ ਚੁੱਕਣਾ ਹੈ। ਵਿਧਾਇਕਾ ਬਣਨ ਮਗਰੋਂ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮੈਂ ਹੋਰ ਕਾਰਗਰ ਢੰਗ ਨਾਲ ਕੰਮ ਕਰਾਂਗੀ। ਮੈਂ ਸੰਗਰੂਰ ਵਿੱਚ ਸਿਰਫ ਕਮਿਸ਼ਨ ਦੀ ਰਾਜਨੀਤੀ ਦੇਖੀ ਹੈ ਕਿਉਂਕਿ ਵੱਖ-ਵੱਖ ਪਾਰਟੀਆਂ ਦੇ ਆਗੂ ਸਰਕਾਰੀ ਪ੍ਰੋਜੈਕਟਾਂ ਵਿੱਚੋਂ ਕਮਿਸ਼ਨ ਖਾਂਦੇ ਰਹੇ ਹਨ।"

# ਕਾਂਗਰਸ ਦੀ ਮੰਥਨ ਮੀਟਿੰਗ, ਕਾਂਗਰਸੀ ਆਗੂਆਂ ਨੇ ਹਾਰ ਦਾ ਭਾਂਡਾ ਇੱਕ-ਦੂਜੇ ਉੱਤੇ ਭੰਨਿਆ

ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਰਾਰੀ ਹਾਰ ਪਿੱਛੋਂ ਕੱਲ੍ਹ ਇੱਥੇ ਕਾਂਗਰਸ ਆਗੂਆਂ ਦੀ ਮੰਥਨ ਬੈਠਕ ਹੋਈ। ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਵਿਧਾਇਕਾਂ ਨਾਲ ਵੱਖਰੀ ਗੱਲਬਾਤ ਕਰਕੇ ਹਾਰ ਦੇ ਕਾਰਨ ਜਾਨਣ ਦੀ ਕੋਸ਼ਿਸ਼ ਵੀ ਕੀਤੀ ਦੱਸੀ ਜਾਂਦੀ ਹੈ।

ਮੀਟਿੰਗ ਵਿੱਚ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਇਸ ਸਮੇਂ ਕਾਂਗਰਸ ਦੇ ਨੇਤਾਵਾਂ ਨੂੰ ਇੱਕ-ਦੂਜੇ ਉੱਤੇ ਹਾਰ ਦਾ ਭਾਂਡਾ ਨਹੀਂ ਭੰਨਣਾ ਚਾਹੀਦਾ, ਸਗੋਂ ਹਾਰ ਤੋਂ ਸਿੱਖ ਕੇ ਅੱਗਲੀ ਰਣਨੀਤੀ ਬਣਾਉਣੀ ਚਾਹੀਦੀ ਹੈ। ਬਹੁਤੇ ਆਗੂਆਂ ਦਾ ਕਹਿਣਾ ਸੀ ਕਿ ਪਾਰਟੀ ਦੇ ਜ਼ਿੰਮੇਵਾਰ ਅਤੇ ਵੱਡੇ ਆਗੂਆਂ ਦੀ ਇੱਕ-ਦੂਜੇ ਖ਼ਿਲਾਫ਼ ਕੀਤੀ ਬਿਆਨਬਾਜ਼ੀ ਕਾਰਨ ਪਾਰਟੀ ਨੂੰ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ ਹੈ। ਪੰਜਾਬ ਕਾਂਗਰਸ ਭਵਨ ਵਿੱਚ ਹੋਈ ਇਸ ਬੈਠਕ ਵਿੱਚ ਪਾਰਟੀ ਦੇ ਸੂਬਾ ਇੰਚਾਰਜ ਹਰੀਸ਼ ਚੌਧਰੀ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਸ਼ਾਮਲ ਸਨ। ਪਹਿਲਾਂ ਇਨ੍ਹਾਂ ਤਿੰਨਾਂ ਨੇਤਾਵਾਂ ਨੇ ਬੈਠਕ ਕੀਤੀ ਅਤੇ ਫਿਰ ਵਿਧਾਇਕਾਂ ਅਤੇ ਹੋਰ ਆਗੂਆਂ ਨਾਲ ਮੀਟਿੰਗ ਕੀਤੀ। ਬੱਸੀ ਪਠਾਣਾ ਤੋਂ ਕਾਂਗਰਸ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਕਾਂਗਰਸ ਨੇ ਸਭ ਤੋਂ ਵੱਡੀ ਗਲਤੀ ਕੀਤੀ ਹੈ। ਉਨ੍ਹਾਂ ਚੰਨੀ ਨੂੰ ਪਾਰਟੀ ਤੋਂ ਕੱਢਣ ਦੀ ਮੰਗ ਵੀ ਚੁੱਕੀ ਅਤੇ ਸਿੱਧੂ ਦੇ ਹੱਕ ਵਿੱਚ ਬੋਲਦਿਆਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਮੁੱਖ ਮੰਤਰੀ ਦਾ ਚਿਹਰਾ ਹੁੰਦੇ ਤਾਂ ਇਹ ਹਸ਼ਰ ਨਾ ਹੁੰਦਾ। ਇਸ ਦੌਰਾਨ ਬਹੁਤੇ ਆਗੂਆਂ ਨੇ ਮੁੱਖ ਤੌਰ ਉੱਤੇ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਜ਼ਿੰਮੇਵਾਰ ਦੱਸਿਆ ਹੈ। ਮੀਟਿੰਗ ਵਿੱਚ ਚਰਨਜੀਤ ਸਿੰਘ ਚੰਨੀ, ਨਵਜੋਤ ਸਿੰਘ ਸਿੱਧੂ ਅਤੇ ਸੁਨੀਲ ਜਾਖੜ ਦੀ ਆਪਸੀ ਅਣ-ਬਣ ਨੂੰ ਵੀ ਇਸ ਦਾ ਕਾਰਨ ਦੱਸਿਆ ਗਿਆ ਹੈ। ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਕਾਂਗਰਸ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਕਰ ਕੇ ਹਾਰ ਹੋਈ ਹੈ। ਦਰਸ਼ਨ ਸਿੰਘ ਬਰਾੜ ਨੇ ਕਿਹਾ ਕਿ ਜਿਸ ਪਾਰਟੀ ਦੇ ਮੁੱਖ ਆਗੂ ਵੱਖੋ-ਵੱਖਰੇ ਬਿਆਨ ਦੇ ਰਹੇ ਹੋਣ, ਉਸ ਦਾ ਕੀ ਬਣੇਗਾ? ਸੁਰਜੀਤ ਸਿੰਘ ਧੀਮਾਨ ਨੇ ਹਾਈ ਕਮਾਨ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਚਰਨਜੀਤ ਸਿੰਘ ਚੰਨੀ, ਨਵਜੋਤ ਸਿੰਘ ਸਿੱਧੂ ਅਤੇ ਸੁਨੀਲ ਜਾਖੜ ਨੂੰ ਹਾਰ ਦਾ ਕਾਰਨ ਦੱਸਿਆ। ਸੁਜਰੀਤ ਸਿੰਘ ਧੀਮਾਨ ਦੇ ਬਿਆਨ ਉੱਤੇ ਰਾਜਾ ਵੜਿੰਗ ਨੇ ਕਿਹਾ ਕਿ ਜੇ ਮੇਰੇ ਕੋਲ ਤਾਕਤ ਹੁੰਦੀ ਤਾਂ ਮੈਂ ਧੀਮਾਨ ਨੂੰ ਪਾਰਟੀ ਤੋਂ ਕੱਢ ਦਿੰਦਾ।

ਕਾਂਗਰਸ ਦੇ ਮੰਥਨ ਨੂੰ ਨਾਟਕ ਦਸਦਿਆਂ ਜਨਰਲ ਸਕੱਤਰ ਪਵਨ ਦੀਵਾਨ ਨੇ ਹਰੀਸ਼ ਚੌਧਰੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨੀਤੀਆਂ ਦਾ ਜ਼ਿਕਰ ਕਰਦਿਆਂ ਸਵਾਲ ਕੀਤਾ ਹੈ ਕਿ ਜਦੋਂ ਦੋਸ਼ੀ ਹੀ ਜੱਜ ਬਣੇ ਫਿਰਨਗੇ ਤਾਂ ਇਨਸਾਫ਼ ਕੌਣ ਕਰੇਗਾ? ਦੀਵਾਨ ਨੇ ਕਿਹਾ ਕਿ ਪੰਜਾਬ ਕਾਂਗਰਸ ਦੀ ਹਾਰ ਲਈ ਹਰੀਸ਼ ਚੌਧਰੀ ਸਭ ਤੋਂ ਵੱਧ ਜ਼ਿੰਮੇਵਾਰ ਹਨ।

# ਪੰਜਾਬ ਲੋਕ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਛੱਡ ਕੇ ਬਾਕੀ ਸਭ ਦੀਆਂ ਜ਼ਮਾਨਤਾਂ ਜ਼ਬਤ

## * ਸੰਯੁਕਤ ਅਕਾਲੀ ਦਲ ਦੇ ਢੀਂਡਸਾ ਹੀ ਜ਼ਮਾਨਤ ਬਚਾਅ ਸਕੇ

ਸੰਗਰੂਰ, 17 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ 2022 ਵਿੱਚ ਆਮ ਆਦਮੀ ਪਾਰਟੀ ਦੀ ਹਨੇਰੀ ਨੇ ਸਿਆਸਤ ਦੇ ਵੱਡੇ-ਵੱਡੇ ਥੰਮ੍ਹ ਉਖਾੜ ਦਿੱਤੇ ਹਨ। ਭਗਵੰਤ ਮਾਨ ਸ਼ਾਨਦਾਰ ਜਿੱਤ ਪ੍ਰਾਪਤ ਕਰ ਕੇ ਸੂਬੇ ਦੇ ਮੁੱਖ ਮੰਤਰੀ ਬਣੇ, ਉਨ੍ਹਾਂ ਨੂੰ ਛੱਡ ਕੇ ਮੁੱਖ ਮੰਤਰੀ ਬਣਨ ਦੀ ਚਾਹਤ ਰੱਖਦੇ ਬਾਕੀ ਸਾਰੇ ਆਗੂਆਂ ਦੇ ਪੱਲੇ ਹਾਰ ਪਈ ਹੈ।



ਪੰਜਾਬ ਦੀ ਸਾਢੇ ਨੌਂ ਸਾਲ ਕਮਾਨ ਸੰਭਾਲ ਚੁੱਕੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਪੰਜਾਬ ਲੋਕ ਕਾਂਗਰਸ ਨੂੰ ਭਾਜਪਾ ਨਾਲ ਕੀਤੇ ਗੱਠਜੋੜ ਵਿੱਚੋਂ 35 ਸੀਟਾਂ ਮਿਲੀਆਂ ਸਨ, ਪਰ ਇਸਦੀ ਪਾਰਟੀ ਦੇ ਛੇ ਉਮੀਦਵਾਰਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਦੇ ਚੋਣ ਨਿਸ਼ਾਨ ਨੂੰ ਛੱਡ ਕੇ ਭਾਜਪਾ ਦੇ ਕਮਲ ਦੇ ਫੁੱਲ ਉਤੇ ਚੋਣ ਲੜਨ ਨੂੰ ਪਹਿਲ ਦਿੱਤੀ। ਬਾਕੀ ਰਹਿੰਦੇ 29 ਉਮੀਦਵਾਰਾਂ ਵਿੱਚੋਂ ਕੈਪਟਨ ਅਮਰਿੰਦਰ ਸਿੰਘ ਪਾਰਟੀ ਪ੍ਰਧਾਨ ਦੇ ਪੱਲੇ ਹਾਰਤਾਂ ਪਈ, ਪਰ 28,231 ਭਾਵ 27.28 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਆਪਣੀ ਜਮਾਨਤ ਬਚਾਉਣ ਵਿੱਚ ਸਫਲ ਰਹੇ। ਉਨ੍ਹਾ ਦੀ ਪਾਰਟੀ ਦੇ 27 ਉਮੀਦਵਾਰਾਂ ਨੂੰ ਮਿਲੀਆਂ ਵੋਟਾਂ ਦਾ ਅੰਕੜਾ ਦਸ ਹਜ਼ਾਰ ਵੀ ਪਾਰ ਨਹੀਂ ਕਰ ਸਕਿਆ। ਦਸ ਕੁ ਉਮੀਦਵਾਰ ਅਜਿਹੇ ਹਨ, ਜੋ ਇੱਕ ਹਜ਼ਾਰ ਵੋਟਾਂ ਵੀ ਨਹੀਂ ਲੈ ਸਕੇ। ਪੰਜਾਬ ਦੀ ਸਿਆਸਤ ਦੇ ਥੰਮ੍ਹ ਕਹੇ ਜਾਂਦੇ ਸੁਖਦੇਵ ਸਿੰਘ ਢੀਂਡਸਾ ਨੇ ਸੰਯੁਕਤ ਅਕਾਲੀ ਦਲ ਬਣਾਇਆ ਸੀ, ਉਨ੍ਹਾ ਦੇ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਹੀ ਲਹਿਰਾ ਹਲਕੇ ਤੋਂ ਜ਼ਮਾਨਤ ਬਚਾਉਣ ਵਿੱਚ ਸਫਲ ਰਹੇ। ਇਸ ਪਾਰਟੀ ਨੇਭਾਜਪਾ ਗੱਠਜੋੜ ਨਾਲ ਸਮਝੌਤੇਹੇਠ 15 ਉਮੀਦਵਾਰ ਖੜੇ ਕੀਤੇ ਸਨ। ਪਰਮਿੰਦਰ ਸਿੰਘ ਢੀਂਡਸਾ ਸਮੇਤ ਚਾਰ ਉਮੀਦਵਾਰ ਹੀ ਪ੍ਰਾਪਤ ਵੋਟਾਂ ਨੂੰ ਦਸ ਹਜ਼ਾਰ ਤੋਂ ਪਾਰ ਟਪਾ ਸਕੇ।



# ਇੱਕ ਰੈਂਕ-ਇੱਕ ਪੈਨਸ਼ਨ ਵਿਚ ਕੇਂਦਰ ਸਰਕਾਰ ਦੇ ਫੈਸਲੇ ਉਤੇ ਸੁਪਰੀਮ ਕੋਰਟ ਦੀ ਮੋਹਰ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਹਥਿਆਰਬੰਦ ਫੌਜਾਂ ਵਿੱਚ ਇੱਕ ਰੈਂਕ-ਇੱਕ ਪੈਨਸ਼ਨ (ਓ ਆਰ ਓ ਪੀ) ਬਾਰੇ ਕੇਂਦਰ ਸਰਕਾਰ ਵੱਲੋਂ ਲਏ ਫੈਸਲੇ ਨੂੰ ਬਹਾਲ ਰੱਖਦਿਆਂ ਕਿਹਾ ਹੈ ਕਿ ਇਸ ਵਿੱਚ ਨਾ ਕੋਈ ਸੰਵਿਧਾਨਕ ਖਾਮੀ ਹੈ ਅਤੇ ਨਾ ਹੀ ਇਹ ਪੱਖਪਾਤੀ ਫੈਸਲਾ ਹੈ।

ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਸੂਰਿਆ ਕਾਂਤ ਤੇ ਜਸਟਿਸ ਵਿਕਰਮ ਨਾਥਦੇ ਬੈਂਚ ਨੇ ਕਿਹਾ ਕਿ ਇੱਕ ਰੈਂਕ-ਇੱਕ ਪੈਨਸ਼ਨ ਬਾਰੇ ਕੇਂਦਰ ਦਾ ਨੀਤੀਗਤ ਫੈਸਲਾ ਪੱਖਪਾਤੀ ਨਹੀਂ ਤੇ ਸਰਕਾਰ ਦੇ ਨੀਤੀਗਤ ਕੇਸਾਂ ਵਿੱਚ ਅਦਾਲਤ ਦਖਲ ਨਹੀਂ ਦੇਵੇਗੀ। ਬੈਂਚ ਨੇ ਨਿਰਦੇਸ਼ ਦਿੱਤੇ ਕਿ ਓ ਆਰ ਪੀ ਪਹਿਲੀ ਜੁਲਾਈ 2019 ਤੋਂ ਮੁੜ ਨਿਰਧਾਰਤ ਕੀਤੀ ਜਾਵੇ ਅਤੇ ਪੈਨਸ਼ਨਰਾਂ ਨੂੰ ਬਕਾਏ ਦਾ ਭੁਗਤਾਨ ਤਿੰਨ ਮਹੀਨਿਆਂ ਵਿੱਚ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਸ ਦੇ ਨਾਲ ਹੀ ਇੰਡੀਅਨ ਐਕਸ ਸਰਵਿਸਮੈਨ ਮੂਵਮੈਂਟ ਦੀ ਪਟੀਸ਼ਨ ਦਾ ਵੀ ਨਿਬੇੜਾ ਕਰ ਦਿੱਤਾ, ਜਿਸ ਵਿੱਚ ਭਗਤ ਸਿੰਘ ਕੋਸ਼ਿਆਰੀ ਕਮੇਟੀ ਦੀ ਸਿਫਾਰਸ਼ ਉੱਤੇ ਪੰਜ ਸਾਲਾਂ ਵਿੱਚ ਇੱਕ ਵਾਰ ਮੌਜੂਦਾ ਨੀਤੀ ਦੀ ਸਮੀਖਿਆ ਦੀ ਥਾਂ ਸਾਲਾਨਾ ਸੋਧ ਨਾਲ 'ਵਨ ਰੈਂਕ ਵਨ ਪੈਨਸ਼ਨ' ਲਾਗੂ ਕਰਨ ਦੀ ਬੇਨਤੀ ਕੀਤੀ ਗਈ। ਅਦਾਲਤ ਨੇ ਕਿਹਾ ਕਿ ਅਜਿਹਾ ਕੋਈ ਕਾਨੂੰਨੀ ਹੁਕਮ ਨਹੀਂ ਹੈ ਕਿ ਇੱਕ ਬਰਾਬਰ ਰੈਂਕ ਵਾਲੇ ਪੈਨਸ਼ਨਰਾਂ ਨੂੰ ਇੱਕੋ ਜਿਹੀ ਪੈਨਸ਼ਨ




ਦੇਣੀ ਚਾਹੀਦੀ ਹੈ ਕਿਉਂਕਿ ਉਹ ਇੱਕੋ ਵਰਗ ਵਿੱਚ ਨਹੀਂ ਆਉਂਦੇ। ਇਸ ਕੇਸ ਦੀ ਕਰੀਬ ਚਾਰ ਦਿਨ ਸੁਣਵਾਈ ਤੋਂ ਬਾਅਦ ਬੈਂਚ ਨੇ 23 ਫਰਵਰੀ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਕਿਹਾ ਸੀ ਕਿ ਉਹ ਜੋ ਵੀ ਫੈਸਲਾ ਕਰੇਗੀ, ਉਹ ਅੰਕੜਿਆਂ ਦੇ ਆਧਾਰ ਉੱਤੇ ਨਹੀਂ, ਵਿਚਾਰਕ ਆਧਾਰ ਉੱਤੇ ਹੋਵੇਗਾ।ਸੁਪਰੀਮ ਕੋਰਟ ਨੇ ਕਿਹਾ ਕਿ ''ਜਦੋਂ ਤੁਸੀਂ (ਕੇਂਦਰ ਸਰਕਾਰ) ਪੰਜ ਸਾਲ ਬਾਅਦ ਸੋਧ ਕਰਦੇ ਹੋ ਤਾਂ ਪੰਜ ਸਾਲਾਂ ਦੇ ਬਕਾਏ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਜੇ ਮਿਆਦ ਪੰਜ ਸਾਲ ਤੋਂ ਘੱਟ ਕਰ ਦਿੱਤੀ ਜਾਵੇ ਤਾਂ ਸਾਬਕਾ ਫੌਜੀਆਂ ਦੀਆਂ ਮੁਸ਼ਕਲਾਂ ਨੂੰ ਕੁਝ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ।''

ਕੇਂਦਰ ਸਰਕਾਰ ਨੇ ਕਿਹਾ ਕਿ ਜਦੋਂ ਪੰਜ ਸਾਲਾਂ ਬਾਅਦ ਸੋਧ ਕੀਤੀ ਜਾਂਦੀ ਹੈ ਤਾਂ ਸਭ ਤੋਂ ਵੱਧ ਆਖਰੀ ਤਨਖਾਹ, ਜਿਸ ਵਿੱਚ ਸਾਰੇ ਕਾਰਨਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਸੀ, ਲਈ ਵਿਚਲਾ ਰਾਹ ਦਿੱਤਾ ਜਾਂਦਾ ਹੈ। ਸਰਕਾਰ ਨੇ ਕਿਹਾ ਕਿ ਜਦੋਂ ਉਨ੍ਹਾਂ ਨੀਤੀ ਬਣਾਈ ਸੀ ਤਾਂ ਉਹ ਨਹੀਂ ਚਾਹੁੰਦੇ ਸਨ ਕਿ ਆਜ਼ਾਦੀ ਮਗਰੋਂ ਕੋਈ ਵੀ ਪਿੱਛੇ ਰਹਿ ਜਾਵੇ। ''ਅਸੀਂ ਪਿਛਲੇ 60-70 ਸਾਲਾਂ ਨੂੰ ਸ਼ਾਮਲ ਕੀਤਾ ਹੈ। ਅਦਾਲਤ ਦੇ ਨਿਰਦੇਸ਼ ਨਾਲ ਇਸ ਵਿੱਚ ਸੋਧ ਦਾ ਮਕਸਦ ਸਾਨੂੰ ਪਤਾ ਨਹੀਂ ਹੈ। ਵਿੱਤ ਅਤੇ ਅਰਥਸ਼ਾਸਤਰ ਦੇ ਨਾਲ ਬਾਕੀ ਗੱਲਾਂ ਨੂੰ ਵੀ ਸੋਚ-ਵਿਚਾਰ ਕੇ ਤੈਅ ਕਰਨਾ ਹੋਵੇਗਾ। ਪੰਜ ਸਾਲ ਦਾ ਸਮਾਂ ਜਾਇਜ਼ ਹੈ।'' ਜਸਟਿਸ ਚੰਦਰਚੂੜ, ਜਿਨ੍ਹਾਂ ਬੈਂਚ ਤਰਫੋਂ 64 ਪੰਨਿਆਂ ਦਾ ਫੈਸਲਾ ਲਿਖਿਆ, ਨੇ ਅਮਰੀਕੀ ਦਾਰਸ਼ਨਿਕ ਲੋਨ ਫੁਲਰ ਦੇ ਬਿਆਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਕਿਸੇ ਮਸਲੇ ਉੱਤੇ ਵੱਖ-ਵੱਖ ਰਾਏ ਪ੍ਰਗਟਾਈ ਜਾਂਦੀ ਹੈ ਤਾਂ ਗੁੰਝਲਦਾਰ ਮਾਮਲਿਆਂ ਦੇ ਨਿਬੇੜੇ ਲਈ ਸਾਰੇ ਅਦਾਲਤ ਤੋਂ ਆਸ ਰੱਖਦੇ ਹਨ, ਜਦ ਕਿ ਸਰਕਾਰਾਂ ਜਾਂ ਹੋਰ ਧਿਰਾਂ ਨੂੰ ਇਨ੍ਹਾਂ ਦਾ ਫੈਸਲਾ ਖੁਦ ਹੀ ਕਰਨਾ ਚਾਹੀਦਾ ਹੈ।

# ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਵੱਲੋਂ ਵੱਖਰੀ ਪਾਰਟੀ ਬਣਾਉਣ ਦਾ ਫੈਸਲਾ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿੱਤੇ ਹੋਏ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਉਹ ਆਪਣੀ ਵੱਖਰੀ ਧਾਰਮਿਕ ਪਾਰਟੀ ਬਣਾਉਣਗੇ ਤੇ ਸਿਰਫ ਧਾਰਮਿਕ ਖੇਤਰ ਲਈ ਕੰਮ ਕਰਨਗੇ।

ਇਸ ਸੰਬੰਧ ਵਿੱਚ ਦਿੱਲੀ ਗੁਰ-ਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਕੱਲ੍ਹ ਕਮੇਟੀ ਮੈਂਬਰਾਂ ਦੀ ਮੀਟਿੰਗ ਵਿੱਚ ਸਾਰਿਆਂ ਨੇ ਸਰਬਸੰਮਤੀ ਨਾਲ ਸਿਰਫ ਧਾਰਮਿਕ ਖੇਤਰ ਵਾਸਤੇ ਕੰਮ ਕਰਨ ਦਾ ਫੈਸਲਾ ਕੀਤਾ ਹੈ। ਕਾਲਕਾ ਨੇ ਕਿਹਾ ਕਿ ਜਿੰਨਾ ਚਿਰ ਉਹ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਨ, ਉਨ੍ਹਾਂ ਦੇ ਪਰਵਾਰ ਵਿੱਚੋਂ ਕੋਈ ਵੀ ਸਿਆਸੀ ਚੋਣਾਂ ਨਹੀਂ ਲੜੇਗਾ। ਜੇ



ਦਿੱਲੀ ਗੁਰਦੁਆਰਾ ਕਮੇਟੀ ਦੇ ਕਿਸੇ ਚੁਣੇ ਹੋਏ ਮੈਂਬਰ ਦੇ ਪਰਵਾਰ ਨੇ ਚੋਣਾਂ ਲੜਨੀਆਂ ਹਨ ਤਾਂ ਵਿਅਕਤੀਗਤ ਤੌਰ ਉੱਤੇ ਚੋਣਾਂ ਲੜ ਸਕਦਾ ਹੈ, ਪਰ ਉਸ ਨੂੰ ਧਾਰਮਿਕ ਪਾਰਟੀ ਦੇ ਨਾਂਅ ਉੱਤੇ ਚੋਣਾਂ ਲੜਨ ਦੀ ਇਜਾਜ਼ਤ ਨਹੀਂ ਹੋਵੇਗੀ।ਉਨ੍ਹਾਂ ਦੱਸਿਆ ਕਿ ਨਵੀਂ ਧਾਰਮਿਕ ਪਾਰਟੀ ਦਾ ਨਾਂਅ ਸਿੰਘ ਸਭਾਵਾਂ ਅਤੇ ਹੋਰ ਪੰਥਕ ਸੰਸਥਾਵਾਂ ਦੇ ਪ੍ਰਤੀਨਿਧਾਂ ਨਾਲ ਸਲਾਹ ਤੋਂ ਬਾਅਦ ਰੱਖਿਆ ਜਾਵੇਗਾ, ਪਰ ਉਸ ਨਾਲ ਸ਼੍ਰੋਮਣੀ ਅਕਾਲੀ ਦਲ ਜ਼ਰੂਰ ਜੋੜਿਆ ਜਾਵੇਗਾ। ਮੀਡੀਆ ਦੇ ਸਵਾਲ ਦੇ ਜਵਾਬ ਵਿੱਚ ਕਾਹਲੋਂ ਨੇ ਦੱਸਿਆ ਕਿ ਉਨ੍ਹਾਂ ਦੀ ਧਾਰਮਿਕ ਪਾਰਟੀ ਦਾ ਮਨਜੀਤ ਸਿੰਘ ਜੀਕੇ, ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਭਰਾ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਦੇ ਆਪਣੇ ਸਿਆਸੀ ਏਜੰਡੇ ਹਨ।

# ਰਾਮ ਮੰਦਰ ਦਾ ਨਿਰਮਾਣ ਤੀਹ ਫੀਸਦੀ ਪੂਰਾ ਹੋਇਆ

ਅਯੁੱਧਿਆ, 17 ਮਾਰਚ (ਪੋਸਟ ਬਿਊਰੋ)- ਭਗਵਾਨ ਸ੍ਰੀ ਰਾਮ ਦੇ ਜਨਮ ਸਥਾਨ ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਦਾ ਕੰਮ ਤੀਹ ਫੀਸਦੀ ਪੂਰਾ ਹੋ ਚੁੱਕਾ ਹੈ ਅਤੇ ਤੀਰਥ ਯਾਤਰੀਆਂ ਦੀਆਂ ਸਹੂਲਤਾਂ ਲਈ ਖਾਸ ਪ੍ਰਬੰਧ ਕੀਤੇ ਹਨ।

ਰਾਮ ਮੰਦਰ ਨਿਰਮਾਣ ਕਮੇਟੀ ਦੀ ਦੋ ਦਿਨਾਂ ਬੈਠਕ ਦੇ ਬਾਅਦ ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਜਨਰਲ ਸੈਕਟਰੀ ਚੰਪਤ ਰਾਏ ਨੇ ਕੱਲ੍ਹ ਦੱਸਿਆ ਕਿ ਰਾਮ ਮੰਦਰ ਬਣਾਉਣ ਦਾ ਤੀਹ ਫੀਸਦੀ ਕੰਮ ਹੋ ਚੁੱਕਾ ਹੈ, ਜਿਸ ਦੇ ਨਾਲ ਹੀ ਇੱਥੇ ਤੀਰਥ ਯਾਤਰੀਆਂ ਦੀ ਸਹੂਲਤ ਲਈ ਬੇਹੱਦ ਖਾਸ ਇੰਤਜ਼ਾਮ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਟਰੱਸਟ ਲੰਬੇ ਸਮੇਂ ਦੀ ਯੋਜਨਾ ਉੱਤੇਚੱਲ ਰਿਹਾ ਹੈ। ਇਸ ਦੇ ਤਹਿਤ ਰਾਮ ਮੰਦਰ ਕੰਪਲੈਕਸ ਵਿੱਚ ਜੇ ਦੋ ਲੱਖ ਸ਼ਰਧਾਲੂ ਵੀ ਇਕੱਠੇ ਦਰਸ਼ਨ ਲਈ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਦਿੱਕਤ ਨਹੀਂ ਹੋਵੇਗੀ। ਕੰਪਲੈਕਸ ਵਿੱਚ ਪੰਜਾਹ ਹਜ਼ਾਰ ਸ਼ਰਧਾਲੂਆਂ ਨੂੰ ਸਾਮਾਨ ਰੱਖਣ ਦੀ ਸਹੂਲਤ ਦਿੱਤੀ ਜਾਏਗੀ ਅਤੇਰਾਮ ਮੰਦਰ ਕੰਪਲੈਕਸ ਵਿੱਚ ਫਾਇਰ ਬ੍ਰਿਗੇਡ ਵਾਹਨ ਖੜ੍ਹੇ ਹੋਣ ਦੀ ਸਹੂਲਤ ਉੱਤੇ ਧਿਆਨ ਦਿੱਤਾ ਜਾ ਰਿਹਾ ਹੈ। ਰਾਏ ਨੇ ਦੱਸਿਆ ਕਿ ਕੰਪਲੈਕਸ ਵਿੱਚ ਅੱਗ ਲੱਗਣ ਦੀ ਸਥਿਤੀ ਵਿੱਚ ਫਾਇਰ ਬ੍ਰਿਗੇਡ ਦਸਤਾ ਕਿਵੇਂ ਪਹੁੰਚੇਗਾ, ਇਸ ਉੱਤੇ ਵੀ ਵਿਚਾਰ ਹ ਰਿਹਾ ਹੈ। ਰਾਮ ਮੰਦਰ ਕੰਪਲੈਕਸ ਵਿੱਚ ਟਾਇਲੈਟ ਤੇ ਪ੍ਰਸ਼ਾਸਨ ਦੀ ਵੀ ਸਹੂਲਤ ਉੱਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।

# ਅਗਸਤਾ ਵੈਸਟਲੈਂਡ ਮਾਮਲੇ ਵਿਚ ਸਾਬਕਾ ਰੱਖਿਆ ਸੈਕਟਰੀ ਸ਼ਸ਼ੀਕਾਂਤ ਸ਼ਰਮਾ ਦੇ ਵਿਰੁੱਧ ਸੀ ਬੀ ਆਈ ਵੱਲੋਂ ਚਾਰਜਸ਼ੀਟ ਦਾਖ਼ਲ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ 3700 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਘਪਲੇ ਵਿੱਚ ਸਾਬਕਾ ਰੱਖਿਆ ਸੈਕਟਰੀ ਸ਼ਸ਼ੀਕਾਂਤ ਸ਼ਰਮਾ ਅਤੇ ਭਾਰਤੀ ਹਵਾਈ ਫੌਜ ਦੇ ਚਾਰ ਕਰਮਚਾਰੀਆਂ ਖ਼ਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਦਾਖ਼ਲ ਕੀਤੀ ਹੈ।

ਸੀ ਬੀ ਆਈ ਨੇ ਸ਼ਰਮਾ ਵਿਰੁੱਧ ਕੇਸ ਚਲਾਉਣ ਲਈ ਸਰਕਾਰ ਤੋਂ ਮਨਜ਼ੂਰੀ ਮਿਲਣ ਮਗਰੋਂ ਚਾਰਜਸ਼ੀਟ ਦਾਖ਼ਲ ਕੀਤੀ ਹੈ। ਸ਼ਰਮਾ 2011 ਤੋਂ 2013 ਦਰਮਿਆਨ ਰੱਖਿਆ ਸੈਕਟਰੀ ਸਨ। ਇਸ ਦੇ ਬਾਅਦ ਵਿੱਚ ਉਨ੍ਹਾਂ ਨੂੰ ਕੰਟਰੋਲਰ ਤੇ ਆਡੀਟਰ ਜਨਰਲ (ਕੈਗ) ਨਿਯੁਕਤ ਕੀਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸੀ ਬੀ ਆਈ ਨੇ ਓਦੋਂ ਦੇ ਹਵਾਈ ਸਟਾਫ਼ ਦੇ ਡਿਪਟੀ ਚੀਫ਼ ਜਸਬੀਰ ਸਿੰਘ ਪਨੇਸਰ (ਅੱਜਕੱਲ੍ਹ ਸੇਵਾਮੁਕਤ), ਡਿਪਟੀ ਚੀਫ਼ ਟੈਸਟਿੰਗ ਪਾਇਲਟ ਐਸ ਏ ਕੁੰਟੇ, ਤਤਕਾਲੀ ਵਿੰਗ ਕਮਾਂਡਰ ਥਾਮਸ, ਮੈਥਿਊ ਤੇ ਗਰੁੱਪ ਕੈਪਟਨ ਐਨ ਸੰਤੋਸ਼ ਨੂੰ ਦੋਸਲੀ ਨਾਮਜਦ ਕੀਤਾ ਹੈ। ਕੁੰਟੇ ਅਤੇ ਸੰਤੋਸ਼ ਏਅਰ ਕਮੋਡੋਰ ਵਜੋਂ ਸੇਵਾਮੁਕਤ ਹੋਏ। ਇਹ ਕੇਸ ਅਗਸਤਾ ਵੈਸਟਲੈਂਡ ਦੇ ਹੱਕ ਵਿੱਚ 12 ਵੀ ਵੀ ਆਈ ਪੀ ਹੈਲੀਕਾਪਟਰਾਂ ਦੀ ਖ਼ਰੀਦ ਲਈ ਰਿਸ਼ਵਤ ਨਾਲ ਸਬੰਧਤ ਹੈ। ਇਹ ਕੰਪਨੀ ਸਮਝੌਤਿਆਂ ਲਈ ਅਯੋਗ ਸੀ, ਕਿਉਂਕਿ ਇਸਦੇ ਹੈਲੀਕਾਪਟਰ ਭਾਰਤੀ ਹਵਾਈ ਸੈਨਾ ਵੱਲੋਂ ਮਿਥੀ 6,000-ਮੀਟਰ 'ਆਪਰੇਸ਼ਨਲ ਸੀਲਿੰਗ ਪੈਰਮੀਟਰ' ਨੂੰ ਪੂਰਾ ਨਹੀਂ ਕਰਦੇ ਸਨ। ਰਾਸ਼ਟਰਪਤੀ, ਪ੍ਰਧਾਨ ਮੰਤਰੀ, ਉਪ ਰਾਸ਼ਟਰਪਤੀ ਅਤੇ ਰੱਖਿਆ ਮੰਤਰੀ ਦੀ ਆਵਾਜਾਈ ਲਈ ਨਵੇਂ ਹੈਲੀਕਾਪਟਰਾਂ ਦੀ ਲੋੜ 1999 ਵਿੱਚ ਮਹਿਸੂਸ ਕੀਤੀ ਗਈ ਸੀ ਜਦੋਂ ਹਵਾਈ ਸੈਨਾ ਨੇ ਸੋਵੀਅਤ ਯੁੱਗ ਦੇ ਐਮ ਆਈ8 ਦੇ ਬਦਲ ਦੀ ਖੋਜ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ।ਸੀ ਬੀ ਆਈ ਨੇ ਓਦੋਂ ਦੇ ਹਵਾਈ ਸੈਨਾ ਦੇ ਮੁੱਖੀ ਐਸ ਪੀ ਤਿਆਗੀ ਉੱਤੇ ਹੈਲੀਕਾਪਟਰ ਦੀ ਸੰਚਾਲਨ ਸੀਮਾ ਨੂੰ 6,000 ਮੀਟਰ ਤੋਂ ਘਟਾ ਕੇ 4,500 ਮੀਟਰ ਕਰਨ ਦੀ ਸਿਫਾਰਸ਼ ਕਰਨ ਦਾ ਦੋਸ਼ ਲਾਇਆ ਹੈ, ਜਿਸ ਨਾਲ ਅਗਸਤਾ ਵੈਸਟਲੈਂਡ ਲਈ ਹਾਲਾਤ ਅਨੁਕੂਲ ਬਣ ਗਏ ਸਨ।

# ਹਵਾਈ ਸਫਰ ਮਹਿੰਗਾ, ਏ ਟੀ ਐਫ ਦੇ ਰੇਟਾਂ ਵਿੱਚ 18 ਫੀਸਦੀ ਦਾ ਵਾਧਾ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਜਹਾਜ਼ੀ ਤੇਲ ਜਾਂ ਏਵੀਏਸ਼ਨ ਟਰਬਾਈਨ ਫਿਊਲ (ਏ ਟੀ ਐਫ) ਦੀਆਂ ਕੀਮਤਾਂ ਵਿੱਚਅੱਜ ਤਕ ਦਾ ਸਭ ਤੋਂ ਵੱਧ 18 ਫੀਸਦੀ ਦਾ ਵਾਧਾ ਕੀਤਾ ਗਿਆ ਹੈ। ਇਸ ਨਾਲ ਭਾਰਤ ਵਿੱਚ ਏ ਟੀ ਐਫ ਦੇ ਰੇਟ ਰਿਕਾਰਡ ਪੱਧਰ ਉੱਤੇ ਪਹੁੰਚ ਗਏ ਹਨ। ਕੌਮਾਂਤਰੀ ਪੱਧਰ ਉੱਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦੌਰਾਨ ਏ ਟੀ ਐਫ ਦੇ ਰੇਟ ਵਧਾਏ ਗਏ ਹਨ। ਜੈਟ ਤੇਲ ਦੀ ਕੀਮਤ ਇਸ ਸਾਲ ਛੇਵੀਂ ਵਾਰ ਵਧਾਈ ਗਈ ਹੈ।

ਜਨਤਕ ਖੇਤਰ ਦੀਆਂ ਪੈਟਰੋਲੀਅਮ ਕੰਪਨੀਆਂ ਦੇ ਮੁੱਲ ਨੋਟੀਫਿਕੇਸ਼ਨ ਮੁਤਾਬਕ ਰਾਜਧਾਨੀ ਦਿੱਲੀ ਵਿੱਚ ਏ ਟੀ ਐਫ ਦਾ ਰੇਟ 17,135.63 ਰੁਪਏ ਪ੍ਰਤੀ ਕਿਲੋਲਿ-ਟਰ ਜਾਂ 18.3 ਫੀਸਦੀ ਦੇ ਵਾਧੇ ਨਾਲ 1,10,666.29 ਰੁਪਏ ਪਤੀ ਕਿਲੋਲਿਟਰ ਉੱਤੇ ਪਹੁੰਚ ਗਿਆ ਹੈ। ਇਹ ਏ ਟੀ ਐਫ ਕੀਮਤਾਂ ਦਾ ਰਿਕਾਰਡ ਪੱਧਰ ਹੈ।ਕੌਮਾਂਤਰੀ ਪੱਧਰ ਉੱਤੇ ਤੇਲ ਦੀਆਂ ਕੀਮਤਾਂ ਬੀਤੇ ਹਫ਼ਤੇ 14 ਸਾਲਾਂ ਦੇ ਸਭ ਤੋਂ ਉਚ ਪੱਧਰ ਕਰੀਬ 140 ਡਾਲਰ ਪ੍ਰਤੀ ਬੈਰਲ ਉੱਤੇ ਪਹੁੰਚ ਗਈਆਂ ਸਨ। ਅੱਜਕੱਲ੍ਹ ਮੁੰਬਈ ਵਿੱਚ ਏ ਟੀ ਐਫ ਦੇ ਰੇਟ 109,119.83 ਰੁਪਏ ਪ੍ਰਤੀ ਕਿਲੋਲਿਟਰ, ਕੋਲਕਾਤਾ ਵਿੱਚ 114, 979.70 ਰੁਪਏ ਪ੍ਰਤੀ ਕਿਲੋਲਿਟਰ ਅਤੇ ਚੇਨਈ ਵਿੱਚ 114,133.73 ਰੁਪਏ ਪ੍ਰਤੀ ਕਿਲੋਲਿਟਰ ਹਨ। ਏ ਟੀ ਐਫ ਦੀ ਕੀਮਤ ਅਗਸਤ 2008 ਵਿੱਚ 71,028.26 ਰੁਪਏ ਪ੍ਰਤੀ ਕਿਲੋਲਿਟਰ ਸੀ ਜਦੋਂ ਕੌਮਾਂਤਰੀ ਪੱਧਰ ਉੱਤੇ ਕੱਚੇ ਤੇਲ ਦੀ ਕੀਮਤ 147 ਅਮਰੀਕੀ ਡਾਲਰ ਨੂੰ ਛੂਹ ਗਈ ਸੀ।

# ਹਿਜਾਬ ਵਿਵਾਦ: ਸੁਪਰੀਮ ਕੋਰਟ ਵਿੱਚ ਸੁਣਵਾਈ ਹੋਲੀ ਦੀਆਂ ਛੁੱਟੀਆਂ ਮਗਰੋਂ ਹੋਵੇਗੀ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਸਕੂਲ ਜਾਂ ਕਾਲਜ ਦੀਆਂ ਕਲਾਸਾਂ ਵਿੱਚ ਹਿਜਾਬ ਪਹਿਨਣ ਦੀ ਕਰਨਾਟਕ ਹਾਈ ਕੋਰਟ ਵੱਲੋਂ ਇਜਾਜ਼ਤ ਨਾ ਦੇਣ ਦੇ ਫੈਸਲੇ ਖਿਲਾਫ ਦਾਖਲ ਹੋਈਆਂ ਅਰਜ਼ੀਆਂ ਉੱਤੇ ਸੁਪਰੀਮ ਕੋਰਟ ਹੋਲੀ ਦੀਆਂ ਛੁੱਟੀਆਂ ਮਗਰੋਂ ਸੁਣਵਾਈ ਕਰੇਗੀ ਅਤੇ ਇਸ ਬਾਰੇ ਫੈਸਲਾ ਦੇਵੇਗੀ।

ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਵਗਾਈ ਹੇਠਲੇ ਬੈਂਚ ਨੇ ਕੁਝ ਵਿਦਿਆਰਥੀਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੰਜੇ ਹੇਗੜੇ ਦੀ ਉਸ ਦਲੀਲ ਦਾ ਨੋਟਿਸ ਲਿਆ ਕਿ ਆਉਂਦੀਆਂ ਪ੍ਰੀਖਿਆਵਾਂ ਨੂੰ ਦੇਖ ਕੇ ਇਸ ਮੁੱਦੇ ਉੱਤੇ ਫੌਰੀ ਸੁਣਵਾਈ ਦੀ ਲੋੜ ਹੈ। ਚੀਫ ਜਸਟਿਸ ਨੇ ਕਿਹਾ ਕਿ ਹੋਰਾਂ ਨੇ ਵੀ ਇਸੇ ਦਾ ਜ਼ਿਕਰ ਕੀਤਾ ਹੈ ਅਤੇ ਉਹ ਛੁੱਟੀਆਂ ਮਗਰੋਂ ਇਸ ਨੂੰ ਸੂਚੀਬੱਧ ਕਰਨਗੇ। ਕੁਝ ਪਟੀਸ਼ਨਾਂ ਹਾਈ ਕੋਰਟ ਦੇ ਫੁੱਲ ਬੈਂਚ ਦੇ ਫੈਸਲੇ ਖਿਲਾਫ ਆਈਆਂ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਸੰਵਿਧਾਨ ਦੀ ਧਾਰਾ 25 ਹੇਠ ਇਸਲਾਮ ਵਿੱਚ ਹਿਜਾਬ ਪਹਿਨਣਾ ਧਾਰਮਿਕ ਪ੍ਰਥਾ ਦਾ ਜ਼ਰੂਰੀ ਹਿੱਸਾ ਨਹੀਂ। ਹਾਈ ਕੋਰਟ ਨੇ ਉਡੁਪੀ ਦੇ ਸਰਕਾਰੀ ਪ੍ਰੀ-ਯੂਨੀਵਰਸਿਟੀ ਗਰਲਜ਼ ਕਾਲਜ ਦੀਆਂ ਕੁਝ ਮੁਸਲਿਮ ਵਿਦਿਆਰਥਣਾਂ ਵੱਲੋਂ ਜਮਾਤਾਂ ਅੰਦਰ ਹਿਜਾਬ ਪਹਿਨਣ ਦੀ ਇਜਾਜ਼ਤ ਦੇਣ ਦੀ ਮੰਗ ਦੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਸੀ।

ਸੁਪਰੀਮ ਕੋਰਟ ਨੂੰ ਦਿੱਤੀ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਹਾਈ ਕੋਰਟ ਨੇ ਧਰਮ ਦੀ ਆਜ਼ਾਦੀ ਅਤੇ ਅੰਤਰ-ਆਤਮਾ ਦੀ ਆਜ਼ਾਦੀ ਨੂੰ ਵੰਡਣ ਵਿੱਚ ਗਲਤੀ ਕੀਤੀ ਹੈ। ਅਦਾਲਤ ਨੇ ਕਿਹਾ ਕਿ ਜਿਹੜੇ ਲੋਕ ਧਰਮ ਦਾ ਪਾਲਣ ਕਰਦੇ ਹਨ, ਉਨ੍ਹਾਂ ਨੂੰ ਅੰਤਰ ਆਤਮਾ ਦੀ ਆਵਾਜ਼ ਸੁਣਨ ਦਾ ਹੱਕ ਨਹੀਂ। ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਹਾਈ ਕੋਰਟ ਇਸ ਗੱਲ ਨੂੰ ਸਮਝਣ ਵਿੱਚ ਨਾਕਾਮ ਰਹੀ ਕਿ ਹਿਜਾਬ ਪਹਿਨਣ ਦਾ ਹੱਕ ਸੰਵਿਧਾਨ ਦੀ ਧਾਰਾ 21 ਤਹਿਤ ਨਿੰਜਤਾ ਦੇ ਹੱਕ ਦੇ ਘੇਰੇ ਵਿੱਚ ਆਉਂਦਾ ਹੈ ਅਤੇ ਅੰਤਰ ਆਤਮਾ ਦੀ ਆਜ਼ਾਦੀ ਨਿੰਜਤਾ ਦੇ ਹੱਕ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਇਸ ਗੱਲ ਦਾ ਨੋਟਿਸ ਲੈਣ ਵਿੱਚ ਨਾਕਾਮ ਰਹੀ ਹੈ ਕਿ ਨਿਯਮਾਂ ਵਿੱਚ ਵਿਦਿਆਰਥੀਆਂ ਨੂੰ ਕਿਸੇ ਵਰਦੀ ਨੂੰ ਲਾਜ਼ਮੀ ਤੌਰ ਉੱਤੇ ਪਹਿਨਣ ਲਈ ਨਹੀਂ ਕਿਹਾ ਗਿਆ। ਇਸ ਦੌਰਾਨ ਇੱਕ ਹੋਰ ਵਿਅਕਤੀ ਨੇ ਸੁਪਰੀਮ ਕੋਰਟ ਵਿੱਚ ਕੈਵੀਏਟ ਦਾਖਲ ਕੀਤੀ ਹੈ, ਜੋ ਹਾਈ ਕੋਰਟ ਵਿੱਚ ਇੱਕ ਧਿਰ ਸੀ। ਉਸ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਵਿੱਚ ਕੋਈ ਹੁਕਮ ਦਿੱਤੇ ਜਾਣ ਤੋਂ ਪਹਿਲਾਂ ਉਸ ਦੇ ਪੱਖ ਨੂੰ ਵੀ ਸੁਣਿਆ ਜਾਵੇ।ਸੁਪਰੀਮ ਕੋਰਟ ਵਿੱਚ ਅਰਜ਼ੀ ਵਿੱਚ ਮੋਟਰ ਵਹੀਕਲ ਐਕਟ 1988 ਦੀ ਧਾਰਾ 129 ਹੇਠ ਦਸਤਾਰਧਾਰੀ ਸਿੱਖਾਂ ਨੂੰ ਹੈਲਮਟ ਪਹਿਨਣ ਤੋਂ ਛੋਟ ਦੇਣ ਤੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਬਣਾਏ ਗਏ ਨਿਯਮਾਂ ਹੇਠ ਸਿੱਖਾਂ ਨੂੰ ਜਹਾਜ਼ਾਂ ਵਿੱਚ ਕਿਰਪਾਨ ਲਿਜਾਣ ਦੀ ਇਜਾਜ਼ਤ ਦੇਣ ਦਾ ਹਵਾਲਾ ਦਿੱਤਾ ਗਿਆ ਹੈ।

# ਮਹਾਰਾਸ਼ਟਰ ਦੇ ਮੰਤਰੀ ਨਵਾਬ ਮਲਿਕ ਦੀ ਰਿਹਾਈ ਦੀ ਅਰਜ਼ੀ ਰੱਦ

ਮੁੰਬਈ, 17 ਮਾਰਚ (ਪੋਸਟ ਬਿਊਰੋ)- ਮਨੀ ਲਾਂਡਰਿੰਗ ਕੇਸ ਵਿੱਚ ਮਹਾਰਾਸ਼ਟਰ ਦੇ ਕੈਬਨਿਟ ਮੰਤਰੀ ਅਤੇ ਐਨ ਸੀ ਪੀ ਪਾਰਟੀ ਦੇ ਆਗੂ ਨਵਾਬ ਮਲਿਕ ਵੱਲੋਂ ਤੁਰੰਤ ਰਿਹਾਈ ਦੀ ਮੰਗ ਲਈ ਦਿੱਤੀ ਅੰਤ੍ਰਿਮ ਅਰਜ਼ੀ ਨੂੰ ਬੰਬੇ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ। ਕੋਰਟ ਨੇ ਕਿਹਾ ਹੈ ਕਿ ਸਿਰਫ ਇਸ ਕਰ ਕੇ ਕਿ ਵਿਸ਼ੇਸ਼ ਪੀ ਐਮ ਐਲ ਏ ਅਦਾਲਤ ਨੇ ਮੰਤਰੀ ਨੂੰ ਹਿਰਾਸਤ ਵਿੱਚ ਰੱਖਣ ਦੇ ਹੁਕਮ ਦੇ ਕੇ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਨਹੀਂ ਦਿੱਤਾ, ਇਸ ਦਾ ਅਰਥ ਇਹ ਨਹੀਂ ਕਿ ਹੁਕਮ ਗੈਰ ਕਾਨੂੰਨੀ ਜਾਂ ਗਲਤ ਹਨ। ਬੈਂਚ ਨੇ ਕਿਹਾ ਕਿ ਮਲਿਕ ਕੋਲ ਕਾਨੂੰਨੀ ਨੁਮਾਇੰਦਾ ਵਿਸ਼ੇਸ਼ ਅਦਾਲਤ ਅਤੇ ਹਾਈ ਕੋਰਟ ਵਿੱਚ ਦੋਵੇਂ ਥਾਈਂ ਮੌਜੂਦ ਸੀ ਅਤੇ ਉਸ ਨੂੰ ਚਾਰਾਜੋਈ ਦਾ ਮੌਕਾ ਦਿੱਤਾ ਗਿਆ ਸੀ।

ਵਰਨਣ ਯੋਗ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਪਿਛਲੇ ਮਹੀਨੇ ਨਵਾਬ ਮਲਿਕ ਨੂੰ ਪੀ ਐਮ ਐਲ ਏ (ਮਨੀ ਲਾਂਡਰਿੰਗ ਕਾਨੂੰ) ਹੇਠ ਗ੍ਰਿਫਤਾਰ ਕੀਤਾ ਸੀ। ਉਸ ਮੌਕੇ ਨਵਾਬ ਮੰਤਰੀ ਨੇ ਹਾਈ ਕੋਰਟ ਵਿੱਚ ਇਹ ਕੇਸ ਪੇਸ਼ ਕੀਤਾ ਸੀ ਕਿ ਈ ਡੀ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਅਤੇ ਫਿਰ ਰਿਮਾਂਡ ਲੈਣਾ ਗੈਰ ਕਾਨੂੰਨੀ ਹੈ। ਹਾਈ ਕੋਰਟ ਨੇ ਕਿਹਾ ਕਿ ਮਲਿਕ ਦੇ ਵਕੀਲ ਨੇ ਪੀ ਐਮ ਐਲ ਏ ਕੋਰਟ ਵਿੱਚ ਈ ਡੀ ਵੱਲੋਂ ਮੰਗੀ ਹਿਰਾਸਤ ਦਾ ਵਿਰੋਧ ਕੀਤਾ ਸੀ, ਇਸ ਦੇ ਬਾਵਜੂਦ ਵਿਸ਼ੇਸ਼ ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਮੰਤਰੀ ਦੀ ਹਿਰਾਸਤ ਦਿੱਤੀ ਅਤੇ ਫਿਰਜੁਡੀਸ਼ਲ ਹਿਰਾਸਤ ਦਿੱਤੀ। ਹਾਈ ਕੋਰਟ ਨੇ ਕਿਹਾ ਕਿ ਹਿਰਾਸਤ ਲਈ ਜਿਨ੍ਹਾਂ ਕਾਨੂੰਨੀ ਪੱਖਾਂ ਦਾ ਹਵਾਲਾ ਦਿੱਤਾ ਗਿਆ, ਉਹ ਜਾਇਜ਼ ਸਨ। ਇਸ ਲਈ ਹਾਈ ਕੋਰਟ ਕੋਲ ਕੋਈ ਕਾਰਨ ਨਹੀਂ ਬਚਦਾ ਕਿ ਉਹ ਮਲਿਕ ਦੀ ਰਿਹਾਈ ਦੇ ਹੁਕਮ ਦੇਵੇ।

# ਜਲਾਲਾਬਾਦ ਬੰਬ ਧਮਾਕੇ ਕੇਸ ਵਿੱਚ ਪਾਕਿ ਨਾਗਰਿਕ ਸਣੇ ਛੇ ਜਣਿਆਂ ਦੇ ਵਿਰੁੱਧ ਚਾਰਜਸ਼ੀਟ ਪੇਸ਼

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੇ ਕੱਲ੍ਹ ਪੰਜਾਬ ਦੇ ਐਸ ਏ ਐਸ ਨਗਰ ਵਿੱਚ ਐਨ ਆਈ ਏ ਦੀ ਵਿਸ਼ੇਸ਼ ਅਦਾਲਤ ਵਿੱਚ ਪੰਜਾਬ ਦੇ ਜਲਾਲਾਬਾਦ ਬੰਬ ਧਮਾਕਾ ਕੇਸ ਵਿੱਚ ਇੱਕ ਪਾਕਿਸਤਾਨੀ ਸਮੇਤ ਛੇ ਖਾਲਿਸਤਾਨੀ ਕਾਰਕੁਨਾਂ ਖਿਲਾਫ ਦੋਸ਼ ਪੱਤਰ ਦਾਖਲ ਕੀਤਾ ਹੈ।

ਐਨ ਆਈ ਏ ਨੇ ਸੁਖਵਿੰਦਰ ਸਿੰਘ, ਪ੍ਰਵੀਨ ਸਿੰਘ, ਗੁਰਪ੍ਰੀਤ ਸਿੰਘ ਉਰਫ ਗੋਰਾ, ਰਣਜੀਤ



ਸਿੰਘ, ਪਾਕਿਸਤਾਨੀ ਨਾਗਰਿਕ ਹਬੀਬ ਖਾਨ ਤੇ ਲਖਬੀਰ ਸਿੰਘ ਰੋਡੇ (ਪਾਕਿਸਤਾਨ ਵਿੱਚ ਰਹਿੰਦਾ ਖਾੜਕੂ) ਨੂੰ ਚਾਰਜਸ਼ੀਟ ਕੀਤਾ ਹੈ। ਉਨ੍ਹਾਂ ਦੇ ਖਿਲਾਫ ਧਮਾਕਾਖੇਜ਼ ਸਮੱਗਰੀ ਐਕਟ, ਨਾਰਕੋਟਿਕ ਡਰੱਗਸ ਐਂਡ ਸਾਇਕੋਟ੍ਰੋਪਿਕ ਸਬਸਟੈਂਸ ਐਕਟ, ਗੈਰ ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ ਤੇ ਭਾਰਤੀ ਦੰਡਾਵਲੀ ਦੀ ਧਾਰਾ 120 ਬੀ ਦਾ ਦੋਸ਼ ਪੱਤਰ ਦਾਖਲ ਕੀਤਾ ਗਿਆ। ਇਹ ਕੇਸ ਫਾਜ਼ਿਲਕਾ ਕਸਬੇ ਵਿੱਚ 15 ਸਤੰਬਰ 2021 ਨੂੰ ਹੋਏ ਬੰਬ ਧਮਾਕੇ ਨਾਲ ਸਬੰਧਤ ਹੈ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਸ਼ੁਰੂ ਵਿੱਚ ਪੰਜਾਬ ਪੁਲਸ ਨੇ ਮਾਮਲਾ ਦਰਜ ਕੀਤਾ ਸੀ ਅਤੇ ਬਾਅਦ ਵਿੱਚ ਜਾਂਚ ਐਨ ਆਈ ਏ ਨੇ ਆਪਣੇ ਹੱਥਾਂ ਵਿੱਚ ਲੈ ਲਈ ਅਤੇ ਅਗਲੀ ਕਾਰਵਾਈ ਕਰ ਰਹੀ ਹੈ।

# ਸਮੁੰਦਰੀ ਇਲਾਕੇ ਡੁੱਬ ਜਾਣਗੇ,ਚਾਰ ਕਰੋੜ ਲੋਕਾਂ ਉੱਤੇ ਖਤਰਾ

*** ਆਈ ਪੀ ਸੀ ਸੀ ਦੀ ਤਾਜ਼ਾ ਰਿਪੋਰਟ ਵਿਚ ਆਇਆ ਸਾਹਮਣੇ**

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਹਿੰਦ ਮਹਾਸਾਗਰ ਤੋਂ ਤਿੰਨ ਪਾਸਿਓਂ ਘਿਰੇ ਹੋਏ ਭਾਰਤ ਦੇ ਵਿੱਚ ਜਲਵਾਯੂ ਪਰਿਵਰਤਨ ਤਬਾਹੀ ਵੀ ਮਚਾ ਸਕਦਾ ਹੈ। ਯੂ ਐੱਨ ਓ ਦੇ ਜਲਵਾਯੂ ਪਰਿਵਤਨ ਬਾਰੇ ਇੰਟਰ ਗਵਰਨਮੈਂਟ ਪੈਨਲ ਆਨ ਕਲਾਈਮੇਟ ਚੇਂਜ ਦੀ ਤਾਜ਼ਾ ਰਿਪੋਰਟ ਵਿੱਚ ਭਾਰਤ ਲਈ ਕਈ ਚਿੰਤਾ ਵਾਲੇ ਸਬੂਤ ਪਤਾ ਲੱਗੇ ਹਨ।



ਇਸ ਰਿਪੋਰਟ ਮੁਤਾਬਕ ਭਾਰਤ ਅਜਿਹਾ ਦੇਸ਼ ਹੈ, ਜੋ ਜਲਵਾਯੂ ਪਰਿਵਰਤਨ ਨਾਲ ਸਭ ਤੋਂ ਵੱਧ ਆਰਥਿਕ ਪੱਖੋਂ ਪ੍ਰਭਾਵਤ ਹੈ। ਇਹੀ ਨਹੀਂ, ਸਦੀ ਦੇ ਅਖੀਰ ਤਕ ਭਾਰਤ ਵਿੱਚ ਸਾਢੇ ਚਾਰ ਤੋਂ ਪੰਜ ਕਰੋੜ ਲੋਕ ਖਤਰੇ ਵਿੱਚ ਹੋਣਗੇ, ਮੁੰਬਈ, ਚੇਨਈ, ਗੋਆ ਆਦਿ ਥਾਵਾਂ ਉੱਤੇ ਸਮੁੰਦਰੀ ਇਲਾਕੇ ਸਮੁੰਦਰ ਡੁੱਬ ਸਕਦੇ ਹਨ। ਆਈ ਪੀ ਸੀ ਸੀ ਦੀ ਰਿਪੋਰਟ ਮੁਤਾ-ਬਕ ਗਲੋਬਲ ਵਾਰਮਿੰਗ ਨਾਲ ਸਮੁੰ-ਦਰ ਦਾ ਪੱਧਰ ਵਧ ਰਿਹਾ ਹੈ। ਭਾਰਤ ਤਿੰਨ ਪਾਸਿਓਂ ਸਮੁੰਦਰ ਵਿੱਚ ਘਿਰਿਆ ਹੈ।ਇਸ ਦਾ ਸਮੁੰਦਰ ਤਟ 7516.6 ਕਿਲੋਮੀਟਰ ਲੰਬਾ ਹੈ। ਇਸ ਲਈ ਭਾਰਤ ਆਪਣੀ ਜਨਸੰਖਿਆ ਕਾਰਨ ਸਮੁੰਦਰ ਪੱਧਰ ਵਿੱਚ ਵਾਧੇ ਤੋਂ ਪ੍ਰਭਾਵਤ ਹੋਣ ਵਾਲੇ ਦੇਸ਼ਾਂ ਵਿੱਚ ਸਭ ਤੋਂ ਖਰਾਬ ਸਥਿਤੀ ਵਿੱਚ ਹੈ।ਇਹੀ ਹਾਲ ਰਿਹਾ ਤਾਂ ਦੇਸ਼ ਦੇ ਸਮੁੰਦਰੀ ਕੰਢੇ ਵਸੇ ਸ਼ਹਿਰਾਂ ਮੁੰਬਈ, ਚੇਨਈ, ਗੋਆ, ਵਿਸ਼ਾਖਾਪਟਨਮ, ਉੜੀਸਾ ਵਿੱਚ ਵਧਦੇ ਸਮੁੰਦਰੀ ਪਾਣੀ ਦੇ ਪੱਧਰ ਤੋਂ ਹੇਠਲੇ ਇਲਾਕੇ ਡੁੱਬ ਜਾਣਗੇ। ਇਨ੍ਹਾਂ ਸ਼ਹਿਰਾਂ ਵਿੱਚ ਸਮੁੰਦਰ ਦੇ 0.8 ਡਿਗਰੀ ਗਰਮ ਹੋ ਜਾਣ ਨਾਲ ਚੱਕਰਵਾਤਾਂ ਦੇ ਆਉਣ ਦੀ ਦਰ ਵਧਣ ਅਤੇ ਉਨ੍ਹਾਂ ਦੀ ਤੀਬਰਤਾ ਵਧਣ ਨਾਲ ਉਹ ਉਗਰ ਹੋ ਕੇ ਵਾਰ-ਵਾਰ ਆਉਣ ਲੱਗੇ ਹਨ।

# ਸੰਯੁਕਤ ਕਿਸਾਨ ਮੋਰਚਾ ਨੇ ਕਿਹਾ, ਰਾਜੇਵਾਲ ਤੇ ਚੜੂਨੀ ਨਾਲ ਸਾਡਾ ਕੋਈ ਸੰਬੰਧ ਨਹੀਂ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚਾ ਨੇ ਕੱਲ੍ਹ ਬਿਆਨ ਜਾਰੀ ਕਰ ਕੇ ਕਿਹਾ ਕਿ ਉਨ੍ਹਾਂ ਦਾ ਬਲਬੀਰ ਸਿੰਘ ਰਾਜੇਵਾਲ ਤੇ ਗੁਰਨਾਮ ਸਿੰਘ ਚੜੂਨੀ ਸਮੇਤ ਸੰਯੁਕਤ ਸਮਾਜ ਮੋਰਚਾ ਤੇ ਸੰਯੁਕਤ ਸੰਘਰਸ਼ ਪਾਰਟੀ ਵਾਲੀਆਂ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਦੇ ਨਾਲ ਸੰਬੰਧ ਨਹੀਂ।ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦੀ 15 ਜਨਵਰੀ ਦੀ ਕੌਮੀ ਮੀਟਿੰਗ ਵਿਚ ਸਰਬਸੰਮਤੀ ਦਾ ਫੈਸਲਾ ਸੀ ਕਿ ਚੋਣਾਂ ਵਿੱਚ ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਤ ਪਾਰਟੀ ਬਣਾਉਣ ਵਾਲੀ ਕੋਈ ਵੀ ਜਥੇਬੰਦੀ ਜਾਂ ਚੋਣ ਲੜਨ ਵਾਲਾ ਆਗੂ ਸਾਡੇ ਮੋਰਚੇ ਦਾ ਮੈਂਬਰ ਨਹੀਂ ਰਹੇਗਾ।

ਡਾਕਟਰ ਦਰਸ਼ਨ ਪਾਲ, ਹਨਨਮੋਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਸ਼ਰਮਾ (ਕੱਕਾ ਜੀ), ਯੁਧਵੀਰ ਸਿੰਘ ਤੇ ਯੋਗਿੰਦਰ ਯਾਦਵ ਨੇ ਕਿਹਾ ਕਿ 2 ਮਾਰਚ ਨੂੰ ਲਖੀਮਪੁਰ ਖੀਰੀ ਦੀ ਮੀਟਿੰਗ ਵਿੱਚ ਜਿਸ ਵੀ ਆਗੂ ਨੇ ਸ਼ਮੂਲੀਅਤ ਕੀਤੀ, ਉਸ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਵੱਲੋਂ ਅਨੁਸ਼ਾਸਨੀ ਕਾਰਵਾਈ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਮੋਰਚਾ ਦੋਫਾੜ ਨਹੀਂ ਹੋਇਆ। ਡਾਕਟਰ ਦਰਸ਼ਨ ਪਾਲ ਨੇ ਕਿਹਾ ਕਿ 'ਸੰਯੁਕਤ ਸਮਾਜ ਮੋਰਚਾ' ਤੇ 'ਸੰਯੁਕਤ ਸੰਘਰਸ਼ ਪਾਰਟੀ' ਦੇ ਨਾਂਅ ਹੇਠ ਪਾਰਟੀਆਂ ਬਣਾਉਣ ਅਤੇ ਚੋਣਾਂ ਲੜਨ ਵਾਲੀਆਂ ਕਿਸਾਨ ਜਥੇਬੰਦੀਆਂ ਘੱਟੋ-ਘੱਟ ਅਪ੍ਰੈਲ ਤਕ ਸੰਯੁਕਤ ਕਿਸਾਨ ਮੋਰਚੇ ਤੋਂ ਬਾਹਰ ਹੋ ਗਈਆਂ ਹਨ।

ਫਰੰਟ ਦੀਆਂ ਹਦਾਇਤਾਂ ਅਤੇ ਚਿਤਾਵਨੀਆਂ ਦੇ ਬਾਵਜੂਦ ਚੋਣਾਂ ਲੜਨ ਵਾਲੀਆਂ ਇਨ੍ਹਾਂ ਜਥੇਬੰਦੀਆਂ ਨੂੰ ਪੰਜਾਬ ਦੇ ਕਿਸਾਨਾਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਫਰੰਟ ਦੀ ਸੱਤ ਮੈਂਬਰੀ ਤਾਲਮੇਲ ਕਮੇਟੀ ਨੇ 14 ਮਾਰਚ ਨੂੰ ਦਿੱਲੀ ਵਿੱਚ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਸੱਦੀ ਸੀ ਤਾਂ ਜੋ ਇਸ ਫੈਸਲੇ ਉੱਤੇ ਮੁੜ ਵਿਚਾਰ ਕਰਨ ਦਾ ਢੰਗ ਤੇ ਫਰੰਟ ਦੇ ਅਗਲੇ ਪ੍ਰੋਗਰਾਮ ਦਾ ਫੈਸਲਾ ਕਰ ਸਕਣ, ਪਰ ਮੋਰਚੇ ਦੇ ਫੈਸਲੇ ਦੀ ਉਡੀਕ ਕੀਤੇ ਬਿਨਾਂ ਬਲਬੀਰ ਸਿੰਘ ਰਾਜੇਵਾਲ ਤੇ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਹੇਠ ਕੁਝ ਲੋਕ ਜ਼ਬਰਦਸਤੀ ਮੀਟਿੰਗ ਵਾਲੀ ਥਾਂਪਹੁੰਚ ਗਏ ਤੇ ਸਮਾਨੰਤਰ ਮੀਟਿੰਗ ਹਾਲ ਉੱਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ।ਇਸ ਮਗਰੋਂ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਤਾਲਮੇਲ ਕਮੇਟੀ ਨੇ ਦੇਸ਼ ਭਰ ਤੋਂ ਆਏ ਵਫਦ ਨਾਲ ਬਾਹਰ ਖੁੱਲ੍ਹੀ ਜਗ੍ਹਾਮੀਟਿੰਗ ਦਾ ਫੈਸਲਾ ਕੀਤਾ। ਤਾਲਮੇਲ ਕਮੇਟੀ ਦੀ ਅਗਵਾਈ ਹੇਠ ਹੋਈ ਇਸ ਕੌਮੀ ਮੀਟਿੰਗ ਵਿੱਚ ਫਰੰਟ ਦੇ ਆਉਣ ਵਾਲੇ ਪ੍ਰੋਗਰਾਮ ਸਬੰਧੀ ਫੈਸਲੇ ਲਏ ਗਏ।

# ਉਤਰੀ ਕੋਰੀਆ ਦੀ ਮਿਜ਼ਾਈਲ ਹਵਾ ਵਿੱਚ ਫਟ ਗਈ

ਸਿਓਲ, 17 ਮਾਰਚ (ਪੋਸਟ ਬਿਊਰੋ)- ਉਤਰੀ ਕੋਰੀਆ ਨੇ ਕੱਲ੍ਹ ਆਪਣੇ ਰਾਜਧਾਨੀ ਖੇਤਰ ਤੋਂ ਇੱਕ ਮਿਜ਼ਾਈਲ ਟੈਸਟ ਕੀਤਾ, ਜਿਸ ਦਾ ਹਵਾ ਵਿੱਚ ਧਮਾਕਾ ਹੋ ਗਿਆ। ਇਹ ਟੈਸਟਓਦੋਂ ਕੀਤਾ ਗਿਆ, ਜਦੋਂ ਇਹ ਅਟਕਲਾਂ ਹਨ ਕਿ ਉਤਰੀ ਕੋਰੀਆ ਸਭ ਤੋਂ ਲੰਬੀ ਦੂਰੀ ਦੀ ਮਿਜ਼ਾਈਲ ਲਾਂਚ ਕਰ ਸਕਦਾ ਹੈ।

ਇਸ ਸਾਲ ਉਤਰੀ ਕੋਰੀਆ ਵੱਲੋਂ ਕੀਤਾ ਇਹ 10ਵਾਂ ਟੈਸਟ ਹੈ। ਦੱਖਣੀ ਕੋਰੀਆ ਦੀ ਫੌਜ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਉਡਾਣ ਭਰਦੇ ਸਮੇਂ ਲਗਭਗ 20 ਕਿਲੋਮੀਟਰ ਉਚਾਈ ਉੱਤੇ ਉਤਰੀ ਕੋਰਿਆਈ ਮਿਜ਼ਾਈਲ ਦਾ ਧਮਾਕਾ ਹੋ ਗਿਆ। ਇਸ ਤੋਂ ਪਹਿਲਾਂ ਦੱਖਣੀ ਕੋਰੀਆ ਦੇ ਜੁਆਇੰਟ ਚੀਫਸ ਆਫ ਸਟਾਫ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਤਰੀ ਕੋਰੀਆ ਦੀ ਰਾਜਧਾਨੀ ਪਿਓਂਗਯਾਂਗ ਦੇ ਨਜ਼ਦੀਕ ਸਵੇਰੇ ਕਰੀਬ 9.30 ਵਜੇ ਕੀਤਾ ਗਿਆ ਟੈਸਟ ਨਾਕਾਮ ਰਿਹਾ। ਦੱਖਣੀ ਕੋਰੀਆ ਤੇ ਅਮਰੀਕਾ ਦੇ ਖੁਫੀਆ ਅਧਿਕਾਰੀ ਟੈਸਟ ਦੇ ਵੇਰਵਿਆਂ ਦੀ ਜਾਂਚ ਕਰ ਰਹੇ ਹਨ। ਅਮਰੀਕੀ ਹਿੰਦ ਪ੍ਰਸ਼ਾਂਤ ਕਮਾਨ ਨੇ ਬਾਅਦ ਵਿੱਚ ਕਿਹਾ ਕਿ ਉਤਰੀ ਕੋਰੀਆ ਨੇ ਬੈਲਿਸਟਿਕ ਮਿਜ਼ਾਈਲ ਦਾ ਟੈਸਟ ਕੀਤਾ ਹੈ, ਪਰ ਇਹ ਸਾਫ ਨਹੀਂ ਹੋਇਆ ਕਿ ਉਹ ਨਾਕਾਮ ਸੀ ਜਾਂ ਨਹੀਂ। ਕਮਾਂਡਰ ਨੇ ਕਿਹਾ ਕਿ ਟੈਸਟ ਅਮਰੀਕੀ ਖੇਤਰ ਤੇ ਉਸ ਦੇ ਸਹਿਯੋਗੀਆਂ ਲਈ ਤਤਕਾਲ ਕੋਈ ਖਤਰਾ ਪੈਦਾ ਨਹੀਂ ਕਰਦਾ, ਪਰ ਉਸ ਨੇ ਉਤਰੀ ਕੋਰੀਆਨੂੰ ਅਸਥਿਰਤਾ ਪੈਦਾ ਕਰਨ ਵਾਲੀਆਂ ਹਰਕਤਾਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ। ਜਾਪਾਨੀ ਮੰਤਰੀ ਮੰਡਲ ਦੇ ਚੀਫ ਸੈਕਟਰੀ ਕਿਹਾ ਕਿ ਬੈਲਿਸਟਿਕ ਮਿਜ਼ਾਈਲ ਦੇ ਟੈਸਟ ਦੀ ਪੁਸ਼ਟੀ ਨਹੀਂ ਹੋਈ। ਜਾਪਾਨ, ਅਮਰੀਕਾ ਅਤੇ ਦੱਖਣੀ ਕੋਰੀਆ ਨਾਲ ਮਿਲ ਕੇ ਕੰਮ ਕਰ ਰਿਹਾ ਹੈ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਆਖਰ ਹੋਇਆ ਕੀ ਸੀ।ਮਾਹਰਾਂ ਦਾ ਕਹਿਣਾ ਹੈ ਕਿ ਪਿਛਲੀਆਂ ਨਾਕਾਮੀਆਂ ਦੇ ਬਾਵਜੂਦ ਉਤਰੀ ਕੋਰੀਆ ਅਸਰਦ-ਾਰ ਪਰਮਾਣੂ ਅਸਲਾ ਤਿਆਰ ਕਰਨ ਦੇ ਆਪਣੇ ਟੀਚੇ ਦੇ ਕਰੀਬ ਹੈ।

# ਨਿਊ ਯਾਰਕ ਵਿੱਚ ਏਸ਼ੀਆਈ ਮੂਲ ਦੀ ਔਰਤ ਉੱਤੇ ਨਸਲੀ ਹਮਲਾ

* 67 ਸਾਲਾ ਔਰਤ ਦੇ ਸਿਰ ਤੇ ਚਿਹਰੇ ਉੱਤੇ 125 ਵਾਰ ਕੀਤੇ



ਨਿਊ ਯਾਰਕ, 17 ਮਾਰਚ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਏਸ਼ੀਆਈ ਮੂਲ ਦੀ ਔਰਤ ਨਸਲਵਾਦ ਕਾਰਨ ਮੌਤ ਨਾਲ ਜੂਝ ਰਹੀ ਹੈ। ਨਿਊ ਯਾਰਕ ਸ਼ਹਿਰ ਦੇ ਇੱਕ ਅਪਾਰਟਮੈਂਟ ਦੀ ਇਮਾਰਤ ਵਿੱਚ ਜਦੋਂ 67 ਸਾਲਾ ਬਜ਼ੁਰਗ ਔਰਤ ਵੜੀ ਅਤੇ ਘਰ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਪਿੱਛੋਂ ਆ ਕੇ ਇੱਕ ਅਮਰੀਕੀ ਨੇ ਉਸ ਦੇ ਸਿਰ ਉੱਤੇ ਵਾਰ ਕੀਤਾ ਅਤੇ ਫਿਰ ਉਸ ਦੇ ਸਿਰ ਤੇ ਚਿਹਰੇ ਉੱਤੇ 125 ਵਾਰ ਕੀਤੇ।

ਇਸ ਹਮਲੇ ਦਾ ਕਾਰਨ ਇਹ ਸੀ ਕਿ ਔਰਤ ਏਸ਼ੀਆਈ ਹੈ ਤੇ ਹਮਲਾਵਰ ਨੂੰ ਏਸ਼ੀਆਈ ਲੋਕਾਂ ਦੇ ਨਾਲ ਨਫਰਤ ਹੈ। ਵੈਸਟਚੈਸਟਰ ਕਾਊਂਟੀ ਡਿਸਟ੍ਰਿਕਟ ਦੇ ਅਟਾਰਨੀ ਤੇ ਪੁਲਸ ਨੇ ਇਸ ਹਮਲਾਵਰ ਦੀ ਪਛਾਣ ਨਿਊ ਯਾਰਕ ਦੇ ਵਾਸੀ ਅਮਰੀਕੀ ਟੈਮੇਲ ਐਸਕੋ (42) ਵਜੋਂ ਕੀਤੀ ਹੈ। ਐਸਕੋ ਨੇ ਬਜ਼ੁਰਗ ਔਰਤ ਉੱਤੇ ਇੰਨੀ ਜ਼ੋਰ ਨਾਲ ਵਾਰ ਕੀਤਾ ਕਿ ਉਹ ਜ਼ਮੀਨ ਉੱਤੇ ਡਿੱਗ ਪਈ। ਜਦੋਂ ਉਹ ਹੇਠਾਂ ਡਿੱਗੀ, ਹਮਲਾਵਰ ਨੇ ਉਸ ਦੇ ਚਿਹਰੇ ਉੱਤੇ ਦੋਵਾਂ ਹੱਥਾਂ ਨਾਲ ਕਰੀਬ 125 ਮੁੱਕੇ ਮਾਰੇ। ਫਿਰ ਵੀ ਉਸ ਦਾ ਮਨ ਨਹੀਂ ਭਰਿਆ ਤਾਂ ਟੱਪਕੇ ਔਰਤ ਦੇ ਉਪਰ ਖੜ੍ਹਾ ਹੋ ਗਿਆ ਅਤੇ ਅਗਲੇ ਕੁਝ ਮਿੰਟਾਂ ਤਕ ਪੀੜਤਾ ਨੂੰ ਆਪਣੇ ਪੈਰਾਂ ਨਾਲ ਕੁਚਲਿਆ। ਉਸ ਤੋਂ ਬਾਅਦ ਉਹ ਉਸ ਉੱਤੇ ਥੁੱਕ ਕੇ ਚਲਾ ਗਿਆ।ਇਹ ਨਫਰਤੀ ਹਮਲਾ ਇਮ-ਾਰਤ ਦੇ ਸਕਿਓਰਿਟੀ ਕੈਮਰੇ ਵਿਚ ਰਿਕਾਰਡ ਹੋ ਗਿਆ। ਏਸ਼ੀਆਈ ਮੂਲ ਦੀ ਔਰਤ ਦੇ ਪਿੱਛੇ ਆ ਕੇ ਉਸ ਨੇ ਪਹਿਲਾਂ ਹਮਲਾਵਰ ਨੇ ਉਸ ਨੂੰ ਅਪਸ਼ਬਦ ਕਹੇ, ਪਰ ਔਰਤ ਨੇ ਉਸ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਸ ਤੋਂ ਬਾਅਦ ਹਮਲਾਵਰ ਉਸ ਉੱਤੇ ਅੰਨ੍ਹੇਵਾਹ ਵਾਰ ਕਰਨ ਲੱਗਾ। ਐਸਕੋ ਨੂੰ ਵੈਸਟਚੈਸਟਰ ਕਾਊਂਟੀ ਜੇਲ੍ਹ ਵਿੱਚ ਬਿਨਾਂ ਜ਼ਮਾਨਤ ਦੇ ਭੇਜ ਦਿੱਤਾ ਗਿਆ ਹੈ। ਉਸ ਨੂੰ ਪਹਿਲਾਂ ਵੀ ਵੱਖ-ਵੱਖ ਕੇਸਾਂ ਵਿੱਚ 14 ਵਾਰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

# ਅਮਰੀਕਾ ਆਸਟ੍ਰੇਲੀਆ ਵਿੱਚ ਹਜ਼ਾਰਾਂ ਫੌਜੀ ਤੇ ਮਿਜ਼ਾਈਲਾਂ ਭੇਜ ਰਿਹੈ



ਮੈਲਬੌਰਨ, 17 ਮਾਰਚ (ਪੋਸਟ ਬਿਊਰੋ)- ਰੂਸ-ਯੂਕਰੇਨ ਜੰਗ ਦੌਰਾਨ ਚੀਨ ਅਤੇ ਆਸਟ੍ਰੇਲੀਆ ਵਿੱਚ ਜੰਗ ਦੇ ਬੱਦਲ ਮੰਡਰਾਉਣ ਲੱਗੇ ਹਨ। ਆਸਟ੍ਰੇਲੀਆ ਨੇ ਮੰ-ਨਿਆ ਹੈ ਕਿ ਚੀਨ ਨਾਲ ਵਧਦਾ ਤਣਾਅ ਜੰਗ ਬਣ ਸਕਦਾ ਹੈ।

ਇਸ ਦੌਰਾਨ ਆਸਟ੍ਰਲੀਆ ਨਾਲ ਆਕਸ ਡੀਲ ਕਰਨ ਵਾਲਾ ਅਮਰੀਕਾ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜੀ, ਧਰਤੀ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ, ਖਤਰਨਾਕ ਤੋਪਾਂ, ਰਾਕੇਟ ਅਤੇ ਡਰੋਨ ਜਹਾਜ਼ ਆਸਟ੍ਰਲੀਆ ਭੇਜ ਰਿਹਾ ਹੈ।ਰਿਪੋਰਟ ਮੁਤਾਬਕ ਅਮਰੀਕਾ ਦੇ 1000 ਮਰੀਨ ਫੌਜੀ ਪਹਿਲਾਂ ਹੀ ਆਸਟ੍ਰੇਲੀਆ ਪਹੁੰਚ ਚੁੱਕੇ ਹਨ। ਇਹ ਮਰੀਨ ਫੌਜੀ ਆਸਟ੍ਰੇਲੀਆ ਦੀ ਫ਼ੌਜ ਨੂੰ ਟਰੇ-ਨਿੰਗ ਦੇਣਗੇ ਤਾਂ ਜੋ ਖੇਤਰ ਵਿੱਚ ਸੰਕਟ ਆਉਣ ਉੱਤੇ ਜਵਾਬੀ ਕਾਰਵਾਈ ਕਰ ਸਕਣ। ਇਹ ਐਲਾਨ ਅਜਿਹੇ ਸਮੇਂ ਹੋਇਆ ਹੈ ਜਦੋਂ ਆਸਟ੍ਰੇਲੀਆਈ ਮੰਤਰੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਹਿੰਦ ਪ੍ਰਸ਼ਾਂਤ ਖੇਤਰ ਵਿੱਚ ਤਾਨਾਸ਼ਾਹੀ ਰਾਜ ਦਾ ਵਿਸਤਾਰ ਹੁੰਦਾ ਹੈ ਤਾਂ 'ਭਰੋਸੇਯੋਗ ਫ਼ੌਜੀ ਤਾਕਤ' ਦੀ ਵਰਤੋਂ ਕੀਤੀ ਜਾਏਗੀ।

# ਇਸਲਾਮ ਬਾਰੇ ਯੂ ਐਨ ਵਿੱਚ ਪਾਕਿਸਤਾਨ ਦਾ ਮਤਾ ਪਾਸ



ਨਿਊਯਾਰਕ, 17 ਮਾਰਚ (ਪੋਸਟ ਬਿਊਰੋ)- ਯੂ ਐੱਨ ਓ ਵਿੱਚ ਇੱਕ ਮਤਾ ਪਾਸ ਕੀਤਾ ਗਿਆ ਹੈ ਜਿਸ ਦੇ ਅਨੁਸਾਰ 15 ਮਾਰਚ ਨੂੰ ਇਸਲਾਮੋਫੋਬੀਆ ਦੇ ਖ਼ਿਲਾਫ਼ ਲੜਾਈ ਦੇ ਰੂਪ ਵਿੱਚ ਮਨਾਇਆ ਜਾਵੇ। ਭਾਰਤ ਅਤੇ ਫਰਾਂਸ ਨੇ ਇਸ ਉੱਤੇ ਇਤਰਾਜ਼ ਪ੍ਰਗਟਾਇਆ ਅਤੇ ਕਿਹਾ ਹੈ ਕਿ ਫੋਬੀਆ ਹਰ ਧਰਮ ਨੂੰ ਲੈ ਕੇ ਵੱਧ ਰਿਹਾ ਹੈ ਅਤੇ ਅਜਿਹੇ ਵਿੱਚ ਕਿਸੇ ਧਰਮ ਵਿਸ਼ੇਸ਼ ਦੇ ਫੋਬੀਆ ਦੇ ਲਈ ਅੰਤਰਰਾਸ਼ਟਰੀ ਦਿਵਸ ਐਲਾਨ ਕਰ ਦੇਣਾ ਠੀਕ ਨਹੀਂ ਹੈ।

ਭਾਰਤ ਦੇ ਸਥਾਈ ਪ੍ਰਤੀਨਿਧੀ ਟੀ ਐਸ ਤਿਰੁਮੂਰਤੀ ਨੇ ਯੂ ਐੱਨ ਜਨਰਲ ਅਸੈਂਬਲੀ ਵਿੱਚ ਕਿਹਾ ਕਿ ਭਾਰਤ ਇਹ ਸਮਝਦਾ ਹੈ ਕਿ ਪਾਸ ਮਤਾ ਕੋਈ ਮਿਸਾਲ ਕਾਇਮ ਨਹੀਂ ਕਰਦਾ। ਇਸ ਨਾਲ ਕਈ ਹੋਰ ਧਰਮਾਂ ਨਾਲ ਸਬੰਧਤ ਫੋਬੀਆ ਦੇ ਮਤੇਯੂ ਐੱਨ ਜਨਰਲ ਅਸੈਂਬਲੀ ਵਿੱਚ ਆਉਣਗੇ ਅਤੇ ਯੂ ਐੱਨ ਧਾਰਮਿਕ ਕੈਂਪਾਂ ਵਿੱਚ ਵੰਡਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਹਿੰਦੂ ਧਰਮ ਦੇ 1.2 ਅਰਬ ਤੋਂ ਵੱਧ ਮੰਨਣ ਵਾਲੇ ਹਨ, ਬੁੱਧ ਧਰਮ ਦੇ 53.5 ਕਰੋੜ ਤੋਂ ਵੱਧ ਤੇ ਸਿੱਖ ਧਰਮ ਦੇ 3 ਕਰੋੜ ਤੋਂ ਵੱਧ ਮੰਨਣ ਵਾਲੇ ਦੁਨੀਆ ਭਰ ਵਿੱਚ ਫੈਲੇ ਹੋਏ ਹਨ। ਸਮਾਂ ਆ ਗਿਆ ਹੈ ਕਿ ਅਸੀਂ ਧਾਰਮਿਕ ਆਧਾਰ ਉੱਤੇ ਫੋਬੀਆ ਦੀ ਹੋਂਦ ਨੂੰ ਸਵੀਕਾਰ ਕਰੀਏ ਨਾ ਕਿ ਕਿਸੇ ਇੱਕ ਧਰਮ ਦੇ ਖ਼ਿਲਾਫ਼ ਫੋਬੀਆ ਉੱਤੇ ਗੱਲ ਕਰੀਏ।

ਫਰਾਂਸ ਨੇ ਵੀ ਮਤੇ ਉੱਤੇ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਮਤਾ ਕਿਸੇ ਧਰਮ ਵਿਸ਼ੇਸ਼ ਦੀ ਚੋਣ ਕਰਕੇ ਧਾਰਮਿਕ ਅਸਹਿਣਸ਼ੀਲਤਾ ਦੇ ਖ਼ਿਲਾਫ਼ ਲੜਾਈ ਵਿੱਚ ਵੰਡੀਆਂ ਪੈਦਾ ਕਰਦਾ ਹੈ।

# ਪੀ ਸੀ ਬੀ ਲਾਹੌਰ ਦੇ ਮਸ਼ਹੂਰ ਗੱਦਾਫ਼ੀ ਸਟੇਡੀਅਮ ਦਾ ਨਾਂ ਬਦਲੇਗਾ



ਲਾਹੌਰ, 17 ਮਾਰਚ (ਪੋਸਟ ਬਿਊਰੋ)- ਲਾਹੌਰ ਦਾ ਮਸ਼ਹੂਰ ਗੱਦਾਫ਼ੀ ਸਟੇਡੀਅਮ ਜਲਦ ਹੀ ਕਿਸੇ ਹੋਰ ਨਾਂ ਵਾਲਾ ਬਣ ਸਕਦਾ ਹੈ। ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਦੇ ਚੇਅਰਮੈਨ ਰਮੀਜ਼ ਰਾਜਾ ਦੇ ਮੁਤਾਬਕ ਇਸ ਨਵੇਂ ਨਾਮ ਪਿੱਛੇ ਕੋਈ ਰਾਜਨੀਤੀ ਨਹੀਂ, ਪਰ ਬੋਰਡ ਕਈ ਸਪਾਂਸਰਾਂ ਨਾਲ ਗੱਲ ਚਲਾ ਰਿਹਾ ਹੈ, ਜਿਨ੍ਹਾਂ ਨੂੰ ਸਭ ਤੋਂ ਆਕਰਸ਼ਕ ਪੇਸ਼ਕਸ਼ ਦੇ ਨਾਲ ਸਟੇਡੀਅਮ ਦਾ ਨਾਮ ਦੇਣ ਦਾ ਅਧਿਕਾਰ ਦਿੱਤਾ ਜਾਵੇਗਾ।

ਵਰਨਣ ਯੋਗ ਹੈ ਪਹਿਲਾਂ ਵੀ ਸਟੇਡੀਅਮ ਦਾ ਨਾਂ ਬਦਲਣ ਦੀ ਚਰਚਾ ਹੁੰਦੀ ਰਹੀ ਹੈ, ਪਰ ਇਸ ਦਾ ਕਾਰਨ ਆਮ ਤੌਰ ਉੱਤੇ ਸਿਆਸੀ ਰਿਹਾ ਹੈ। ਇਸ ਵਾਰ ਦਾ ਕਾਰਨ ਸਿਰਫ਼ ਮਾਇਕ ਹੈ ਅਤੇ ਲਾਹੌਰ ਤੋਂ ਬਾਅਦ ਕਰਾਚੀ ਦੇ ਨੈਸ਼ਨਲ ਸਟੇਡੀਅਮ ਨੂੰ ਕੋਈ ਹੋਰ ਨਾਂ ਦੇਣ ਦੀ ਗੱਲ ਵੀ ਹੋ ਸਕਦੀ ਹੈ।ਰਮੀਜ਼ ਰਾਜਾ ਨੇ ਕਿਹਾ,'ਅਸੀਂ ਯੂਗੋਵ ਨਾਂ ਦੀ ਸੰਸਥਾ ਤੋਂ ਪਤਾ ਲਾਇਆ ਹੈ ਕਿ ਅਸੀਂ ਸਟੇਡੀਅਮ ਸਪਾਂਸਰਾਂ ਤੋਂ ਕਿੰਨੀ ਕੀਮਤ ਦੀ ਮੰਗ ਕਰ ਸਕਦੇ ਹਾਂ। ਇਹ ਸਿਰਫ਼ ਗੱਦਾਫ਼ੀ ਹੀ ਨਹੀਂ, ਸਗੋਂ ਐਨਐਸਐਕਸ (ਕਰਾਚੀ) ਅਤੇ ਹੋਰ ਮੈਦਾਨਾਂ ਉੱਤੇ ਵੀ ਲਾਗੂ ਹੁੰਦਾ ਹੈ। ਪਿਛਲੇ ਕੁਝ ਸਮੇਂ ਤੋਂ ਇਸ ਬਾਰੇ ਗੱਲ ਚੱਲ ਰਹੀ ਹੈ ਅਤੇ ਸਪਾਂਸਰਾਂ ਦਾ ਉਤਸ਼ਾਹ ਦੇਖਣ ਯੋਗ ਹੈ। ਜਲਦੀ ਹੀ ਗੱਦਾਫ਼ੀ ਦਾ ਨਾਂ ਬਦਲਿਆ ਜਾਵੇਗਾ ਤੇ ਇੱਕ ਸਪਾਂਸਰ ਦਾ ਨਾਮ ਸਟੇਡੀਅਮ ਨਾਲ ਜੁੜੇ ਜਾਵੇਗਾ।'

1959 ਵਿੱਚ ਜਦੋਂ ਇਸ ਸਟੇਡੀਅਮ ਦਾ ਉਦਘਾਟਨ ਹੋਇਆ ਤਾਂ ਇਸ ਨੂੰ ਲਾਹੌਰ ਸਟੇਡੀਅਮ ਕਿਹਾ ਜਾਂਦਾ ਸੀ। ਫਿਰ 1974 ਵਿੱਚ ਲੀਬੀਆ ਦੇ ਸਾਬਕਾ ਰਾਸ਼ਟਰਪਤੀ ਮੁਅੱਮਰ ਗੱਦਾਫ਼ੀ ਨੇ ਪਾਕਿਸਤਾਨ ਵਿੱਚ ਇਸਲਾਮਿਕ ਕਾਨਫਰੰਸ ਦੇ ਕੇਂਧਰੀ ਭਾਸ਼ਣ ਵਿੱਚ ਐਟਮ ਬੰਬ ਬਣਾਉਣ ਵਾਲੇ ਦੇਸ਼ ਦੇ ਮਤੇ ਦਾ ਸਮਰਥਨ ਕੀਤਾ। ਇਸ ਤੋਂ ਖ਼ੁਸ਼ ਹੋ ਕੇ ਪ੍ਰਧਾਨ ਮੰਤਰੀ ਜ਼ੁਲਫ਼ੀਕਾਰ ਅਲੀ ਭੁੱਟੋ ਨੇ ਉਨ੍ਹਾਂ ਦੇ ਸਨਮਾਨ ਵਿੱਚ ਇਸ ਪ੍ਰਮੁੱਖ ਕ੍ਰਿਕਟ ਸਟੇਡੀਅਮ ਦਾ ਨਾਂ ਰੱਖਿਆ ਸੀ।

# ਤਿਆਨਮਿਨ ਚੌਕ ਦੇ ਮੁਜ਼ਾਹਰਾਕਾਰੀ ਦੀ ਅਮਰੀਕਾ ਵਿੱਚ ਹੱਤਿਆ

ਨਿਊ ਯਾਰਕ, 17 ਮਾਰਚ (ਪੋਸਟ ਬਿਊਰੋ)- 1989 ਵਿੱਚ ਚੀਨ ਦੇ ਤਿਆਨਮਿਕ ਚੌਕ ਉੱਤੇ ਲੋਕਤੰਤਰ ਸਮਰਥਕਾਂ ਦੇ ਮੁਜ਼ਾਹਰੇ ਵਿੱਚ ਹਿੱਸਾ ਲੈਣ ਲਈ ਚੀਨ ਵਿਚ ਦੋ ਸਾਲ ਜੇਲ੍ਹ ਦੀ ਸਜ਼ਾ ਭੁਗਤ ਚੁੱਕੇ ਇੱਕ ਕਾਨੂੰਨ ਮਾਹਰ ਦੀ ਸੋਮਵਾਰ ਨੂੰ ਨਿਊ ਯਾਰਕ ਵਿਚਲੀ ਉਨ੍ਹਾਂ ਦੀ ਲਾਅ ਫਰਮ ਦੇ ਦਫਤਰ ਵਿੱਚ ਹੱਤਿਆ ਕਰ ਦਿੱਤੀ ਗਈ।

ਅਮਰੀਕਾ ਤੋਂ ਪਨਾਹ ਮਿਲਣ ਪਿੱਛੋਂ66 ਸਾਲਾ ਲੀ ਜਿਨਜਿਨਏਥੇ ਨਿਊ ਯਾਰਕ ਵਿਚ ਆ ਵਸੇ ਸਨ। ਉਨ੍ਹਾ ਦੀ ਚਾਕੂ ਮਾਰ ਕੇ ਹੱਤਿਆ ਕੀਤੀ ਗਈ ਹੈ। ਇਸ ਸ਼ਹਿਰ ਵਿੱਚ ਉਹ ਲੰਬੇ ਸਮੇਂ ਤੋਂ ਇਮੀਗਰੇਸ਼ਨ ਵਕੀਲ ਦਾ ਕੰਮ ਕਰ ਰਹੇ ਸਨ। ਲੋਕਤੰਤਰੀ ਅੰਦੋਲਨ ਦੌਰਾਨ ਚੀਨੀ ਅਧਿਕਾਰੀਆਂ ਨੇ ਜਿਨ੍ਹਾਂ ਲੋਕਾਂ ਦੀ ਹੱਤਿਆ ਕਰ ਦਿੱਤੀ ਜਾਂ ਜਿਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਸੀ,ਲੀ ਜਿਨਜਿਨ ਨੇ ਜਨਤਕ ਤੌਰ ਉੱਤੇ ਉਨ੍ਹਾਂ ਦੀ ਵਕਾਲਤ ਕਰਨਾ ਜਾਰੀ ਰੱਖਿਆ ਸੀ। ਉਨ੍ਹਾਂ ਦੀ ਹੱਤਿਆ ਦੇ ਸਿਲਸਿਲੇ ਵਿੱਚ ਇੱਕ ਕੁੜੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਮੁਤਾਬਕ 25 ਸਾਲਾ ਸ਼ਿਓਨਿੰਗ ਝਾਂਗ ਨੂੰ ਇਸ ਕੇਸ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ। ਉਹ ਹੱਤਿਆ ਦੇ ਦੋਸ਼ ਦਾ ਸਾਹ-ਮਣਾ ਕਰੇਗੀ। ਉਸ ਨੂੰ ਕਦੋਂ ਪੇਸ਼ ਕੀਤਾ ਜਾਵੇਗਾ ਜਾਂ ਉਸ ਕੋਲ ਕੋਈ ਵਕੀਲ ਹੈ ਜਾਂ ਨਹੀਂ, ਇਸ ਬਾਰੇ ਕੁਝ ਵੀ ਸਪੱਸ਼ਟ ਨਹੀਂ ਹੋ ਸਕਿਆ।

9 ਮਾਰਚ ਦਾ ਮਿਜ਼ਾਈਲ ਹਾਦਸਾ

# ਭਾਰਤ ਉਤੇ ਪਾਕਿਸਤਾਨ ਜਵਾਬੀ ਹਮਲਾ ਕਰਨ ਵਾਲਾ ਸੀ



ਇਸਲਾਮਾਬਾਦ, 17 ਮਾਰਚ (ਪੋਸਟ ਬਿਊਰੋ)- ਬੀਤੀ 9 ਮਾਰਚ ਨੂੰ ਭਾਰਤ ਦੀ ਇੱਕ ਅਨ-ਆਰਮਡ ਮਿਜ਼ਾਈਲ ਗਲਤੀ ਨਾਲ ਚੱਲੀ ਤੇ ਪਾਕਿਸਤਾਨ ਵਿਚ 124 ਕਿਲੋਮੀਟਰ ਅੰਦਰ ਜਾ ਕੇ ਮੀਆਂ ਚੰਨੂ ਇਲਾਕੇ ਵਿਚ ਡਿੱਗੀ ਸੀ।

ਸ਼ੁਰੂ ਵਿਚ ਪਾਕਿਸਤਾਨੀ ਫੌਜ ਨੇ ਇਸ ਨੂੰ ਭਾਰਤ ਦਾ ਹਮਲਾ ਸਮਝ ਕੇ ਜਵਾਬੀ ਮਿਜ਼ਾਇਲ ਦਾਗਣ ਦੀ ਤਿਆਰੀ ਕਰ ਲਈ, ਪਰ ਸਮਾਂ ਰਹਿੰਦਿਆਂ ਉਸ ਨੇ ਇਰਾਦਾ ਬਦਲ ਦਿੱਤਾ।ਇਸਦੇ ਦੋ ਕਾਰਨ ਸਨ। ਪਹਿਲਾ: ਮਿਜ਼ਾਈਲ ਉੱਤੇ ਕੋਈ ਵਾਰਹੈਡ ਯਾਨੀ ਹਥਿਆਰ ਨਹੀਂ ਸੀ। ਦੂਜਾ: ਪਹਿਲੀ ਨਜ਼ਰ ਵਿੱਚ ਇਹ ਲੱਗਦਾ ਸੀ ਕਿ ਇਹ ਜਾਣ-ਬੁੱਝਕੇ ਫਾਇਰ ਨਹੀਂ ਕੀਤੀ ਗਈ। ਖਾਸ ਗੱਲ ਇਹ ਕਿ ਏਦਾਂ ਦੇ ਹਾਲਾਤ ਨਾਲ ਨਜਿੱਠਣ ਲਈ ਦੋਵਾਂ ਦੇਸ਼ਾਂ ਕੋਲ ਹਾਟਲਾਈਨ ਮੌਜੂਦ ਹੈ ਪਰ ਮੀਡੀਆ ਰਿਪੋਰਟ ਵਿਚਕਿਹਾ ਗਿਆ ਹੈ ਕਿ ਭਾਰਤ ਨੇ ਹਾਟਲਾਈਨ ਉੱਤੇ ਵੀ ਪਾਕਿਸਤਾਨ ਨੂੰ ਇਸ ਦੀ ਜਾਣਕਾਰੀ ਨਹੀਂ ਦਿੱਤੀ। ਪਾਕਿਸਤਾਨ ਇਸ ਗੱਲ ਉੱਤੇ ਹੈਰਾਨ ਹੈ ਕਿ ਭਾਰਤ ਨੇ ਇਸ ਹਾਟਲਾਈਨ ਦੀ ਵਰਤੋਂ ਕਿਉਂ ਨਹੀਂ ਕੀਤੀ? ਰਿਪੋਰਟ ਵਿਚਕਿਹਾ ਗਿਆ ਹੈ ਕਿ ਭਾਰਤ ਨੇ ਹਾਟਲਾਈਨ ਉੱਤੇ ਗੱਲ ਕਰਨ ਦੀ ਬਜਾਏ ਕੁਝ ਦੇਰ ਲਈ ਮਿਜ਼ਾਈਲ ਸਿਸਟਮ ਹੀ ਬੰਦ ਕਰ ਦਿੱਤਾ ਤਾਂ ਕਿ ਕਿਸੇ ਹੋਰ ਮਿਜ਼ਾਈਲ ਦਾ ਗਲਤੀ ਨਾਲ ਫਾਇਰ ਨਾ ਹੋ ਜਾਵੇ।ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਪਾਰਲੀਮੈਂਟਵਿਚ ਦਿੱਤੇ ਜਵਾਬ ਨੂੰ ਅਧੂਰਾ ਅਤੇ ਗੈਰ-ਲੋੜੀਂਦਾ ਦੱਸ ਕੇ ਰੱਦ ਕਰ ਦਿੱਤਾ ਅਤੇ ਇੱਕ ਵਾਰ ਫਿਰ ਘਟਨਾ ਦੀ ਸਾਂਝੀ ਜਾਂਚ ਦੀ ਮੰਗ ਕੀਤੀ ਹੈ।ਉਧਰ ਭਾਰਤ ਦਾ ਸਮਰਥਨ ਕਰਦੇ ਹੋਏ ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਵੱਲੋਂ ਪਾਕਿ ਵਿਚ ਡਿੱਗੀ ਮਿਜ਼ਾਈਲ ਦੇ ਹਾਦਸੇ ਕਾਰਨ ਚੱਲਣ ਤੋਂ ਇਲਾਵਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ।

# ਵਲਾਦੀਮੀਰ ਪੂਤਿਨ ਨੂੰ ਪਾਗਲ ਦੱਸਣ ਵਾਲੀ ਰੂਸੀ ਮਾਡਲ ਦਾ ਕਤਲ



ਮਾਸਕੋ, 17 ਮਾਰਚ (ਪੋਸਟ ਬਿਊਰੋ)- ਯੂਕਰੇਨ-ਰੂਸ ਜੰਗ ਵਿੱਚ ਪੂਤਿਨ ਨੂੰ ਪਾਗਲ ਕਹਿਣ ਵਾਲੀ ਰੂਸੀ ਮਾਡਲ ਗ੍ਰੇਟ ਵੇਲਡਰ ਦੀ ਲਾਸ਼ ਸੂਟਕੇਸ ਵਿੱਚੋਂ ਮਿਲੀ ਹੈ। ਵੇਲਡਰ ਪੂਤਿਨ ਖ਼ਿਲਾਫ਼ ਪੋਸਟ ਲਿਖਣ ਤੋਂ ਬਾਅਦ ਲਾਪਤਾ ਸੀ। ਵੇਲਡਰ ਦੇ ਕਤਲ ਦੀ ਜ਼ਿੰਮੇਵਾਰੀ ਉਸ ਦੇ ਸਾਬਕਾ ਪ੍ਰੇਮੀ ਨੇ ਲਈ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਰਿਪੋਰਟ ਮੁਤਾਬਕ 23 ਸਾਲ ਦੀ ਰੂਸੀ ਮਾਡਲ ਨੇ ਜਨਵਰੀ 2021 ਵਿੱਚ ਸੋਸ਼ਲ ਮੀਡੀਆ ਉੱਤੇ ਪੋਸਟ ਪਾਈ ਸੀ, ਜਿਸ ਵਿਚ ਉਸ ਨੇ ਪੂਤਿਨ ਨੂੰ ਮਨੋਰੋਗੀ ਤੇ ਇੱਛਾਵਾਦੀ ਕਿਹਾ ਸੀ। ਇਸ ਤੋਂ ਬਾਅਦ ਤੋਂ ਉਹ ਗਾਇਬ ਸੀ। ਪਿਛਲੇ ਦਿਨੀਂ ਲਿਪੇਤਸਕ ਇਲਾਕੇ ਵਿੱਚੋਂ ਉਸ ਦੀ ਲਾਸ਼ ਮਿਲੀ ਸੀ। ਕਤਲ ਕਦੋਂ ਤੇ ਕਿਵੇਂ ਹੋਇਆ, ਇਸ ਦੀ ਜਾਂਚ ਚੱਲ ਰਹੀ ਹੈ। ਵੇਲਡਰ ਨੇ ਆਪਣੀ ਫ਼ੇਸਬੁੱਕ ਪੋਸਟ ਉੱਤੇ ਲਿਖਿਆ ਸੀ ਕਿ ਪੂਤਿਨ ਵਰਗੇ ਲੋਕ ਬਚਪਨ ਤੋਂ ਹੀ ਡਰਪੋਕ ਹੁੰਦੇ ਹਨ। ਸ਼ੋਰ ਤੇ ਹਨ੍ਹੇਰੇ ਤੋਂ ਡਰਦੇ ਹਨ। ਰੂਸ ਨੂੰ ਅਖੰਡਤਾ ਦਾ ਜੋ ਭੂਤ ਸਵਾਰ ਹੈ, ਉਸ ਦੇ ਬਦਲੇ ਹੰਝੂ ਮਿਲਣਗੇ। ਵੇਲਡਰ ਦੀ ਹੱਤਿਆ ਤੋਂ ਬਾਅਦ ਪੁਲਸ ਨੇ ਸ਼ੱਕ ਦੇ ਆਧਾਰ ਉੱਤੇ ਉਸ ਦੇ ਸਾਬਕਾ ਪ੍ਰੇਮੀ ਦਿਮਿਤਰੀ ਕੋਰੋਵਿਨ ਨੂੰ ਗ਼੍ਰਿਫ਼ਤਾਰ ਕੀਤਾ। ਸ਼ੁਰੂ ਦੀ ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਪੈਸੇ ਦੇ ਲੈਣ-ਦੇਣ ਕਾਰਨ ਉਸ ਨੇ ਵੇਲਡਰ ਦਾ ਕਤਲ ਕੀਤਾ। ਕੋਰੋਵਿਨ ਨੇ ਦੱਸਿਆ ਕਿ ਕਤਲ ਤੋਂ ਬਾਅਦ ਉਹ ਲਾਸ਼ ਨੂੰ ਸੂਟਕੇਸ ਵਿੱਚ ਰੱਖ ਕੇ ਤਿੰਨ ਦਿਨ ਤਕ ਉਸ ਦੇ ਨਾਲ ਰਿਹਾ।

# ਬੋਰਡਿੰਗ ਹਾਊਸ ਵਿਚ ਭਿਆਨਕ ਅੱਗ ਨਾਲ 3 ਜਣੇ ਜ਼ਿੰਦਾ ਸੜੇ



ਸਿਡਨੀ, 17 ਮਾਰਚ (ਪੋਸਟ ਬਿਊਰੋ)- ਸਿਡਨੀ ਵਿੱਚ ਇੱਕ ਬੋਰਡਿੰਗ ਹਾਊਸ ਵਿੱਚ ਅੱਗ ਲੱਗਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਦੀ ਹਾਲਤ ਗੰਭੀਰ ਹੈ।

ਮਿਲੀ ਰਿਪੋਰਟ ਅਨੁਸਾਰ ਕੱਲ੍ਹ ਸਵੇਰੇ ਸਿਡਨੀ ਦੇ ਅੰਦਰੂਨੀ ਪੱਛਮ ਵਿੱਚ ਇੱਕ ਉਪਨਗਰ ਨਿਊਟਾਊਨ ਵਿੱਚ ਦੋ-ਮੰਜ਼ਿਲਾ ਬੋਰਡਿੰਗ ਹਾਊਸ ਵਿੱਚ ਫ਼ਾਇਰਫ਼ਾਈਟਰਾਂ ਨੂੰ ਬੁਲਾਇਆ ਗਿਆ। ਫ਼ਾਇਰ ਫ਼ਾਈਟਰਜ਼ ਨੇ ਦੱਸਿਆ ਕਿ ਅੱਗ ਉੱਤੇ ਕਾਬੂ ਪਾਉਣ ਵਿਚ ਕਰੀਬ ਦੋ ਘੰਟੇ ਲੱਗੇ। ਸਵੇਰੇ ਮਲਬੇ ਵਿੱਚੋਂ ਇੱਕ ਲਾਸ਼ ਬਰਾਮਦ ਕੀਤੀ ਗਈ, ਜਦਕਿ ਬਾਅਦ ਦੁਪਹਿਰ ਦੋ ਹੋਰ ਲਾਸ਼ਾਂ ਮਿਲੀਆਂ। ਪੁਲਸ ਨੇ ਕਿਹਾ ਕਿ ਅੱਗ ਤੋਂ ਬਚਣ ਵਾਲੇ ਚੌਥੇ ਵਿਅਕਤੀ ਦੀ ਹਾਲਤ ਗੰਭੀਰ ਹੈ ਅਤੇ ਉਸ ਦਾ ਸੈਂਟਰਲ ਸਿਡਨੀ ਹਸਪਤਾਲ ਵਿੱਚ ਇਲਾਜ ਹੋ ਰਿਹਾ ਹੈ।ਨਿਊ ਸਾਊਥ ਵੇਲਜ਼ ਪੁਲਸ ਦੇ ਸਹਾਇਕ ਕਮਿਸ਼ਨਰ ਨੇ ਕਿਹਾ ਕਿ ਇਸ ਘਟਨਾ ਦੀ ਕਤਲ ਵਜੋਂ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ,''ਅਸੀਂ ਇਸ ਨੂੰ ਸ਼ੱਕੀ ਮੰਨ ਰਹੇ ਹਾਂ- ਇਹ ਇੱਕ ਧਮਾਕਾ ਸੀ, ਅੱਗ ਨੇ ਬਹੁਤ ਤੇਜ਼ੀ ਨਾਲ ਜ਼ੋਰ ਫੜ ਲਿਆ ਸੀ।'

# ਲੌਂਗ ਕੋਵਿਡ ਵਾਲੇ ਮਰੀਜ਼ ਆਪਣੀ ਮਰਜ਼ੀ ਨਾਲ ਨਾ ਦਵਾ ਲੈਣ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਇਨਫੈਕਸ਼ਨ ਤੋਂ ਠੀਕ ਹੋਣ ਦੇ ਬਾਅਦ ਵੀ ਕੁਝ ਲੋਕਾਂ ਵਿੱਚ ਇਸ ਦੇ ਲੱਛਣ ਕਈ ਹਫਤੇ ਤਕ ਬਣੇ ਰਹਿੰਦੇ ਹਨ। ਇਸ ਨੂੰ ਲੌਂਗ ਕੋਵਿਡ ਕਿਹਾ ਜਾਂਦਾ ਹੈ। ਸਿਰਦਰਦ, ਸਰੀਰ ਵਿੱਚ ਦਰਦ ਅਤੇ ਲੋ-ਗ੍ਰੇਡ ਬੁਖਾਰ ਕੁਝ ਅਜਿਹੇ ਪੋਸਟ ਕੋਵਿਡ ਲੱਛਣ ਹਨ, ਜੋ ਵਾਇਰਸ ਵਿੱਚੋਂ ਉਭਰਣ ਦੇ ਕਈ ਮਹੀਨਿਆਂ ਤੋਂ ਬਾਅਦ ਵੀ ਬਣੇ ਰਹਿੰਦੇ ਹਨ। ਅਜਿਹੇ ਵਿੱਚ ਕਈ ਮਰੀਜ਼ ਡਾਕਟਰ ਦੇ ਕੋਲ ਜਾਣ ਦੇ ਬਦਲੇ ਖੁਦ ਦਵਾਈਆਂ ਲੈਂਦੇ ਹਨ ਅਤੇ ਆਪਣੀ ਬਿਮਾਰੀ ਦਾ ਇਲਾਜ ਖੁਦ ਹੀ ਕਰਨ ਦੀ ਸੋਚਦੇ ਹਨ।

ਮਾਹਰਾਂ ਦਾ ਕਹਿਣਾ ਹੈ ਕਿ ਇਸ ਕਾਰਨ ਅਜਿਹੇ ਮਰੀਜ਼ਾਂ ਵਿੱਚ ਕੋਰੋਨਾ ਤੋਂ ਪੂਰੀ ਤਰ੍ਹਾਂ ਠੀਕ ਹੋਣ ਨੂੰ ਕਾਫੀ ਸਮਾਂ ਲੱਗ ਜਾਂਦਾ ਹੈ। ਏਦਾਂ ਕਰਨ ਨਾਲ ਕਿਡਨੀ ਖਰਾਬ ਹੋਣ ਵਰਗੀਆਂ ਬਿਮਾਰੀਆਂ ਵੀ ਹੋ ਸਕਦੀਆਂ ਹਨ। ਅਜਿਹੇ ਵਿੱਚ ਇਹ ਜ਼ਰੂਰੀ ਹੈ ਕਿ ਮਰੀਜ਼ ਡਾਕਟਰਾਂ ਦੀ ਸਲਾਹ ਦੇ ਬਿਨਾਂ ਦਵਾਈਆਂ ਲੈਣ ਤੋਂ ਬਚਣ।ਸਾਕੇਤ ਦੇ ਮੈਕਸ ਹਸਪਤਾਲ ਵਿੱਚ ਪਲਮੋਨੋਲਾਜੀ ਦੇ ਪ੍ਰਮੁੱਖ ਡਾਇਰੈਕਟਰ ਵਿਵੇਕ ਨਾਂਗੀਆ ਨੇ ਸਭ ਤੋਂ ਸਰਲ ਕਾਰਨ ਦੱਸਿਆ ਹੈ ਕਿ ਲੋਕ ਖੁਦ ਦਵਾ ਦਾ ਸਹਾਰਾ ਕਿਉਂ ਲੈਂਦੇ ਹਨ? ਇਸ ਵਿਸ਼ੇ ਵਿੱਚ ਕਈ ਵਾਰ ਲੋਕ ਇਧਰ-ਓਧਰ ਤੋਂ ਸੁਣੀਆਂ ਹੋਈਆਂ ਗੱਲਾਂ ਮੰਨ ਲੈਂਦੇ ਹਨ। ਖੁਦ ਇਲਾਜ ਦਾ ਪ੍ਰਚਾਰ ਕਰਨ ਵਾਲੀਆਂ ਇਨ੍ਹਾਂ ਅਫਵਾਹਾਂ ਨਾਲ ਅਕਸਰ ਰੋਗੀਆਂ ਵਿੱਚ ਸੁਰੱਖਿਆ ਦੀ ਝੂਠੀ ਭਾਵਨਾ ਭਰ ਜਾਂਦੀ ਹੈ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਘਰੋਂ ਹੀ ਆਪਣੀ ਪ੍ਰੇਸ਼ਾਨੀ ਦਾ ਇਲਾਜ ਕਰ ਸਕਦੇ ਹਨ।

# ਕੈਨੇਡਾ ਨੇ ਰੂਸ ਉਤੇ ਲਾਈਆਂ ਹੋਰ ਪਾਬੰਦੀਆਂ



ਓਟਵਾ, 17 ਮਾਰਚ (ਪੋਸਟ ਬਿਊਰੋ) : ਯੂਕਰੇਨ ਉੱਤੇ ਕ੍ਰੈਮਲਿਨ ਵੱਲੋਂ ਕੀਤੇ ਗਏ ਹਮਲੇ ਖਿਲਾਫ ਕੈਨੇਡੀਅਨ ਸਰਕਾਰ ਵੱਲੋਂ ਰੂਸ ਉੱਤੇ ਹੋਰ ਪਾਬੰਦੀਆਂ ਲਾਈਆਂ ਗਈਆਂ ਹਨ।

ਰੂਸ ਵੱਲੋਂ ਕੀਤਾ ਗਿਆ ਇਹ ਹਮਲਾ ਤੀਜੇ ਹਫਤੇ ਵਿੱਚ ਦਾਖਲ ਹੋ ਚੁੱਕਿਆ ਹੈ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 15 ਹੋਰ ਰੂਸੀ ਅਧਿਕਾਰੀਆਂ ਖਿਲਾਫ ਪਾਬੰਦੀਆਂ ਦਾ ਐਲਾਨ ਕੀਤਾ।ਇਹ ਐਲਾਨ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਮੰਗਲਵਾਰ ਨੂੰ ਕੈਨੇਡੀਅਨ ਪਾਰਲੀਆਮੈਂਟ ਨੂੰ ਵਰਚੂਅਲ ਤੌਰ ਉੱਤੇ ਸੰਬੋਧਨ ਕੀਤੇ ਜਾਣ ਤੋਂ ਠੀਕ ਪਹਿਲਾਂ ਕੀਤਾ ਗਿਆ।

ਟਰੂਡੋ ਨੇ ਆਖਿਆ ਕਿ ਜਦੋਂ ਤੁਸੀਂ ਯੂਕਰੇਨ ਤੇ ਯੂਕਰੇਨੀ ਲੋਕਾਂ ਲਈ ਲੜਦੇ ਹੋਂ ਤਾਂ ਤੁਸੀਂ ਆਪਣੀ ਆਜ਼ਾਦੀ, ਮਨੁੱਖੀ ਅਧਿਕਾਰਾਂ, ਨਿਆਂ, ਸੱਚ ਤੇ ਕੌਮਾਂਤਰੀ ਵਿਵਸਥਾ ਨੂੰ ਬਹਾਲ ਕਰਨ ਲਈ ਲੜਦੇ ਹੋਂ। ਇਸ ਤੋਂ ਇਲਾਵਾ ਤੁਸੀਂ ਦੁਨੀਆਂ ਭਰ ਦੇ ਜਮਹੂਰੀ ਮੁਲਕਾਂ ਤੇ ਜਮਹੂਰੀਅਤ ਪਸੰਦ ਆਗੂਆਂ ਲਈ ਪ੍ਰੇਰਣਾ ਸਰੋਤ ਵੀ ਬਣਦੇ ਹੋਂ।ਇਸ ਤਰ੍ਹਾਂ ਇੱਕਜੁੱਟ ਹੋ ਕੇ ਅਸੀਂ ਉਸ ਕਾਰਨ ਲਈ ਲੜਦੇ ਹਾਂ ਜਿਸ ਵਿੱਚ ਅਸੀਂ ਯਕੀਨ ਰੱਖਦੇ ਹਾਂ।ਉਨ੍ਹਾਂ ਆਖਿਆ ਕਿ ਤੁਸੀਂ ਸਾਨੂੰ ਇਹ ਚੇਤੇ ਕਰਵਾਇਆ ਹੈ ਕਿ ਦੋਸਤ ਹਮੇਸ਼ਾਂ ਇੱਕਜੁੱਟ ਰਹਿ ਕੇ ਹੀ ਮਜ਼ਬੂਤ ਹੁੰਦੇ ਹਨ। ਟਰੂਡੋ ਨੇ ਇਹ ਵੀ ਆਖਿਆ ਕਿ ਆਪਣੇ ਭਾਈਵਾਲਾਂ ਤੇ ਦੋਸਤਾਂ ਨਾਲ ਮਿਲ ਕੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਖ਼ਤ ਤੋਂ ਸਖ਼ਤ ਪਾਬੰਦੀਆਂ ਲਾ ਕੇ ਅਸੀਂ ਪੁਤਿਨ ਤੇ ਉਨ੍ਹਾਂ ਦੇ ਰੂਸੀ ਤੇ ਬੇਲਾਰੂਸ ਦੇ ਸਹਿਯੋਗੀਆਂ ਨੂੰ ਜਵਾਬਦੇਹ ਠਹਿਰਾ ਸਕੀਏ।

ਪ੍ਰਧਾਨ ਮੰਤਰੀ ਨੇ ਆਖਿਆ ਕਿ ਆਪਣੇ ਯੂਰਪੀਅਨ ਭਾਈਵਾਲਾਂ ਦੀ ਤਰਜ਼ ਉੱਤੇ ਅਸੀਂ ਵੀ 15 ਨਵੇਂ ਰੂਸੀ ਅਧਿਕਾਰੀਆਂ ਉੱਤੇ ਸਖ਼ਤ ਪਾਬੰਦੀਆਂ ਲਾਉਣ ਦਾ ਐਲਾਨ ਕਰ ਰਹੇ ਹਾਂ। ਇਨ੍ਹਾਂ ਵਿੱਚ ਸਰਕਾਰੀ ਤੇ ਫੌਜ ਦੇ ਆਲ੍ਹਾ ਅਧਿਕਾਰੀ ਵੀ ਸ਼ਾਮਲ ਹਨ।

## ਨਾਟੋ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਟਰੂਡੋ ਬਰੱਸਲਜ਼ ਜਾਣਗੇ

ਓਟਵਾ, 17 ਮਾਰਚ (ਪੋਸਟ ਬਿਊਰੋ) : ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਦੇ ਸਬੰਧ ਵਿੱਚ ਇਸ ਮਹੀਨੇ ਦੇ ਅੰਤ ਵਿੱਚ ਹੋਣ ਜਾ ਰਹੀ ਨਾਟੋ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬਰੱਸਲਜ਼ ਜਾਣਗੇ।
ਇਹ ਮੀਟਿੰਗ ਬੈਅਜੀਅਮ ਦੀ ਰਾਜਧਾਨੀ ਬਰੱਸਲਜ਼ ਵਿੱਚ 24 ਮਾਰਚ ਨੂੰ ਹੋਵੇਗੀ।

# ਟਰੂਡੋ, ਜੋਲੀ, ਆਨੰਦ ਸਮੇਤ ਸੈਂਕੜੇ ਕੈਨੇਡੀਅਨਜ਼ ਉੱਤੇ ਰੂਸ ਨੇ ਲਾਈ ਪਾਬੰਦੀ



ਓਟਵਾ, 17 ਮਾਰਚ (ਪੋਸਟ ਬਿਊਰੋ) : ਯੂਕਰੇਨ ਦੀ ਮਦਦ ਕਰਨ ਦੇ ਏਵਜ ਵਿੱਚ ਰੂਸ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਵਿਦੇਸ਼ ਮੰਤਰੀ ਮਿਲੇਨੀ ਜੋਲੀ ਤੇ ਰੱਖਿਆ ਮੰਤਰੀ ਅਨੀਤਾ ਆਨੰਦ ਦੇ ਨਾਲ ਨਾਲ ਸੈਂਕੜੇ ਹੋਰਨਾਂ ਕੈਨੇਡੀਅਨਜ਼ ਉੱਤੇ ਵੀ ਪਾਬੰਦੀ ਲਾ ਦਿੱਤੀ ਗਈ ਹੈ।

ਰੂਸ ਦੇ ਵਿਦੇਸ਼ ਮੰਤਰਾਲੇ ਦੀ ਵੈੱਬਸਾਈਟ ਉੱਤੇ ਪੋਸਟ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਕੈਨੇਡੀਅਨ ਪਾਰਲੀਆਮੈਂਟ ਦੇ ਕਈ ਮੈਂਬਰਾਂ ਤੇ ਅਹਿਮ ਅਹੁਦਿਆਂ ਉੱਤੇ ਤਾਇਨਾਤ ਹੋਰਨਾਂ ਕੈਨੇਡੀਅਨਜ਼ ਨੂੰ ਰਸ਼ੀਅਨ ਫੈਡਰੇਸ਼ਨ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਰੂਸ ਵੱਲੋਂ ਅਜਿਹਾ ਕੈਨੇਡਾ ਨਾਲ ਬਦਲਾ-ਲਊ ਕਾਰਵਾਈ ਤਹਿਤ ਕੀਤਾ ਗਿਆ ਹੈ।
ਰੂਸ ਦੇ ਵਿਦੇਸ਼ ਮੰਤਰਾਲੇ ਨੇ ਕੁੱਲ 313 ਕੈਨੇਡੀਅਨਜ਼ ਦੇ ਰੂਸ ਆਉਣ ਉੱਤੇ ਪਾਬੰਦੀ ਲਾਈ ਹੈ ਤੇ ਇਨ੍ਹਾਂ ਵਿੱਚ ਚੀਫ ਆਫ ਦ ਡਿਫੈਂਸ ਸਟਾਫ ਜਨਰਲ ਵੇਅਨ ਆਇਰ ਵੀ ਸ਼ਾਮਲ ਹਨ। ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਉੱਤੇ ਰੂਸ ਵੱਲੋਂ ਪਹਿਲਾਂ ਹੀ ਪਾਬੰਦੀ ਲਾਈ ਗਈ ਹੈ।

## ਜ਼ੈਲੈਂਸਕੀ ਨੇ ਮੁੜ ਯੂਕਰੇਨ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਕੀਤੀ ਪੁਰਜ਼ੋਰ ਮੰਗ



ਓਟਵਾ, 17 ਮਾਰਚ (ਪੋਸਟ ਬਿਊਰੋ) : ਮੰਗਲਵਾਰ ਨੂੰ ਕੈਨੇਡਾ ਦੀ ਪਾਰਲੀਆਮੈਂਟ ਨੂੰ ਸੰਬੋਧਨ ਕਰਦਿਆਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਸਿੱਧੇ ਤੌਰ ਉੱਤੇ ਕੈਨੇਡੀਅਨਜ਼ ਨੂੰ ਅਪੀਲ ਕੀਤੀ ਕਿ ਉਹ ਰੂਸ ਵੱਲੋਂ ਉਨ੍ਹਾਂ ਦੇ ਦੇਸ਼ ਉੱਤੇ ਕੀਤੇ ਜਾ ਰਹੇ ਹਮਲੇ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀ ਹੋਰ ਮਦਦ ਕਰਨ।
ਵਰਚੂਅਲ ਤੌਰ ਉੱਤੇ ਸੰਸਦ ਨੂੰ ਸੰਬੋਧਨ ਕਰਦਿਆਂ ਜ਼ੈਲੈਂਸਕੀ ਨੇ ਆਖਿਆ, "ਆਪਾਂ ਲੰਮੇਂ ਸਮੇਂ ਤੋਂ ਦੋਸਤ ਹਾਂ ਜਸਟਿਨ, ਪਰ ਤੁਹਾਨੂੰ ਸਾਰਿਆਂ ਨੂੰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਸਾਡੀ ਥਾਂ ਉੱਤੇ ਖੁਦ ਨੂੰ ਰੱਖ ਕੇ ਸੋਚੋਂਗੇ ਤਾਂ ਸਾਡੇ ਅਸਲੀ ਹਾਲਾਤ ਤੋਂ ਵਾਕਿਫ ਹੋ ਸਕੋਂਗੇ।"ਉਨ੍ਹਾਂ ਆਖਿਆ ਕਿ ਅਸੀਂ ਜਿਊਣਾ ਚਾਹੁੰਦੇ ਹਾਂ ਤੇ ਜਿੱਤਣਾ ਚਾਹੁੰਦੇ ਹਾਂ। ਭਾਸ਼ਣ ਦਿੰਦੇ ਸਮੇਂ ਜ਼ੈਲੈਂਸਕੀ ਥੋੜ੍ਹਾ ਭਾਵੁਕ ਵੀ ਹੋ ਗਏ। ਜ਼ੈਲੈਂਸਕੀ ਨੇ ਆਖਿਆ ਕਿ ਤੁਸੀਂ ਜਦੋਂ ਆਪਣੇ ਦੋਸਤਾਂ, ਭਾਈਵਾਲ ਮੁਲਕਾਂ ਨੂੰ ਫੋਨ ਕਰਦੇ ਹੋ ਤੇ ਇਹ ਆਖਦੇ ਹੋਂ ਕਿ ਕ੍ਰਿਪਾ ਕਰਕੇ ਆਸਮਾਨ ਬੰਦ ਕਰ ਦਿਓ, ਏਅਰਸਪੇਸ ਬੰਦ ਕਰ ਦਿਓ। ਉਨ੍ਹਾਂ ਆਖਿਆ ਕਿ ਸਾਡੇ ਸ਼ਹਿਰਾਂ ਉੱਤੇ ਹੋਰ ਕਿੰਨੇ ਬੰਬ ਡਿੱਗਣੇ ਬਾਕੀ ਹਨ? ਉਨ੍ਹਾਂ ਅੱਗੇ ਆਖਿਆ ਕਿ ਇਸ ਸੱਭ ਦੇ ਬਾਵਜੂਦ ਤੁਹਾਡੇ ਦੋਸਤ ਸਥਿਤੀ ਉੱਤੇ ਚਿੰਤਾ ਪ੍ਰਗਟਾਅ ਛੱਡਦੇ ਹਨ। ਜ਼ਿਕਰਯੋਗ ਹੈ ਕਿ ਜ਼ੈਲੈਂਸਕੀ ਲੰਮੇਂ ਸਮੇਂ ਤੋਂ ਯੂਕਰੇਨ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਮੰਗ ਕਰ ਰਹੇ ਹਨ। ਆਪਣੇ 20 ਮਿੰਟ ਦੇ ਭਾਸ਼ਣ ਵਿੱਚ ਜ਼ੈਲੈਂਸਕੀ ਨੇ ਕੈਨੇਡਾ ਨੂੰ ਅਪੀਲ ਕੀਤੀ ਕਿ ਉਹ ਮਿਲਟਰੀ ਤੇ ਮਾਨਵਤਾਵਾਦੀ ਮਦਦ ਜਾਰੀ ਰੱਖੇ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਉਹ ਸ਼ਕਤੀਸ਼ਾਲੀ ਤੇ ਰਸੂਖਦਾਰ ਰੂਸੀ ਸ਼ਖਸੀਅਤਾਂ ਉੱਤੇ ਵੀ ਹੋਰ ਪਾਬੰਦੀਆਂ ਲਾਉਣ ਤਾਂ ਕਿ ਉਹ ਜੰਗ ਦੀਆਂ ਰੂਸ ਦੀਆਂ ਕੋਸ਼ਿਸ਼ਾਂ ਨੂੰ ਫੰਡ ਨਾ ਦੇ ਸਕਣ।

## ਲਾਪਤਾ ਬੱਚੀ ਦੀ ਲਾਸ਼ ਮਿਲੀ



ਓਨਟਾਰੀਓ, 17 ਮਾਰਚ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਮਿਸ਼ੇਲ, ਓਨਟਾਰੀਓ ਨੇੜੇ ਬਰਫ ਵਿੱਚੋਂ ਹੇਠਾਂ ਵਗੀ 10 ਸਾਲਾ ਬੱਚੀ ਦੀ ਲਾਸ਼ ਬਰਾਮਦ ਕਰ ਲਈ ਗਈ ਹੈ।

ਮੰਗਲਵਾਰ ਨੂੰ ਪੁਲਿਸ ਨੇ ਐਲਾਨ ਕੀਤਾ ਕਿ ਵੈਸਟ ਪਰਥ ਦੀ ਤਾਲਿਆ ਪੈਰਿਸ ਦੀ ਲਾਸ਼ ਸੋਮਵਾਰ ਨੂੰ ਮਿਲ ਗਈ ਸੀ। ਪੁਲਿਸ ਨੇ ਆਖਿਆ ਕਿ ਉਸ ਦੀ ਮੌਤ ਨੂੰ ਸ਼ੱਕੀ ਨਹੀਂ ਮੰਨਿਆ ਜਾ ਰਿਹਾ।ਤਾਲਿਆ ਦੇ ਲਾਪਤਾ ਹੋਣ ਦੀ ਖਬਰ 6 ਮਾਰਚ ਨੂੰ ਲਿਖਵਾਈ ਗਈ ਸੀ। ਉਸ ਨੂੰ ਆਖਰੀ ਵਾਰੀ ਮਿਸ਼ੇਲ ਦੇ ਬਾਹਰ ਰਿਵਰ ਦੇ ਨੇੜੇ ਵੇਖਿਆ ਗਿਆ ਸੀ।

ਸੋਮਵਾਰ ਨੂੰ ਉਸ ਦੀ ਭਾਲ ਦਾ ਨੌਂਵਾਂ ਦਿਨ ਸੀ ਤੇ ਫਾਇਰਫਾਈਟਰਜ਼ ਤੇ ਪ੍ਰੋਵਿੰਸ਼ੀਅਲ ਪੁਲਿਸ ਨੇ ਆਪਣਾ ਸਾਰਾ ਧਿਆਨ ਮਿਸ਼ੇਲ ਤੋਂ ਪੂਰਬ ਵੱਲ ਪਰਥ ਰੋਡ 155 ਤੇ ਰੋਡ 160 ਦਰਮਿਆਨ ਪਾਣੀਆਂ ਉੱਤੇ ਲਾਇਆ। ਵੀਕੈਂਡ ਉੱਤੇ ਸਾਰੀਆਂ ਕੋਸ਼ਿਸ਼ਾਂ ਇੱਥੋਂ 25 ਕਿਲੋਮੀਟਰ ਦੀ ਦੂਰੀ ਉੱਤੇ ਥੇਮਜ਼ ਰਿਵਰ ਤੋਂ ਹੇਠਾਂ ਵੱਲ ਸੇਂਟ ਮੈਰੀਜ਼ ਵੱਲ ਕੀਤੀਆਂ ਗਈਆਂ।

## ਓਨਟਾਰੀਓ ਦੇ ਪਲਾਂਟ ਨੂੰ ਅਪਗ੍ਰੇਡ ਕਰੇਗੀ ਹੌਂਡਾ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਵੀ ਕਰਨਗੀਆਂ ਨਿਵੇਸ਼



ਐਲਿਸਟਨ, ਓਨਟਾਰੀਓ, 17 ਮਾਰਚ (ਪੋਸਟ ਬਿਊਰੋ) : ਹੌਂਡਾ ਕੈਨੇਡਾ ਇਨਕਾਰਪੋਰੇਸ਼ਨ ਦੀ ਇੱਕ ਡਵੀਜ਼ਨ ਵੱਲੋਂ ਬੁੱਧਵਾਰ ਨੂੰ ਅਗਲੇ ਛੇ ਸਾਲਾਂ ਵਿੱਚ 1.38 ਬਿਲੀਅਨ ਡਾਲਰ ਖਰਚਣ ਦਾ ਐਲਾਨ ਕੀਤਾ ਜਾਵੇਗਾ। ਇਹ ਰਕਮ ਇਲੈਕਟ੍ਰਿਕ ਹਾਈਬ੍ਰਿਡ ਵ੍ਹੀਕਲਜ਼ ਤਿਆਰ ਕਰਨ ਲਈ ਓਨਟਾਰੀਓ ਦੇ ਇੱਕ ਮੈਨੂਫੈਕਚਰਿੰਗ ਪਲਾਂਟ ਉੱਤੇ ਖਰਚ ਕੀਤੀ ਜਾਵੇਗੀ। ਇਸ ਨਿਵੇਸ਼ ਵਿੱਚ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਦੀ ਵੱਡੀ ਹਿੱਸੇਦਾਰੀ ਹੋਵੇਗੀ।

ਹੌਂਡਾ ਕੈਨੇਡਾ ਦੇ ਬੁਲਾਰੇ ਜੌਹਨ ਬਰਡਿਗਨੌਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ 2023 ਸੀਆਰ-ਵੀ ਤੇ ਸੀਆਰ-ਵੀ ਹਾਈਬ੍ਰਿਡ ਕਾਰਾਂ ਕੰਪਨੀ ਦੀ ਐਲਿਸਟਨ, ਓਨਟਾਰੀਓ ਪਲਾਂਟ ਵਿੱਚ ਤਿਆਰ ਕੀਤੀਆਂ ਜਾਣਗੀਆਂ।ਇਸ ਰਲੀਜ਼ ਵਿੱਚ ਆਖਿਆ ਗਿਆ ਹੈ ਕਿ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ 263 ਮਿਲੀਅਨ ਡਾਲਰ ਵਿੱਚੋਂ 131.6 ਮਿਲੀਅਨ ਡਾਲਰ (ਸਰਕਾਰਾਂ ਦੇ ਦੋਵੇਂ ਪੱਧਰ ਏਨੀ-ਏਨੀ ਹੀ ਰਕਮ) ਦਾ ਨਿਵੇਸ਼ ਕਰਨਗੇ। ਇਸ ਨਿਵੇਸ਼ ਦੀ ਪੁਸ਼ਟੀ ਸਰਕਾਰੀ ਸੂਤਰ ਵੱਲੋਂ ਕੀਤੀ ਗਈ।

ਇਸ ਨਾਲ 1986 ਤੋਂ ਹੁਣ ਤੱਕ ਹੌਂਡਾ ਵੱਲੋਂ 6 ਬਿਲੀਅਨ ਡਾਲਰ ਤੋਂ ਵੱਧ ਦਾ ਕੈਨੇਡੀਅਨ ਮੈਨੂਫੈਕਚਰਿੰਗ ਨਿਵੇਸ਼ ਹੋ ਜਾਵੇਗਾ।ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਸ ਐਲਾਨ ਸਮੇਂ ਸ਼ਮੂਲੀਅਤ ਕੀਤੇ ਜਾਣ ਦੀ ਸੰਭਾਵਨਾ ਹੈ।

## ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਚਾਰੈਸਟ ਆਏ ਕੋਵਿਡ ਪਾਜ਼ੀਟਿਵ




ਓਟਵਾ, 17 ਮਾਰਚ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਆਗੂ ਜੀਨ ਚਾਰੈਸਟ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੈ।

ਇਹ ਜਾਣਕਾਰੀ ਚਾਰੈਸਟ ਨੇ ਸੋਮਵਾਰ ਨੂੰ ਟਵਿੱਟਰ ਉੱਤੇ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਕੋਵਿਡ-19 ਦੇ ਮਾਮੂਲੀ ਲੱਛਣ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਤਨੀ ਮਿਸ਼ੇਲ ਨੈਗੇਟਿਵ ਆਈ ਹੈ। ਉਨ੍ਹਾਂ ਅੱਗੇ ਆਖਿਆ ਕਿ ਉਹ ਅਗਲੇ ਕੁੱਝ ਦਿਨਾਂ ਤੱਕ ਘਰ ਤੋਂ ਹੀ ਆਪਣੀ ਕੈਂਪੇਨ ਚਲਾਉਣਗੇ। ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਤੱਕ ਉਹ ਨੈਗੇਟਿਵ ਨਹੀਂ ਆ ਜਾਂਦੇ ਉਦੋਂ ਤੱਕ ਉਹ ਪਬਲਿਕ ਹੈਲਥ ਗਾਈਡਲਾਈਨਜ਼ ਦੀ ਪਾਲਣਾ ਕਰਦੇ ਰਹਿਣਗੇ।

ਆਪਣੀ ਪੋਸਟ ਵਿੱਚ ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਨੇੜਲੇ ਸੰਪਰਕ ਵਿੱਚ ਆਉਣ ਵਾਲੇ ਲੋਕ ਵੀ ਅਹਿਤਿਆਤ ਤੋਂ ਕੰਮ ਲੈਣ ਤੇ ਜਿਨ੍ਹਾਂ ਨੂੰ ਆਪਣੀ ਸਿਹਤ ਠੀਕ ਨਹੀਂ ਲੱਗਦੀ ਉਹ ਲੋਕਲ ਪਬਲਿਕ ਹੈਲਥ ਗਾਈਡਲਾਈਨਜ਼ ਦੀ ਪਾਲਣਾ ਕਰਨ।

# ਵੈਨ ਤੇ ਟਰੈਕਟਰ ਟਰੇਲਰ ਦੀ ਟੱਕਰ ਵਿੱਚ ਪੰਜਾਬੀ ਮੂਲ ਦੇ 5 ਵਿਦਿਆਰਥੀ ਹਲਾਕ



ਕੁਇੰਟ ਵੈਸਟ, ਓਨਟਾਰੀਓ, 17 ਮਾਰਚ (ਪੋਸਟ ਬਿਊਰੋ) : ਪੁਲਿਸ ਨੇ ਦੱਸਿਆ ਕਿ ਕੁਇੰਟ ਵੈਸਟ, ਓਨਟਾਰੀਓ ਵਿੱਚ ਹਾਈਵੇਅ 401 ਉੱਤੇ ਵੈਨ ਤੇ ਟਰੇਲਰ ਦਰਮਿਆਨ ਹੋਏ ਹਾਦਸੇ ਵਿੱਚ ਮਾਰੇ ਗਏ ਪੰਜ ਵਿਅਕਤੀਆਂ ਦੀ ਪਛਾਣ ਭਾਰਤੀ ਮੂਲ ਦੇ ਵਿਦਿਆਰਥੀਆਂ ਵਜੋਂ ਹੋਈ ਹੈ।

ਬੀਤੇ ਦਿਨੀਂ ਕੁਇੰਟ ਪੋਸਟ ਓਪੀਪੀ ਨੇ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਸ਼ਨਿੱਚਰਵਾਰ ਨੂੰ ਹੋਏ ਇਸ ਹਾਦਸੇ ਵਿੱਚ ਹਰਪ੍ਰੀਤ ਸਿੰਘ, ਜਸਪਿੰਦਰ ਸਿੰਘ, ਕਰਨਪਾਲ ਸਿੰਘ, ਮੋਹਿਤ ਚੌਹਾਨ ਤੇ ਪਵਨ ਕੁਮਾਰ ਦੀ ਮੌਕੇ ਉੱਤੇ ਹੀ ਮੌਤ ਹੋ ਗਈ।ਮ੍ਰਿਤਕਾਂ ਦੀ ਉਮਰ 21 ਤੋਂ 24 ਸਾਲ ਦਰਮਿਆਨ ਦੱਸੀ ਜਾਂਦੀ ਹੈ।ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਇਹ ਸਾਰੇ ਗ੍ਰੇਟਰ ਟੋਰਾਂਟੋ ਤੇ ਮਾਂਟਰੀਅਲ ਏਰੀਆ ਦੇ ਵਿਦਿਆਰਥੀ ਸਨ।


ਇਹ ਸਾਰੇ ਪਸੈਂਜਰ ਵੈਨ ਵਿੱਚ ਹਾਈਵੇਅ 401 ਉੱਤੇ ਸ਼ਨਿੱਚਰਵਾਰ ਨੂੰ ਟਰੈਵਲ ਕਰ ਰਹੇ ਸਨ ਜਦੋਂ ਸ਼ਨਿੱਚਰਵਾਰ ਸਵੇਰੇ 3:45 ਉੱਤੇ ਉਨ੍ਹਾਂ ਦੀ ਵੈਨ ਦੀ ਟੱਕਰ ਇੱਕ ਟਰੈਕਟਰ ਟਰੇਲਰ ਨਾਲ ਹੋ ਗਈ। ਪੁਲਿਸ ਨੇ ਦੱਸਿਆ ਕਿ ਦੋ ਹੋਰ ਪਸੈਂਜਰਜ਼ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ ਪਰ ਉਨ੍ਹਾਂ ਦੀ ਸਥਿਤੀ ਬਾਰੇ ਕੋਈ ਅਪਡੇਟ ਹਾਸਲ ਨਹੀਂ ਹੋ ਸਕੀ। ਹਾਦਸੇ ਦੀ ਜਾਂਚ ਚੱਲ ਰਹੀ ਹੈ ਤੇ ਅਜੇ ਤੱਕ ਕਿਸੇ ਖਿਲਾਫ ਕੋਈ ਚਾਰਜਿਜ਼ ਨਹੀਂ ਲਾਏ ਗਏ।

# ਬਿਹਾਰ ਦੀਆਂ ਦੋ ਕੁੜੀਆਂ ਸਪਾਈਡਰ ਗਰਲਸ ਵਾਂਗ ਬਿਨਾਂ ਸਹਾਰੇ ਤੋਂ ਕੰਧਾਂ ਉੱਤੇ ਚੜ੍ਹ ਜਾਂਦੀਆਂ ਨੇ

ਪਟਨਾ, 17 ਮਾਰਚ (ਪੋਸਟ ਬਿਊਰੋ)- ਬਿਹਾਰ ਦੀਆਂ ਦੋ ਬੇਟੀਆਂ 'ਸਪਾਈਡਰ ਗਰਲਸ ਬਣ ਗਈਆਂ ਹਨ। ਉਹ ਬਿਨਾਂ ਕਿਸੇ ਸਹਾਰੇ ਦੇ 12 ਫੁੱਟ ਦੀਆਂ ਕੰਧਾਂ ਉੱਤੇ ਚੜ੍ਹਨ ਨਾਲ ਸੋਸ਼ਲ ਮੀਡੀਆ ਉੱਤੇ ਧੁੰਮ ਪਾ ਰਹੀਆਂ ਹਨ।

ਪਟਨਾ ਦੀ ਰਹਿਣ ਵਾਲੀ 11 ਸਾਲ ਦੀ ਅਕਸ਼ਿਤਾ ਗੁਪਤਾਬਿਨਾਂ ਕਿਸੇ ਟ੍ਰੇਨਿੰਗ ਦੇ'ਸਪਾਈਡਰ ਮੈਨ' ਵਾਂਗ ਕੰਧਾਂ ਉੱਤੇ ਚੜਦੀ ਹੈ। ਅੱਗੋਂ ਅਕਸ਼ਿਤਾ ਦੇ ਨਾਲ ਉਸ ਦੀ 7 ਸਾਲ ਦੀ ਭੈਣ ਕ੍ਰਪਿਤਾ ਨੇ ਇਸ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਹੈ।ਅਕਸ਼ਿਤਾ ਅਤੇ ਕ੍ਰਪਿਤਾ ਨੇ ਕੱਲ੍ਹ ਦਾਅਵਾ ਕੀਤਾ ਕਿ ਉਹ ਸੰਗਮਰਮਰ ਦੀ ਚਿਕਨੀ ਗ੍ਰੇਨਾਈਟ ਦੀ ਕੰਧ ਉੱਤੇ ਬਿਨਾਂ ਕਿਸੇ ਸਹਾਰੇ ਦੇ ਆਸਾਨੀ ਨਾਲ ਆਪਣੇ ਪੈਰਾਂ ਨਾਲ ਚੜ੍ਹ ਸਕਦੀਆਂ ਹਨ। ਵਰਚੁਅਲ ਪ੍ਰਦਰਸ਼ਨ ਵਿੱਚ ਦੋਵੇਂ ਭੈਣਾਂ ਬਿਨਾਂ ਕਿਸੇ ਸਹਾਰੇ ਦੇ 12 ਫੁੱਟ ਤਕ ਖੰਭੇ ਉੱਤੇ ਚੜ੍ਹ ਗਈਆਂ। ਅਕਸ਼ਿਤਾ ਨੇ ਕਿਹਾ ਕਿ ਜਦੋਂ ਮੇਰੇ ਮਾਤਾ-ਪਿਤਾ ਕੰਮ ਲਈ ਬਾਹਰ ਜਾਂਦੇ ਤਾਂ ਮੈਨੂੰ ਕੰਧਾਂ ਉੱਤੇ ਚੜ੍ਹਨ ਦੀ ਇੱਛਾ ਹੁੰਦੀ ਸੀ। ਅਭਿਆਸ ਦੇ ਨਾਲ ਮੈਂ ਕੰਧਾਂ ਉੱਤੇ ਤੇਜ਼ੀ ਨਾਲ ਚੱਲਣਾ ਸ਼ੁਰੂ ਕਰ ਦਿੱਤਾ। ਉਸ ਨੇ ਕਿਹਾ ਕਿ ਜਦੋਂ ਮੇਰੇ ਮਾਤਾ ਪਿਤਾ ਨੇ ਦੇਖਿਆ ਤਾਂ ਹੈਰਾਨ ਰਹਿ ਗਏ। ਸਭ ਤੋਂ ਪਹਿਲਾਂ ਮੇਰੀ ਮਾਂ ਨੇ ਮੈਨੂੰ ਅਜਿਹਾ ਕਰਨ ਲਈ ਮਨਾ ਕੀਤਾ ਅਤੇ ਕਿਹਾ ਕਿ ਇਹ ਬਹੁਤ ਜੋਖਿਮ ਭਰਿਆ ਹੈ, ਪਰ ਮੈਂ ਇਸ ਨੂੰ ਜਾਰੀ ਰੱਖਿਆ। ਉਮੀਦ ਹੈ ਕਿ ਛੇਤੀ ਹੀ ਹਿਮਾਲਿਆ ਦੀਆਂ ਚੋਟੀਆਂ ਉੱਤੇ ਚੜ੍ਹਨ ਦਾ ਮੌਕਾ ਮਿਲੇਗਾ। ਕ੍ਰਪਿਤਾ ਨੇ ਦੱਸਿਆ ਕਿ ਉਸ ਨੇ ਆਪਣੀ ਵੱਡੀ ਭੈਣ ਅਕਸ਼ਿਤਾ ਨੂੰ ਦੇਖ ਕੇ ਹੀ ਖੰਭੇ ਉੱਤੇ ਚੜ੍ਹਨਾ ਸਿੱਖਿਆ।








# ਪੰਜਾਬ ਵਿੱਚ ਸਰਕਾਰ ਬਣਾ ਕੇ ਮਾਨ ਨੇ ਦੇਸ਼ ਦੀ ਰਾਜਨੀਤੀ ਵਿੱਚ ਨਵਾਂ ਇਤਿਹਾਸ ਰਚਿਆ



*** ਭਗਵੰਤ ਮਾਨ ਦੇ ਧੀ ਤੇ ਪੁੱਤਰ ਨੇ ਕਿਹਾ: ਸਾਨੂੰ ਆਪਣੇ ਪਿਤਾ ਉੱਤੇ ਮਾਣ ਹੈ**

*** ਮੋਦੀ ਵੱਲੋਂ ਭਗਵੰਤ ਮਾਨ ਨੂੰ ਵਧਾਈ, ਮਿਲ ਕੇ ਕੰਮ ਕਰਨ ਦੀ ਗੱਲ ਕਹੀ**

ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਅੱਜ ਤੱਕ ਸਿਰਫ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਰਾਜ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਨੇ ਅੱਜ ਬੁੱਧਵਾਰ ਜਦੋਂ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਤਾਂ ਭਾਰਤ ਦੀ ਰਾਜਨੀਤੀਦਾਨਵਾਂ ਇਤਿਹਾਸ ਰਚ ਦਿੱਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇਸ਼ ਦੀ ਤੀਜੀ ਅਜਿਹੀ ਪਾਰਟੀ ਬਣ ਗਈ ਹੈ, ਜਿਸ ਦੀ ਇੱਕ ਤੋਂ ਵੱਧ ਰਾਜਾਂ ਵਿੱਚ ਸਰਕਾਰ ਹੈ।ਅਜੇ ਤਕ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੋ ਅਜਿਹੀਆਂ ਸਿਆਸੀ ਪਾਰਟੀਆਂ ਸਨ, ਜਿਨ੍ਹਾਂ ਦੀਆਂ ਇਕ ਤੋਂ ਵੱਧ ਰਾਜਾਂ ਵਿੱਚ ਸਰਕਾਰਾਂ ਸਨ।

ਪੰਜਾਬ ਵਿੱਚਆਮ ਆਦਮੀ ਪਾਰਟੀਦੀ ਸਰਕਾਰ ਦੇ ਸਹੁੰ-ਚੁੱਕਸਮਾਗਮ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਦਿੱਲੀ ਦੇ ਸਾਰੇ ਮੰਤਰੀਆਂ, ਰਾਜ ਸਭਾ ਮੈਂਬਰਾਂ ਤੇ ਵਿਧਾਇਕਾਂ ਨੂੰ ਸੱਦਾ ਦਿੱਤਾ ਗਿਆ ਸੀ। ਇੱਕ ਦਹਾਕਾ ਪੁਰਾਣੀ ਆਮ ਆਦਮੀ ਪਾਰਟੀ ਦਿੱਲੀਵਿੱਚ ਲਗਾਤਾਰ ਤਿੰਨ ਵਾਰਵਿਧਾਨ ਸਭਾ ਚੋਣਾਂ ਜਿੱਤ ਕੇ ਪਹਿਲਾਂ ਇੱਕ ਇਤਿਹਾਸ ਰਚ ਚੁੱਕੀ ਹੈ। ਹੈਰਾਨੀ ਦੀ ਗੱਲ ਹੈ ਕਿ ਆਮ ਆਦਮੀ ਪਾਰਟੀ ਦੇ ਬਹੁਤੇ ਆਗੂ ਤੇ ਵਰਕਰ ਕਿਸੇ ਵੀ ਸਿਆਸੀ ਪਿਛੋਕੜ ਨਾਲ ਸਬੰਧਤ ਨਹੀਂ ਹਨ।

ਆਮ ਆਦਮੀ ਪਾਰਟੀ ਦੇ ਆਗੂ ਅਤੇ ਪੰਜਾਬ ਦੇ ਹਲਕਾ ਧੂਰੀ ਤੋਂ ਵਿਧਾਇਕ ਭਗਵੰਤ ਮਾਨ ਨੇ ਅੱਜ ਜਦੋਂ ਮੁੱਖ ਮੰਤਰੀ ਦੇ ਅਹੁਦੇ ਵਜੋਂ ਸਹੁੰ ਚੁੱਕ ਲਈ ਤਾਂ ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਟਵੀਟ ਕਰ ਕੇ ਵਧਾਈ ਦਿੱਤੀ।ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕਰ ਕੇ ਕਿਹਾ, ''ਪੰਜਾਬ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਉੱਤੇ ਭਗਵੰਤ ਮਾਨ ਨੂੰ ਵਧਾਈ। ਪੰਜਾਬ ਦੇ ਵਿਕਾਸ ਅਤੇ ਸੂਬੇ ਦੇ ਲੋਕਾਂ ਦੇ ਭਲੇ ਲਈ ਮਿਲ ਕੇ ਕੰਮ ਕਰਾਂਗੇ।'

ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ ਵਿੱਚ ਅੱਜ ਭਗਵੰਤ ਮਾਨ ਦੇ ਧੀ ਸੀਰਤ ਅਤੇ ਪੁੱਤਰ ਦਿਲਸ਼ਾਨ ਮਾਨ ਏਥੇ ਉਚੇਚੇ ਪਹੁੰਚੇ ਹੋਏ ਸਨ। ਉਨ੍ਹਾਂ ਦੋਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਪਿਤਾ ਉੱਤੇ ਮਾਣ ਹੈ। ਭਗਵੰਤ ਮਾਨ ਦੇ ਧੀ-ਪੁੱਤਰ ਆਪਣੀ ਮਾਂ ਨਾਲ ਅਮਰੀਕਾ ਰਹਿੰਦੇ ਹਨ ਤੇ ਉਹ ਆਪਣੇ ਪਿਤਾ ਦੇ ਸਹੁੰ ਚੁੱਕ ਸਮਾਗਮ ਲਈ ਓਥੋਂ ਉਚੇਚੇ ਆਏ ਸਨ। ਭਗਵੰਤ ਮਾਨ ਤੇ ਉਨ੍ਹਾਂ ਦੀ ਪਤਨੀ ਇੰਦਰਪ੍ਰੀਤ ਕੌਰ 2015 ਵਿੱਚ ਵੱਖ ਹੋ ਗਏ ਸਨ ਅਤੇ ਤਲਾਕ ਲੈਣ ਲਈ ਅਰਜ਼ੀ ਵੀ ਇਕੱਠਿਆਂ ਅਦਾਲਤ ਵਿੱਚ ਜਾ ਕੇ ਦਿੱਤੀ ਸੀ। ਇਸ ਤੋਂ ਬਾਅਦ ਦੋਵੇਂ ਬੱਚੇ ਇੰਦਰਪ੍ਰੀਤ ਨਾਲ ਅਮਰੀਕਾ ਰਹਿ ਰਹੇ ਸਨ। ਸਾਲ 2014 ਵਿੱਚ ਭਗਵੰਤ ਮਾਨ ਲਈ ਲੋਕ ਸਭਾ ਚੋਣਾਂ ਵਿੱਚ ਇੰਦਰਪ੍ਰੀਤ ਕੌਰ ਨੇ ਸਾਥ ਦਿੱਤਾ ਤੇ ਸੰਗਰੂਰ ਵਿੱਚ ਪੂਰੇ ਜ਼ੋਰ ਸ਼ੋਰ ਨਾਲ ਚੋਣ ਪ੍ਰਚਾਰ ਕੀਤਾ ਸੀ। ਖ਼ਬਰ ਮੁਤਾ-ਬਕ ਇੰਦਰਪ੍ਰੀਤ ਨੇ ਕਿਹਾ ਕਿ ਬੱਚੇ ਬਹੁਤ ਖੁਸ਼ ਹਨ ਤੇ ਉਨ੍ਹਾਂ ਇਹ ਵੀ ਕਿਹਾ ਕਿ ਭਗਵੰਤ ਮਾਨ ਹਮੇਸ਼ਾ ਉਨ੍ਹਾਂ ਦੀ ਅਰਦਾਸ ਵਿੱਚ ਸ਼ਾਮਲ ਸਨ। ਅੱਜ ਦੇ ਸਹੁੰ ਚੁੱਕ ਸਮਾਗਮ ਵਿੱਚ ਭਗਵੰਤ ਮਾਨ ਦੀ ਮਾਤਾ ਹਰਪਾਲ ਕੌਰ ਅਤੇ ਭੈਣ ਮਨਪ੍ਰੀਤ ਕੌਰ ਵੀ ਉਚੇਚਾ ਸ਼ਾਮਲ ਹੋਈਆਂ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਅਤੇ ਧੀ ਵੀ ਇਸ ਸਮਾਗਮ ਵਿੱਚ ਉਚੇਚਾ ਪਹੁੰਚੀਆਂ।

# ਨਵਜੋਤ ਸਿੱਧੂ ਵੱਲੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ

*** ਸੂਬਾ ਇੰਚਾਰਜ ਹਰੀਸ਼ ਚੌਧਰੀ ਉੱਤੇ ਟਿਕਟਾਂ ਵੇਚਣ ਦੇ ਦੋਸ਼ ਲੱਗੇ**

ਨਵੀਂ ਦਿੱਲੀ, 17 ਮਾਰਚ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ ਨੇ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।ਵਰਨਣ ਯੋਗ ਹੈ ਕਿ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੇ ਪੰਜਾਬ ਸਮੇਤ ਪੰਜ ਰਾਜਾਂ ਦੇ ਕਾਂਗਰਸ ਪ੍ਰਧਾਨਾਂ ਤੋਂ ਅਸਤੀਫਾ ਮੰਗਿਆ ਸੀ, ਜਿੱਥੇ ਤਾਜ਼ਾ ਚੋਣਾਂ ਵਿੱਚ ਕਾਂਗਰਸਨੂੰ ਸ਼ਰਮਨਾਕ ਹਾਰ ਹੋਈ ਸੀ। ਇਸ ਹਦਾਇਤ ਦੇ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅਸਤੀਫ਼ਾ ਦੇ ਦਿੱਤਾ ਹੈ।

ਦੂਸਰੇ ਪਾਸੇ ਪੰਜਾਬ ਦੇ ਕਾਂਗਰਸੀ ਆਗੂਆਂ ਨੇ ਪ੍ਰਧਾਨਗੀ ਸੰਭਾਲਣ ਲਈ ਕਮਰ ਕੱਸ ਲਈ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਹਾਈਕਮਾਨ ਨੂੰ ਕਹਿਚੁੱਕੇ ਹਨ ਕਿ ਪੰਜਾਬ ਦੀ ਪ੍ਰਧਾਨਗੀ ਬਾਰੇ ਫ਼ੈਸਲਾ ਛੇਤੀਲਵੋ।ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਬਲਬੀਰ ਸਿੰਘ ਸਿੱਧੂ ਆਦਿ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂਵਿਰੁੱਧ ਮੋਰਚਾ ਖੋਲ੍ਹਿਆ ਸੀ।ਇਸ ਹਾਲ ਵਿੱਚ ਨਵਜੋਤ ਸਿੱਧੂ ਦੇ ਸਿਆਸੀ ਭਵਿੱਖ ਉੱਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਕਾਂਗਰਸ ਹਾਈਕਮਾਨ ਨੇ ਬਹੁਤ ਉਮੀਦਾਂ ਨਾਲ ਨਵਜੋਤ ਸਿੰਘਸਿੱਧੂ ਨੂੰ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਦੀ ਕਮਾਨ ਸੌਂਪੀ ਸੀ, ਪਰ ਉਸ ਨੇ ਚੋਣਾਂ ਦੌਰਾਨ ਜਿੰਦਾਂ ਦਾ ਵਿਹਾਰ ਕੀਤਾ, ਇਸ ਨਾਲ ਪਾਰਟੀ ਦੀ ਸਥਿਤੀ ਹਾਸੋਹੀਣੀ ਹੋ ਗਈ ਸੀ।

ਪੰਜਾਬ ਵਿਧਾਨ ਸਭਾ ਚੋਣਾਂਵਿੱਚ ਕਾਂਗਰਸ ਦੀ ਵੱਡੀ ਹਾਰ ਬਾਰੇ ਕਾਂਗਰਸ ਵਿੱਚ ਪਿਆ ਧਮੱਚੜ ਪਾਰਟੀ ਹਾਈਕਮਾਂਡ ਦੇ ਤੱਕ ਜਾ ਪੁੱਜਾ ਹੈ।ਅੱਜ ਪਾਰਟੀ ਦੇ ਪੰਜਾਬ ਵਾਲੇ ਪਾਰਲੀਮੈਂਟ ਮੈਂਬਰਾਂ ਨੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨਾਲ ਮੀਟਿੰਗ ਦੌਰਾਨ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਹੋਈ ਫੇਰਬਦਲ ਨੂੰ ਹਾਰ ਦਾ ਇੱਕ ਕਾਰਨ ਦੱਸਿਆ, ਪਰ ਟਿਕਟਾਂ ਦੀ ਵੰਡ ਵਿੱਚ ਗੜਬੜ ਦਾ ਮੁੱਦਾ ਚੁੱਕਿਆ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਉੱਤੇ ਟਿਕਟਾਂ ਦੇਣਵਿੱਚ ਪੈਸੇ ਦੀ ਖੇਡ ਦਾ ਦੋਸ਼ ਲਾਇਆ ਤੇ ਸਕਰੀਨਿੰਗ ਕਮੇਟੀ ਦੇ ਪ੍ਰਧਾਨ ਅਜੇ ਮਾਕਨ ਉੱਤੇ ਵੀ ਕੁਝ ਮੈਂਬਰਾਂ ਨੇ ਸਵਾਲ ਚੁੱਕੇ।ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਾਰਲੀਮੈਂਟ ਭਵਨ ਕੰਪਲੈਕਸਦੇ ਆਪਣੇ ਦਫਤਰ ਵਿੱਚ ਪੰਜਾਬ ਦੇ ਪਾਰਲੀਮੈਂਟ ਮੈਂਬਰਾਂ ਨਾਲ ਮੀਟਿੰਗ ਕੀਤੀ ਤਾਂਇਨ੍ਹਾਂ ਮੈਂਬਰਾਂ ਨੇ ਹਾਰ ਉੱਤੇ ਨਿਰਾਸ਼ਾ ਜ਼ਾਹਰ ਕਰਦੇ ਹੋਏ ਕਾਂਗਰਸ ਦੀ ਚੋਣ ਰਣਨੀਤੀ ਤੇ ਪ੍ਰਬੰਧਕੀ ਖਾਮੀਆਂ ਗਿਣਾਈਆਂ। ਪੰਜ ਰਾਜਾਂਵਿੱਚ ਹਾਰ ਪਿੱਛੋਂ ਸੋਨੀਆ ਗਾਂਧੀ ਨੇ ਸੰਗਠਨ ਦੀਆਂ ਕਮੀਆਂ ਦੂਰ ਕਰਨ ਤੇ ਬਦਲਾਅ ਲਿਆਉਣ ਦੇ ਯਤਨਾਂ ਵਜੋਂ ਪੰਜਾਬ ਦੇ ਕਾਂਗਰਸੀ ਐੱਮ ਪੀਜ਼ ਨਾਲ ਕਰੀਬ ਡੇਢ ਘੰਟਾ ਚਰਚਾ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਢਿੱਲੋਂ
647-391-3365

## ਲੜਕੀ ਦੀ ਲੋੜ

Looking for a Suitable match for Khatri Pu[illegible]
36 yrs old 5,6.Boy have multiple Visitor V[illegible]
Divorced after a Short Marriage no issue .Boy is in
Canada right now. Sister Well Settled in Toronto. No
Caste bar, looking for Canadian P.R. or Citizen
Contact on 6473004877
Email :› komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ [illegible] ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ [illegible] ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। [illegible] ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਨਿਹੰਗ ਸਿੰਘਾਂ ਦੀ ਗਤਕਾ ਕਲਾ

ਹੋਲੇ ਮਹੱਲੇ 'ਤੇ ਵਿਸ਼ੇਸ਼

ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਇਕ ਵੱਖਰੀ ਜਥੇਬੰਦੀ ਦਾ ਰੂਪ ਧਾਰਨ ਕਰ ਚੁੱਕੇ ਹਨ। ਇਹ ਜਥੇਬੰਦੀ ਇਤਿਹਾਸਕ, ਸ਼ਕਤੀਸ਼ਾਲੀ ਤੇ ਗੌਰਵ ਵਾਲੀ ਜਥੇਬੰਦੀ ਹੈ। ਨਿਹੰਗ ਸਿੰਘਾਂ ਦਾ ਆਪਣਾ ਇਤਿਹਾਸਕ, ਸਮਾਜਕ, ਸਭਿਆਚਾਰਕ ਤੇ ਗੌਰਵਮਈ ਵਿਰਸਾ ਹੈ। ਅਜਿਹੇ ਵਿਰਸੇ ਦੇ ਧਾਰਨੀ ਨਿਹੰਗ ਸਿੰਘਾਂ ਦੀ ਬੋਲੀ ਵੀ ਨਿਵੇਕਲੀ ਹੈ ਜਿਸਨੂੰ ਗੜਗੱਜ ਬੋਲੇ ਜਾਂ ਖਾਲਸੇ ਦੇ ਬੋਲੇ ਵੀ ਕਿਹਾ ਜਾਂਦਾ ਹੈ। ਇਸਦੇ ਨਾਲ ਹੀ ਨਿਹੰਗ ਸਿੰਘ ਬੀਰਤਾ ਭਰਪੂਰ ਕਾਰਨਾਮੇ ਕਰਨ ਦੇ ਵੀ ਮਾਹਿਰ ਹਨ ਜਿਸ ਵਿਚ ਗੁਰੂ ਕੀ ਖੇਡ ਗਤਕੇ ਨੂੰ ਪ੍ਰਦਰਸ਼ਨ ਕਲਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਨਿਹੰਗ ਸਿੰਘਾਂ ਦੀ ਜਥੇਬੰਦੀ ਨੇ ਹੀ ਮੁਗ਼ਲ ਕਾਲ ਦੇ ਤੁਫ਼ਾਨੀ ਦੌਰ ਸਮੇਂ ਸਿੱਖ ਪੰਥ ਨੂੰ ਕਾਇਮ ਰੱਖਣ ਲਈ ਇਨਕਲਾਬੀ ਸੰਘਰਸ਼ ਕੀਤਾ ਜਿਹੜਾ ਕਿ ਵਿਸ਼ਵ ਇਤਿਹਾਸ ਹੋ ਨਿਬੜਿਆ।

ਨਿਹੰਗ ਸ਼ਬਦ ਦੇ ਇਕ ਤੋਂ ਜ਼ਿਆਦਾ ਅਰਥ ਮਿਲਦੇ ਹਨ। ਕਾਨ੍ਹ ਸਿੰਘ ਨਾਭਾ ਨੇ ਨਿਹੰਗ ਦੇ ਅਰਥ ਇਸ ਤਰ੍ਹਾਂ ਕੀਤੇ ਹਨ।

1. ਨਿਹੰਗ = ਖੜਗ, ਤਲਵਾਰ "ਬਾਹਤ ਨਿਹੰਗ ਉੱਠਤ ਫੁਲਿੰਗ" (ਸਰਬ ਲੋਹ) ਤਲਵਾਰ ਦੇ ਪ੍ਰਹਾਰ ਤੋਂ ਵਿਸਫੁਲਿੰਗ (ਚਿੰਗਾੜੇ)
2. ਕਲਮ, ਲੇਖਨੀ
3. ਘੜਿਆਲ, ਮਗਰਮੱਛ, ਨਾਕੂ (Alligates)

ਜਨਕ ਲਹਿਰ ਦਰਯਾਵ ਤੇ ਨਿਕਸਯੋ ਬਡੋ ਨਿਹੰਗ। (ਚਰਿਤ੍ਰ 217)

ਨਾਕੂ = ਸਾਰਿਕ ਮੱਛੀ ਦੇ ਰੂਪ ਵਿਚੋਂ ਹੈ।

ਮਗਰਮੱਛ = ਛਿਪਕਲੀ ਦੇ ਰੂਪ ਵਿਚੋਂ ਹੈ।

ਛਿਪਕਲੀ ਦਾ ਸੁਬਾਅ ਹੈ ਕਿ ਉਹ ਅੱਖਾਂ ਬੰਦ ਕਰਕੇ ਪਰ ਸੁਚੇਤ ਰਹਿੰਦੀ ਹੈ। ਆਪ ਕਿਸੇ ਤੇ ਹਮਲਾ ਨਹੀਂ ਕਰਦੀ। ਅਗਰ ਕੋਈ ਹਮਲਾ ਕਰੇ ਤਾਂ ਕੱਟਦੀ ਹੈ, ਜਿਸਦਾ ਇਲਾਜ ਨਹੀਂ। ਇਹ ਸੁਬਾਓ ਨਿਹੰਗ ਦਾ ਹੈ। ਕਿਸੇ ਨੂੰ ਕੁਝ ਨਹੀਂ ਕਹਿੰਦਾ। ਅਗਰ ਨਾ ਹਟੇ ਤਾਂ ਪਕੜ 'ਚੋਂ ਬਾਹਰ ਨਹੀਂ ਹੋ ਸਕਦਾ।

4. ਡਿੰਗ = ਘੋੜਾ, ਅਸਵ, ਤੁਰੰਗ "ਬਿਚਰੇ ਨਿਹੰਗ ਜੈਸੇ ਪਿਲੰਗ" (ਵਿਚਿਤ੍ਰ)

ਚਿਤ੍ਰੇ ਵਾਂਗ ਛਾਲਾਂ ਮਾਰਦੇ ਘੋੜੇ ਵਿਚਰੇ।

5. ਨਿਹਸ਼ੰਕ = ਜਿਸ ਨੂੰ ਮੌਤ ਦੀ ਚਿੰਤਾ ਨਹੀਂ; ਬਹਾਦਰ, ਦਲੇਰ।

(1) ਨਿਰਭਉ ਹੋਇਓ ਭਇਆ ਨਿਹੰਗਾ॥ ਚੀਤਿ ਨ ਆਇਓ ਕਰਤਾ ਸੰਗਾ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 391

(2) ਪਹਿਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾ॥ ਚੰਡੀ ਦੀ ਵਾਰ, ਪਉੜੀ 47

6. ਨਿਹਸੰਕ = ਨਿਰਲੇਪ, ਆਤਮ ਗਿਆਨੀ, ਦਵੰਦ ਦਾ ਤਿਆਗੀ "ਨਿਹੰਗ ਕਹਾਵੈ ਸੋ ਪੁਰਖ, ਦੁਖ ਸੁਖ ਮੰਨੇ ਨ ਅੰਗ (ਸ੍ਰੀ ਗੁਰੂ ਪੰਥ ਪ੍ਰਕਾਸ਼)

7. ਕਾਨ੍ਹ ਸਿੰਘ ਨਾਭਾ ਅਨੁਸਾਰ ਸਿੰਘਾਂ ਦਾ ਇਕ ਫਿਰਕਾ ਜੋ ਸਿਰ ਪਰ ਫਰਹਰੇ ਵਾਲਾ ਉੱਚਾ ਦੁਮਾਲਾ, ਚੱਕ੍ਰ, ਤੋੜਾ, ਖੰਡਾ,ਕਿਰਪਾਨ, ਗਜਗਾਹ ਆਦਿ ਸ਼ਸਤਰ ਅਰ ਨੀਲਾ ਬਾਣਾ ਪਹਿਨਦਾ ਹੈ। ਨਿਹੰਗ ਸਿੰਘ ਮਰਣ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਲਈ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਸ ਲਈ ਇਹ ਨਾਮ ਹੈ।

ਨਿਹੰਗ ਸ਼ਬਦ ਦੇ ਜਿੰਨੇ ਵੀ ਅਰਥ ਹਨ ਉਹਨਾਂ ਦਾ ਸੰਬੰਧ ਬੀਰਤਾ ਅਤੇ ਨਿਰਲੇਪਤਾ ਨਾਲ ਹੈ। ਨਿਰਲੇਪ ਰਹਿਣ ਵਾਲਾ ਬਹਾਦਰ ਵਿਅਕਤੀ ਹੀ ਨਿਹੰਗ ਹੈ। ਵਾਸਤਵ ਵਿਚ ਨਿਹੰਗ ਸਿੰਘ ਕੋਈ ਵੱਖਰਾ ਪੰਥ ਨਹੀਂ ਬਲਕਿ ਖਾਲਸਾ ਪੰਥ ਦਾ ਉਹ ਅਨਿੱਖੜ ਦਲ ਹੈ ਜਿਸਨੇ ਖਾਲਸੇ ਦੇ ਪੁਰਾਤਨ ਪਹਿਰਾਵੇ (ਬਾਣੇ), ਪਰੰਪਰਾ ਅਤੇ ਜੀਵਨ ਸ਼ੈਲੀ ਨੂੰ ਅੱਜ ਤੱਕ ਸੰਭਾਲ ਕੇ ਰੱਖਣ ਦਾ ਯਤਨ ਕੀਤਾ ਹੈ। ਅਠਾਰਵੀਂ ਸਦੀ ਵਿਚ ਸਮੁੱਚਾ ਅੰਮ੍ਰਿਤਧਾਰੀ ਖਾਲਸਾ ਨਿਹੰਗ ਹੀ ਸੀ। ਬੁੱਢਾ ਦਲ ਅਤੇ ਤਰੁਣਾ ਦਲ ਦੇ ਰੂਪ ਵਿਚ ਦਲ ਖਾਲਸਾ ਦੇ ਵੱਖ-ਵੱਖ ਜਥੇ ਨਿਹੰਗ ਜਥੇ ਹੀ ਸਨ। ਮਿਸਲਾਂ ਤੱਕ ਖਾਲਸਾਈ ਫੌਜਾਂ ਦਾ ਬਾਣਾ ਅਤੇ ਜੀਵਨ ਸ਼ੈਲੀ ਨਿਹੰਗਾਂ ਵਾਲੀ ਹੀ ਸੀ।

ਨਿਹੰਗ ਸਿੰਘਾਂ ਦੇ ਪੰਥ ਦੇ ਸ਼ੁਰੂ ਹੋਣ ਬਾਰੇ ਕਈ ਤਰ੍ਹਾਂ ਦੇ ਮੱਤ ਪ੍ਰਚਲਿਤ ਹਨ। ਕੁਝ ਇਕ ਵਿਦਵਾਨ ਇਸਨੂੰ ਬਾਬਾ ਬੁੱਢਾ ਜੀ ਨਾਲ ਜੋੜਦੇ ਹਨ। ਜਦੋਂ ਗੁਰੂ ਹਰਿ-ਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਸਨ ਉਸ ਵੇਲੇ ਬਾਬਾ ਬੁੱਢਾ ਜੀ ਗੁਰੂ ਸਾਹਿਬ ਤੋਂ ਵਿਛੜੀਆਂ ਸੰਗਤਾਂ ਨੂੰ ਨਾਲ ਲੈ ਕੇ ਗਵਾਲੀਅਰ ਦੇ ਕਿਲ੍ਹੇ ਵੱਲ ਪੈਦਲ ਜਾਂਦੇ ਤੇ ਬਾਬਾ ਜੀ ਸਭ ਤੋਂ ਅੱਗੇ ਨਿਸ਼ਾਨ ਸਾਹਿਬ ਲੈ ਕੇ ਚਲਦੇ ਅਤੇ ਗਵਾਲੀਅਰ ਦੇ ਕਿਲ੍ਹੇ ਦੀ ਪ੍ਰਕਰਮਾ ਕਰਦੇ। ਜਦੋਂ ਗੁਰੂ ਹਰਿਗੋਬਿੰਦ ਜੀ ਨੇ ਇਹ ਦੇਖਿਆ ਤਾਂ ਪ੍ਰਸੰਨ ਹੋ ਕੇ ਇਹ ਬਚਨ ਕੀਤਾ ਕਿ ਬਾਬਾ ਜੀ ਕੁਝ ਸਮਾਂ ਪਾ ਕੇ ਤੇਰਾ ਪੰਥ ਨਿਸ਼ਾਨਾਂ ਵਾਲਾ ਚਲੇਗਾ।

ਦੂਸਰੇ ਮੱਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਿੰਡ ਢਿਲਵਾਂ ਵਿਖੇ ਸੋਢੀ ਕੌਲ ਜੀ ਪਾਸ ਠਹਿਰਣ ਸਮੇਂ ਨੀਲਾ ਬਾਣਾ ਅੱਗ ਵਿਚ ਸਾੜਿਆ ਤਾਂ ਜਦ ਇਕ ਲੀਰ ਰਹਿ ਗਈ ਤਾਂ ਉਹ ਲੀਰ ਭਾਈ ਮਾਨ ਸਿੰਘ ਨੇ ਗੁਰੂ ਜੀ ਦੇ ਹੱਥ ਵਿਚੋਂ ਬੇਨਤੀ ਪੂਰਵਕ ਫੜ ਲਈ ਅਤੇ ਆਪਣੀ ਦਸਤਾਰ ਵਿਚ ਟੰਗ ਲਈ, ਜੋ ਬਹੁਤ ਸੋਹਣੀ ਲੱਗੀ। ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਭਾਈ ਮਾਨ ਸਿੰਘ ਤੇਰਾ ਨਿਹੰਗ ਪੰਥ ਚਲੇਗਾ।

ਤੀਸਰੇ ਮੱਤ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਆਏ ਤਾਂ ਉਹਨਾਂ ਨੇ ਪੀਰ ਵਾਲਾ ਕੌਤਕ ਕਰਨ ਤੋਂ ਬਾਅਦ ਪੀਰ ਵਾਲਾ ਨੀਲਾ ਬਾਣਾ ਅੱਗ ਵਿਚ ਸਾੜ ਦਿੱਤਾ ਅਤੇ ਇਕ ਨੀਲੀ ਲੀਰ ਕਟਾਰ ਦੇ ਨਾਲ ਬੰਨ ਲਈ ਜਿਸ ਤੋਂ ਇਹ ਪੰਥ ਸ਼ੁਰੂ ਹੋਇਆ।

ਚੌਥੇ ਮੱਤ ਅਨੁਸਾਰ ਜਦੋਂ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਦਸਤਾਰ ਸਜਾ ਕੇ ਇਕ ਵਾਰ ਗੁਰੂ ਸਾਹਿਬ ਦੇ ਸਾਹਮਣੇ ਆਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਸ ਬਾਣੇ ਦਾ ਇਕ ਨਿਹੰਗ ਪੰਥ ਹੋਵੇਗਾ, ਜੋ ਬੜੀ ਪ੍ਰਸਿੱਧੀ ਪ੍ਰਾਪਤ ਕਰੇਗਾ।

ਪੰਜਵੇਂ ਮੱਤ ਅਨੁਸਾਰ ਜਦੋਂ ਬਿਲਾ-ਸਪੁਰ ਦੇ ਰਾਜੇ ਅਜਮੇਰ ਚੰਦ ਨੇ ਆਨੰਦ-ਪੁਰ 'ਤੇ 16 ਜਨਵਰੀ, 1704 ਨੂੰ ਹਮਲਾ ਕੀਤਾ। ਇਸ ਜੰਗ ਵਿਚ ਭਾਈ ਮਾਨ ਸਿੰਘ ਨਿਸ਼ਾਨਚੀ ਪੁੱਤਰ ਭਾਈ ਜੀਤਾ ਸਿੰਘ ਨਿਸ਼ਾਨ ਸਾਹਿਬ ਫੜ ਕੇ ਅੱਗੇ ਲੜ ਰਿਹਾ ਸੀ। ਭਾਈ ਸਾਹਿਬ ਨੂੰ ਜਦੋਂ ਇਕ ਗੋਲੀ ਪਹਾੜੀ ਫੌਜਾਂ ਦੀ ਲੱਗੀ ਤਾਂ ਉਹ ਜ਼ਖਮੀ ਹੋ ਕੇ ਡਿੱਗ ਪਏ। ਇਸ ਨਾਲ ਨਿਸ਼ਾਨ ਸਾਹਿਬ ਵੀ ਹੇਠਾਂ ਡਿੱਗ ਪਿਆ। ਇਹ ਇਤਲਾਹ ਜਦੋਂ ਗੁਰੂ ਸਾਹਿਬ ਨੂੰ ਪੁੱਜੀ ਤਾਂ ਉਹਨਾਂ ਆਪਣੀ ਛੋਟੀ ਦਸਤਾਰ ਵਿਚੋਂ ਇਕ ਲੀਰ ਪਾੜ ਕੇ ਦਸਤਾਰ ਦੇ ਉੱਪਰ ਸਜਾ ਲਈ ਅਤੇ ਹੁਕਮ ਕੀਤਾ ਕਿ ਹਰ ਸਿੰਘ ਅੱਗੇ ਤੋਂ ਮੈਦਾਨਿ ਜੰਗ ਵਿਚ ਆਪਣੀ ਦਸਤਾਰ ਉੱਤੇ ਨਿਸ਼ਾਨ ਸਾਹਿਬ (ਫਰਹਰਾ) ਸਜਾਇਆ ਕਰਨਗੇ। ਗੁਰੂ ਸਾਹਿਬ ਨੂੰ ਵੇਖਦੇ ਹੀ ਭਾਈ ਉਦੈ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੁਹਕਮ ਸਿੰਘ, ਭਾਈ ਆਲਮ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੇ ਵੀ ਆਪਣੀਆਂ ਕੇਸਕੀਆਂ ਵਿਚੋਂ ਲੀਰਾਂ ਪਾੜ ਕੇ ਦਸਤਾਰਾਂ ਦੇ ਉੱਪਰ ਸਜਾ ਲਈਆਂ। ਇਹ ਦ੍ਰਿਸ਼ ਵੇਖ ਕੇ ਗੁਰੂ ਸਾਹਿਬ ਨੇ ਕਿਹਾ ਕਿ ਇਹ ਨਿਸ਼ਾਨ ਸਾਹਿਬ ਵਾਲੇ ਨੀਲੇ ਬਾਣੇ ਦਾ ਜਥਾ ਪੰਥ ਵਿਚ ਬੜਾ ਪ੍ਰਸਿੱਧ ਹੋਵੇਗਾ। ਇਸ ਤਰ੍ਹਾਂ ਨਿਹੰਗਾਂ ਦਾ ਜਨਮ ਮੰਨਿਆ ਜਾਂਦਾ ਹੈ।



ਨਿਹੰਗ ਸਿੰਘਾਂ ਦਾ ਵੱਖਰਾ ਪੰਥ ਸ਼ੁਰੂ ਹੋਣ ਬਾਰੇ ਇਹ ਸਾਰੀਆਂ ਧਾਰਨਾਵਾਂ ਸਿਧਾਂਤਕ ਪੱਖੋਂ ਠੀਕ ਨਹੀਂ। ਅਸਲ ਵਿਚ ਨਿਹੰਗ ਸਿੰਘ ਖ਼ਾਲਸਾ ਪੰਥ ਦਾ ਹੀ ਅੰਗ ਹਨ ਜਿਨ੍ਹਾਂ ਨੇ ਪੁਰਾਤਨ ਸਮੇਂ ਦੇ ਖ਼ਾਲਸੇ ਦਾ ਸਰੂਪ ਸਾਂਭ ਕੇ ਰੱਖਿਆ ਹੈ।

ਨਿਹੰਗ ਸਿੰਘਾਂ ਨੇ ਜਿਥੇ ਖਾਲਸਾਈ ਬੋਲੇ ਅਤੇ ਪਹਿਰਾਵਾ (ਬਾਣਾ) ਸਾਂਭ ਕੇ ਰੱਖਿਆ ਹੈ ਉਥੇ ਗੁਰੂ ਕੀ ਖੇਡ ਗੱਤਕੇ ਨੂੰ ਵੀ ਸਾਂਭਿਆ ਹੋਇਆ ਹੈ ਜਿਸ ਦਾ ਪ੍ਰਦਰਸ਼ਨ ਵਿਭਿੰਨ ਢੰਗਾਂ ਨਾਲ ਕੀਤਾ ਜਾਂਦਾ ਹੈ। ਸਭਿਆਚਾਰਕ ਸੰਦਰਭ ਵਿਚ ਜਿਥੇ ਨਿਹੰਗ ਸਿੰਘਾਂ ਦੇ ਪਹਿਰਾਵੇ ਦੀ ਮਹੱਤਤਾ ਹੈ ਉਥੇ ਨਾਲ ਹੀ ਲੋਕ ਮਨੋਰੰਜਨ ਵਜੋਂ ਗੱਤਕਾ ਵੀ ਆਪਣਾ ਮਹੱਤਵਪੂਰਨ ਸਥਾਨ ਰੱਖਦਾ ਹੈ। ਨਿਹੰਗ ਸਿੰਘਾਂ ਦੀ ਬੋਲੀ ਵਿਚੋਂ ਬੀਰਤਾ ਦੇ ਭਾਵ ਝਲਕਦੇ ਹਨ। ਨਿਹੰਗ ਸਿੰਘਾਂ ਦੇ ਬੋਲੇ ਜਿੰਨ੍ਹਾਂ ਨੂੰ ਗੜਗੱਜ ਬੋਲੇ ਵੀ ਕਿਹਾ ਜਾਂਦਾ ਹੈ ਵੱਖੋ-ਵੱਖਰੇ ਸੰਦਰਭਾਂ ਵਿਚ ਸਧਾਰਨ ਸ਼ਬਦ ਵੀ ਬੀਰ ਰਸ ਭਰਪੂਰ ਹੁੰਦੇ ਹਨ। ਆਮ ਸ਼ਬਦਾਵਲੀ ਨੂੰ ਨਿਹੰਗ ਸਿੰਘਾਂ ਨੇ ਵਿਸ਼ੇਸ਼ ਸ਼ਬਦਾਵਲੀ ਜਾਂ ਗੁਪਤ ਸ਼ਬਦਾਵਲੀ ਵਿਚ ਢਾਲ ਲਿਆ ਹੈ। ਇਸਤਰੀਵਾਚਕ ਸ਼ਬਦਾਂ ਨੂੰ ਪੁਰਖਵਾਚਕ, ਮੁੱਲਵਾਨ ਵਸਤੂਆਂ ਲਈ ਤੁਛ ਸ਼ਬਦ, ਸਧਾਰਨ ਵਸਤੂਆਂ ਲਈ ਵੱਡੇ ਸ਼ਬਦ, ਸ਼ਬਦ ਵਿਸਥਾਰ, ਸ਼ਬਦ ਸੰਕੋਚ, ਬਹੁਅਰਥਾਂ ਵਾਲੇ ਸ਼ਬਦ, ਪਰਿਆਇਵਾਚੀ ਸ਼ਬਦ, ਵਿਅੰਗ ਅਰਥਾਂ ਵਾਲੇ ਸ਼ਬਦ ਅਤੇ ਵਿਸ਼ੇਸ਼ ਸ਼ਬਦ ਸਿਰਜ ਕੇ ਜਿਥੇ ਨਿਹੰਗ ਸਿੰਘਾਂ ਦੀ ਭਾਸ਼ਾ ਨਿਰਲੇਪਤਾ ਦੀ ਧਾਰਨੀ ਹੁੰਦੀ ਹੈ ਉਥੇ ਬੀਰਰਸੀ ਵੀ ਹੋ ਨਿਬੜਦੀ ਹੈ। ਇਹ ਭਾਸ਼ਾ ਹੀ ਨਿਹੰਗ ਸਿੰਘਾਂ ਦੀ ਸ਼ਸ਼ਤਰ ਵਿਦਿਆ ਦਾ ਆਧਾਰ ਬਣਦੀ ਹੈ। ਸ਼ਸ਼ਤਰ ਵਿਦਿਆ ਦੀਆਂ ਭਾਵੇਂ ਕਈ ਕਿਸਮਾਂ ਹਨ ਪਰ ਇਹਨਾਂ ਦੀ ਸਮੁੱਚੀ ਰਿਹਰਸਲ ਨੂੰ ਗੱਤਕੇਬਾਜ਼ੀ ਦਾ ਨਾਮ ਦਿੱਤਾ ਜਾਂਦਾ ਹੈ।

ਗੱਤਕਾ ਨਿਹੰਗ ਸਿੰਘਾਂ ਦੀ ਪ੍ਰਦਰਸ਼ਨ ਕਲਾ ਦਾ ਅਜਿਹਾ ਪ੍ਰਦਰਸ਼ਨ ਹੈ ਜਿਸਦੀ ਮੈਦਾਨਿ ਜੰਗ ਵਿਚ ਵੀ ਵਰਤੋਂ ਕੀਤੀ ਜਾਂਦੀ ਹੈ ਅਤੇ ਆਮ ਪ੍ਰਦਰਸ਼ਨ ਵੀ ਕੀਤਾ ਜਾਂਦਾ ਹੈ। ਗੱਤਕਾ ਅਰਬੀ ਦੇ ਸ਼ਬਦ 'ਖ਼ੁਤਕਾ' ਤੋਂ ਬਣਿਆ ਹੈ। ਫ਼ਾਰਸੀ ਵਿਚ ਇਸਨੂੰ 'ਕੁਤਕਾ' ਕਿਹਾ ਜਾਂਦਾ ਹੈ ਜਿਸਦਾ ਅਰਥ ਹੈ ਛੋਟਾ ਅਤੇ ਮੋਟਾ ਸੋਟਾ। ਭੰਗਾਣੀ ਦੇ ਯੁੱਧ ਵਿਚ ਹਯਾਤ ਖਾਂ ਸਰਦਾਰ ਨੂੰ ਮਹੰਤ ਕਿਰਪਾਲ ਦਾਸ ਨੇ ਕੁਤਕੇ ਨਾਲ ਮਾਰਿਆ ਸੀ। ਜਿਸ ਦਾ ਵਰਣਨ ਬਚਿੱਤਰ ਨਾਟਕ ਵਿਚ ਮਿਲਦਾ ਹੈ।

*ਕ੍ਰਿਪਾਲ ਕੋਪਿਯੰ ਕੁਤਕੋ ਸੰਭਾਰੀ॥*
*ਹਠੀ ਖਾਨ ਹੱਯਾਤ ਕੇ ਸੀਸ ਝਾਰੀ॥*
*ਉੱਠੀ ਛਿੱਛ ਇੱਛੰ ਕਢਾ ਮੇਝ ਜੋਰੰ॥*
*ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥*
*ਤਹਾ ਨੰਦਚੰਦ ਕੀਯੋ ਕੋਪੁ ਭਾਰੋ॥*
*ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥*
*ਤੁਟੀ ਤੇਗ ਤ੍ਰਿੱਖੀ ਕਢੇ ਜਮਦੰਡ॥*
*ਹਠੀ ਰਾਖਯੰ ਲੱਜ ਬੰਸੰ ਸਨਢੰ॥*

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੱਤਕੇ ਤੋਂ ਭਾਵ ਗਦਾਯੁੱਧ ਦੀ ਸਿਖਿਆ ਦਾ ਪਹਿਲਾ ਅੰਗ ਸਿਖਾਉਣ ਲਈ ਇਕ ਡੰਡਾ, ਜੋ ਤਿੰਨ ਹੱਥ ਲੰਮਾ ਹੁੰਦਾ ਹੈ। ਇਸ ਉੱਤੇ ਚੰਮ ਦਾ ਖੋਲ ਚੜਿਆ ਹੁੰਦਾ ਹੈ, ਸੱਜੇ ਹੱਥ ਵਿਚ ਗੱਤਕਾ ਅਤੇ ਖੱਬੇ ਹੱਥ ਵਿਚ ਫਰੀ (ਛੋਟੀ ਢਾਲ) ਲੈ ਕੇ ਦੋ ਆਦਮੀ ਆਪੋ ਵਿਚ ਖੇਡਦੇ ਹਨ। ਗਤਕਾ ਦੋ ਸ਼ਬਦਾਂ ਦਾ ਸੁਮੇਲ ਹੈ ਗਤੀ+ਕਾ ਭਾਵ ਗਤੀ ਵਿਚ ਰਹਿਣ ਵਾਲੀ ਵਸਤੂ ਨੂੰ ਗੱਤਕਾ ਕਿਹਾ ਜਾਂਦਾ ਹੈ। ਗੱਤਕਾ ਗਦਾਯੁੱਧ ਦੀ ਸਿਖਿਆ ਦਾ ਪਹਿਲਾ ਅੰਗ ਹੈ ਜਿਸ ਨੇ ਗਦਾ ਚਲਾਉਣ ਦਾ ਮਾਹਿਰ ਬਣਨਾ ਹੈ ਉਹ ਪਹਿਲਾਂ ਗੱਤਕਾ ਸਿੱਖੇ। ਸੰਭਵ ਹੈ ਗਦਾਯੁੱਧ ਸ਼ਬਦ ਬਦਲ ਕੇ ਗਤਕਾ ਬਣ ਗਿਆ ਹੋਵੇ।

ਸੰਸਕ੍ਰਿਤ ਦੇ ਵਿਦਵਾਨਾਂ ਨੇ ਸ਼ਸ਼ਤਰਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ:

1. ਮੁਕਤ = ਜੋ ਹੱਥੋਂ ਛੱਡੇ ਜਾਣ ਜਿਵੇਂ ਚੱਕਰ।
2. ਅਮੁਕਤ = ਜੋ ਹੱਥੋਂ ਨਾ ਛੱਡੇ ਜਾਣ ਜਿਵੇਂ ਤਲਵਾਰ, ਕਟਾਰ, ਗੱਤਕਾ।
3. ਮੁਕਤਾਮੁਕਤ = ਜੋ ਹੱਥੋਂ ਛੱਡੇ ਵੀ ਜਾਣ ਤੇ ਹੱਥ ਵਿਚ ਰੱਖ ਕੇ ਵੀ ਵਰਤੇ ਜਾਣ ਜਿਵੇਂ ਬਰਛਾ।
4. ਯੰਤਰ ਮੁਕਤ = ਜੋ ਕਲ ਨਾਲ ਛੱਡੇ ਜਾਣ ਜਿਵੇਂ ਤੀਰ, ਗੋਲੀ।

ਗੱਤਕੇ ਦਾ ਸੰਬੰਧ ਅਮੁਕਤ ਸ਼ਸ਼ਤਰਾਂ ਨਾਲ ਹੈ। ਇਸਨੂੰ ਹੱਥ ਵਿਚ ਫੜ ਕੇ ਦੁਸ਼ਮਣ ਉੱਤੇ ਵਾਰ ਕੀਤਾ ਜਾਂਦਾ ਹੈ ਭਾਵੇਂ ਕਿ ਗੱਤਕਾ ਸਧਾਰਨ ਸ਼ਸ਼ਤਰ ਹੈ। ਇਸਦਾ ਵਾਰ ਜ਼ਿਆਦਾ ਮਾਰੂ ਨਹੀਂ ਪਰ ਯੁੱਧ ਵਿਦਿਆ ਤੇ ਸ਼ਸ਼ਤਰ ਕਲਾ ਦੀ ਸਿਖਿਆ ਲਈ ਇਸਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ।

ਗੱਤਕੇ ਦਾ ਇਤਿਹਾਸ ਬਹੁਤ ਪੁਰ-ਾਣਾ ਹੈ। ਰਮਾਇਣ ਤੇ ਮਹਾਂਭਾਰਤ ਦੇ ਯੁੱਧਾਂ ਸਮੇਂ ਗੱਤਕਾ ਸ਼ਸ਼ਤਰ ਵਿਦਿਆ ਦਾ ਮੁੱਖ ਅੰਗ ਸੀ। ਮੁਸਲਮਾਨੀ ਫੌਜ ਵਿਚ ਵੀ ਗੱਤਕੇ ਨੂੰ ਸ਼ਸ਼ਤਰ ਵਿਦਿਆ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਸਿੱਖ ਪੰਥ ਵਿਚ ਜ਼ਾਹਰਾ ਰੂਪ ਵਿਚ ਗੱਤਕੇ ਦਾ ਪ੍ਰਦਰਸ਼ਨ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੋਣਾ ਸ਼ੁਰੂ ਹੋਇਆ ਪਰ ਇਸਦਾ ਬੀਜ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਬੀਜਿਆ ਗਿਆ ਸੀ। ਸਿੱਖ ਪੰਥ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਭਗਤੀ ਦੇ ਨਾਲ ਸ਼ਕਤੀ ਭਗਤ-ਬਾਣੀ ਵਿਚੋਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਭਗਤਾਂ ਦਾ ਸੁਭਾਅ ਭਾਵੇਂ ਵੈਰਾਗਮਈ ਸੀ ਅਤੇ ਸ਼ਾਂਤ ਰਹਿ ਕੇ ਪ੍ਰਭੂ ਦੀ ਪ੍ਰਾਪਤੀ ਕਰਨਾ ਉਹਨਾਂ ਦਾ ਮੰਤਵ ਸੀ ਪਰ ਮਨ ਦੇ ਵਿਕਾਰਾਂ, ਸਮਾਜਿਕ ਬੁਰਾਈਆਂ ਅਤੇ ਹੋਰ ਵਰਤਾਰਿਆਂ ਲਈ ਉਹਨਾਂ ਨੇ ਵੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਭਗਤ ਕਬੀਰ ਜੀ ਨੇ ਸਿੱਧੇ ਰੂਪ ਵਿਚ ਕਹਿ ਦਿੱਤਾ:

*ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ॥*
*ਖੇਤ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥*

ਗੱਤਕੇ ਦਾ ਸੰਬੰਧ ਸ਼ਕਤੀ ਨਾਲ ਹੈ। ਇਸ ਸ਼ਕਤੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਅਤੇ ਰਾਜੇ ਸ਼ੀਂਹ ਮੁਕੱਦਮ ਕੁੱਤੇ ਕਹਿ ਕੇ ਕੀਤਾ ਸੀ। ਇਹ ਇਕ ਤਰ੍ਹਾਂ ਸ਼ਕਤੀ ਦੇ ਰੂਪ ਵਿਚ ਗੱਤਕੇ ਦਾ ਆਰੰਭ ਸੀ। ਸਿੱਖ ਗੁਰੂਆਂ ਨੇ ਧਰਮ ਯੁੱਧ ਲਈ ਯਹਾਦਿ ਕਲਮ, ਯਹਾਦਿ ਕਲਾਮ ਤੇ ਯਹਾਦਿ ਸੈਫ਼ (ਤਲਵਾਰ) ਤਿੰਨ ਤਰੀਕੇ ਅਪਨਾਏ। ਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਉਹਨਾਂ ਦੀ ਬਾਣੀ ਵਿਚੋਂ ਪ੍ਰਗਟ ਹੁੰਦੀ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥*

ਗੁਰੂ ਨਾਨਕ ਦੇਵ ਜੀ ਦੇ ਬੀਰ ਰਸ ਨੂੰ ਗੁਰੂ ਅੰਗਦ ਦੇਵ ਜੀ ਨੇ ਅੱਗੇ ਤੋਰਿਆ। ਖਡੂਰ ਸਾਹਿਬ ਵਿਚ ਮੱਲ ਅਖਾੜਾ ਖੋਲਿਆ, ਜਿਥੇ ਮੁਗਦਰ ਫੇਰੇ ਜਾਂਦੇ, ਜਿਸ ਨਾਲ ਗੱਤਕੇ ਦੇ ਕੁਝ ਅੰਗਾਂ ਦੀ ਪੂਰਤੀ ਕੀਤੀ ਜਾਂਦੀ। ਗੁਰੂ ਅਮਰਦਾਸ ਜੀ ਨੇ ਗੱਦੀ ਤੇ ਬੈਠਣ ਤੋਂ ਪਹਿਲਾਂ 12 ਸਾਲ ਸੇਵਾ ਕੀਤੀ ਅਤੇ ਉਸਤੋਂ ਪਿਛੋਂ 84 ਪੌੜੀਆਂ ਵਾਲੀ ਬਉਲੀ ਸਥਾਪਿਤ ਕਰਕੇ ਸ਼ਕਤੀ ਦਾ ਨਿਵੇਕਲਾ ਰੂਪ ਸਿਰਜ ਦਿੱਤਾ। ਗੁਰੂ ਰਾਮਦਾਸ ਜੀ ਨੇ ਸਰੋਵਰ ਪੁਟਵਾਇਆ ਅਤੇ ਬਾਲਟਿਆਂ ਤੇ ਕਹੀਆਂ ਦੀ ਵਰਤੋਂ ਦੇ ਰੂਪ ਵਿਚ ਸ਼ਕਤੀ ਦਾ ਸੰਕਲਪ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਘੋੜਿਆਂ ਦਾ ਵਪਾਰ ਕਰਵਾਇਆ ਅਤੇ ਸ਼ਹੀਦ ਹੋਣ ਸਮੇਂ ਸਿੱਖਾਂ ਨੂੰ ਸ਼ਕਤੀ ਦਾ ਜ਼ਾਹਰਾ ਰੂਪ ਦਿਖਾਉਣ ਲਈ ਕਿਹਾ। ਗੁਰੂ ਹਰਿ-ਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਅਕਾਲ ਤਖਤ ਤੇ ਫੌਜੀ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ ਜਿਹੜੀ ਕਿ ਜ਼ਾਹਰਾ ਰੂਪ ਵਿਚ ਗੱਤਕੇ ਦਾ ਪਹਿਲਾ ਪ੍ਰਦਰਸ਼ਨ ਸੀ। ਗੁਰੂ ਹਰਿਗੋਬਿੰਦ ਜੀ ਨੂੰ ਬਾਬਾ ਬੁੱਢਾ ਜੀ ਨੇ ਸ਼ਸ਼ਤਰ ਵਿਦਿਆ ਸਿਖਾਈ। ਇਸ ਸਿਖਲਾਈ ਲਈ ਹੋਰ ਮੁਸਲਮਾਨ ਉਸਤਾਦ ਵੀ ਲਾਏ ਗਏ। ਜਦੋਂ ਗੁਰੂ ਸਾਹਿਬ ਨੇ ਸਿੱਖਾਂ ਦੇ ਹੱਥਾਂ ਵਿਚ ਸ਼ਸ਼ਤਰ ਦਿੱਤੇ ਤਾਂ ਇਹ ਉਹਨਾਂ ਨੂੰ ਓਪਰੇ ਨਹੀਂ ਸਨ ਲੱਗੇ ਕਿਉਂਕਿ ਇਹਨਾਂ ਵਸਤੂਆਂ ਤੋਂ ਤਾਂ ਸਿੱਖ ਪਹਿਲਾਂ ਹੀ ਜਾਣੂ ਸਨ ਅਤੇ ਥੋੜੇ ਬਦਲਵੇਂ ਰੂਪ ਵਿਚ ਉਹ ਇਹਨਾਂ ਦੀ ਵਰਤੋਂ ਕਰਨੀ ਸਿੱਖ ਗਏ। ਅੰਮ੍ਰਿਤਸਰ ਸਰੋਵਰ ਦੀ ਪੁਟਵਾਈ ਵੇਲੇ ਵਰਤੇ ਜਾਂਦੇ ਬਾਲਟਿਆਂ ਵਰਗੀਆਂ ਹੀ ਢਾਲਾਂ ਉਹਨਾਂ ਦੇ ਹੱਥ ਵਿਚ ਸਨ। ਇਸੇ ਸ਼ਕਤੀ ਨਾਲ ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਲੜੀਆਂ। ਗੁਰੂ ਹਰਿਰਾਇ ਜੀ ਦੇ ਸਮੇਂ 2200 ਘੋੜ ਸਵਾਰ ਸਨ। ਗੁਰੂ ਹਰਿਕ੍ਰਿਸ਼ਨ ਜੀ ਨੇ ਹੱਥ ਵਿਚ ਸੋਟੀ ਫੜੀ। ਗੁਰੂ ਤੇਗ ਬਹਾਦਰ ਜੀ ਦਾ ਨਾਮ ਹੀ ਤੇਗ ਸੀ ਜਿਨ੍ਹਾਂ ਨੂੰ ਬਹਾਦਰੀ ਦਾ ਲਕਬ ਦਿੱਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸ਼ਤਰਾਂ ਦੀ ਮਹੱਤਤਾ ਨੂੰ ਸਮਝਦਿਆਂ ਸਿੱਖਾਂ ਨੂੰ ਇਕ ਸ਼ਸ਼ਤਰ ਪੱਕੇ ਤੌਰ ਤੇ ਰੱਖਣ ਦਾ ਹੁਕਮ ਦੇ ਦਿੱਤਾ। ਸ਼ਸ਼ਤਰ ਵਿਦਿਆ ਦੇ ਅਭਿਆਸ ਲਈ ਇਕ ਦਿਨ ਮੁਕੱਰਰ ਕੀਤਾ ਗਿਆ। ਹੋਲੀ ਤੋਂ ਇਕ ਦਿਨ ਬਾਅਦ ਹੋਣ ਕਰਕੇ ਇਸਦਾ ਨਾਮ ਹੋਲਾ ਮਹੱਲਾ ਰੱਖਿਆ ਗਿਆ। ਹੋਲੇ ਮਹੱਲੇ ਵਾਲੇ ਦਿਨ ਸ਼ਸ਼ਤਰ ਕਲਾ ਦੇ ਜੌਹਰ ਦਿਖਾਏ ਜਾਂਦੇ ਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ। ਇਸ ਅਭਿਆਸ ਸਦਕਾ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਅਨੇਕਾਂ ਲੜਾਈਆਂ ਲੜੀਆਂ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜਾਪੁ ਸਾਹਿਬ' ਸ਼ਸ਼ਤਰ ਵਿਦਿਆ ਨੂੰ ਮੁਖਾਤਿਬ ਹੈ। ਇਸ ਵਿਚਲੇ ਸਾਰੇ ਛੰਦ ਸ਼ਸ਼ਤਰ ਵਿਦਿਆ ਦੀਆਂ ਚਾਲਾਂ ਤੇ ਪੈਂਤੜਿਆਂ ਉੱਤੇ ਹਨ। 'ਸ਼ਸ਼ਤਰ ਨਾਮ ਮਾਲਾ' ਰਚਨਾ ਵੀ ਇਕ ਤਰ੍ਹਾਂ ਸ਼ਸ਼ਤਰਾਂ ਦਾ ਕੋਸ਼ ਹੈ:

ਤੁਹੀ ਕਟਾਰੀ ਦਾੜ੍ਹ ਜਮ ਤੂੰ ਬਿਛੂਓ ਅਰੁ ਬਾਨ॥
ਤੋ ਪਤਿ ਪਦ ਜੇ ਲੀਜੀਐ ਰੱਛ ਦਾਸ ਮੁਹਿ ਜਾਨੁ॥
ਬਾਂਕ ਬੱਜ੍ਰ ਬਿਛੂਓ ਤੁਹੀ ਤਬਰ ਤਰਵਾਰ॥
ਤੁਹੀ ਕਟਾਰੀ ਸੈਹਥੀ ਕਰੀਐ ਰੱਛ ਹਮਾਰ॥
ਤੁਮੀ ਗੁਰਜ ਤੁਮਹੀ ਗਦਾ ਤੁਮਹੀ ਤੀਰ ਤੁਫੰਗ॥
ਦਾਸ ਜਾਨ ਮੋਰੀ ਸਦਾ ਰੱਛਾ ਕਰੋ ਸਰਬੰਗ॥
ਛੁਰੀ ਕਲਮ ਰਿਪ ਕਰਦ ਭਨਿ ਖੰਜਰ ਬੁਗਦਾ ਨਾਇ॥
ਅਰਧ ਰਿਜਕ ਸਭ ਜਗਤ ਕੋ ਮੁਹਿ ਤੁਮ ਲੇਹੁ ਬਚਾਇ॥
-ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ਼ ਸਰੋਹੀ ਸੈਥੀ ਯਹੈ ਹਮਾਰੈ ਪੀਰ ॥
ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ॥
ਨਾਮ ਤਿਹਾਰੋ ਜੋ ਜਪੈ ਭਯੇ ਸਿੰਧ ਭਵ ਪਾਰ॥

ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਬੰਦਾ ਬਹਾਦਰ ਤੇ ਸਿੱਖ ਮਿਸਲਾਂ ਦੇ ਨਾਲ ਗੱਤਕਾ ਕਲਾ ਨਿਹੰਗ ਸਿੰਘਾਂ ਦੀ ਪ੍ਰਦਰਸ਼ਨ ਕਲਾ ਦਾ ਰੂਪ ਧਾਰਨ ਕਰ ਗਈ। ਬੱਢਾ ਦਲ ਅਤੇ ਤਰੁਣਾ ਦਲ ਦੀ ਹੋਂਦ ਸਮੇਂ ਗੱਤਕਾ ਯੁੱਧ ਵਿਦਿਆ ਦਾ ਪ੍ਰਮੁੱਖ ਅੰਗ ਰਿਹਾ। ਮਹਾਂਰਾਜਾ ਰਣਜੀਤ ਸਿੰਘ ਸਮੇਂ ਇਸ ਦਾ ਪਤਨ ਹੋਣਾ ਸ਼ੁਰੂ ਹੋਇਆ। ਹੁਣ ਇਹ ਕਲਾ ਕੇਵਲ ਨਿਹੰਗ ਸਿੰਘਾਂ ਦੀਆਂ ਜਥੇਬੰਦੀਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ। ਕੁਝ ਇਕ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਵੀ ਇਸਦਾ ਪ੍ਰਦਰਸ਼ਨ ਹੁੰਦਾ ਹੈ। ਅੰਤਰ-ਰਾਸ਼ਟਰੀ ਖੇਡ ਫੈਂਸੀ ਇਕ ਤਰ੍ਹਾਂ ਗੱਤਕੇ ਦਾ ਹੀ ਸੁਧਰਿਆ ਰੂਪ ਹੈ।

ਗੱਤਕਾ ਨਿਹੰਗ ਸਿੰਘਾਂ ਦੀ ਜੰਗੀ ਖੇਡ ਹੈ। ਗੱਤਕੇ ਵਿਚ ਮੁੱਢਲੇ ਤੌਰ ਤੇ ਤਿੰਨ ਹੱਥ ਲੰਮਾ ਚਮੜੇ ਦਾ ਲਪੇਟਿਆ ਡੰਡਾ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਕਈ ਵਾਰ ਹੱਥ ਵਿਚ ਛੋਟੀ ਢਾਲ ਵੀ ਫੜੀ ਜਾਂਦੀ ਹੈ। ਗੱਤਕੇ ਦਾ ਪ੍ਰਦਰਸ਼ਨ ਸੋਟੇ ਤੋਂ ਲੈ ਕੇ ਤਲਵਾਰਾਂ ਤੱਕ ਚਲਦਾ ਹੈ। ਗੱਤਕੇ ਦੇ ਪ੍ਰਦਰਸ਼ਨ ਤੋਂ ਪਹਿਲਾਂ ਸਰੀਰ ਗਰਮਾਏ ਜਾਂਦੇ ਹਨ। ਇਸ ਲਈ ਡੰਡ ਬੈਠਕਾਂ ਤੇ ਅਖਾੜੇ ਦੁਆਲੇ ਦੌੜਾਂ ਲਾਉਣ ਦਾ ਅਭਿਆਸ ਹੁੰਦਾ ਹੈ। ਸ਼ਸ਼ਤਰਾਂ ਨੂੰ ਨਮਸਕਾਰ ਕਰਨ ਦੇ ਸੰਦਰਭ ਵਿਚ ਵਿਸ਼ੇਸ਼ ਕਿਸਮ ਨਾਲ ਪੈਂਤੜਾ ਕੱਢਿਆ ਜਾਂਦਾ ਹੈ। ਪੂਰੇ ਜੋਸ਼ ਨਾਲ ਗੱਤਕੇ ਨੂੰ ਫੜ ਕੇ ਬੀਰ ਰਸੀ ਸ਼ਬਦ ਬੋਲੇ ਜਾਂਦੇ ਹਨ। ਆਮ ਤੌਰ ਤੇ ਇਹ ਸ਼ਬਦ ਸਵੱਯੇ ਜਾਂ ਦੋਹਰੇ ਹੁੰਦੇ ਹਨ। ਇਹ ਸ਼ਬਦ ਆਮ ਵੀ ਹੁੰਦੇ ਹਨ ਤੇ ਵਿਸ਼ੇਸ਼ ਬੀਰ ਰਸੀ ਸਾਹਿਤਕ ਰਚਨਾਵਾਂ ਵਿਚੋਂ ਵੀ ਬੋਲੇ ਜਾਂਦੇ ਹਨ:

1 ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰ ਤੀਰ ॥
ਤੁਹੀ ਨਿਸਾਨੀ ਜੀਤ ਕੀ ਆਜ ਤੁਹੀ ਜਗ ਬੀਰ॥

2 ਸਿੰਘ ਚੜਨਗੇ ਸ਼ਿਕਾਰ
ਚੌਵੀ ਚੌਵੀ ਕੋਹ ਦੀ ਉਜਾੜ
ਬਾਰੀਂ ਕੋਹੀਂ ਪੜਾਅ
ਆਉਣਗੇ ਛਿਆਨਵੇਂ ਕਰੋੜੀ ਚੜ੍ਹ ਕੇ
ਲੈ ਜਾਣਗੇ ਤੈਨੂੰ ਫੜ ਕੇ
ਗੁਰੂ ਘਰ ਦਿਆ ਦੋਸ਼ੀਆ
ਦਿਨ ਕੱਟੇ ਜਾਂਦੇ ਕੱਟ ਲਾ
ਸ੍ਰੀ ਸਾਹਿਬ ਤੇਰੇ ਨੱਕ ਨੂੰ
ਠੂਠਾ ਤੇਰੇ ਹੱਥ ਨੂੰ
ਮੰਗਦਾ ਫਿਰੇਂ ਜਗਤ ਨੂੰ
ਆਉਣਗੇ ਛਿਆਨਵੇਂ ਕਰੋੜੀ ਚੜ੍ਹ ਕੇ
ਲੈ ਜਾਣਗੇ ਤੈਨੂੰ ਫੜ ਕੇ
ਬੋਲੇ ਸੋ ਨਿਹਾਲ
ਸੱਤ ਸ੍ਰੀ ਅਕਾਲ

3 ਕਲਗੀਆਂ ਵਾਲਿਆ ਤੇਰੀਆਂ ਕਰਨੀਆਂ ਨੇ
ਸਾਡਾ ਸੰਗਲ ਗੁਲਾਮੀ ਵਾਲਾ ਤੋੜ ਦਿੱਤਾ।
ਮੇਲ ਜੋਲ ਕੇ ਚਹੁੰਆਂ ਸ਼੍ਰੇਣੀਆਂ ਨੂੰ
ਨਵੇਂ ਮੋੜ ਵੱਲ ਕੌਮ ਨੂੰ ਮੋੜ ਦਿੱਤਾ।
ਐਸੀ ਮੁਰਦਿਆਂ ਦਿਲਾਂ ਵਿਚ ਜਾਨ ਪਾਈ
ਫੜ ਕੇ ਚਿੜੀ ਨੇ ਬਾਜ਼ ਮਰੋੜ ਦਿੱਤਾ।
ਇਕ ਹੱਥ ਮਾਲਾ ਦੂਜੇ ਤੇਗ ਦੇ ਕੇ
ਸ਼ਕਤੀ ਭਗਤੀ ਨੂੰ ਕੱਠਿਆਂ ਜੋੜ ਦਿੱਤਾ।

4 ਏਥੇ ਲੱਖਾਂ ਹੀ ਜੰਮਣ ਤੇ ਮਰਨ ਵਿਰਲੇ
ਪੈਦਾ ਹੁੰਦਾ ਏ ਕਦੇ ਇਨਸਾਨ ਕੋਈ।
ਦੇਸ਼ ਕੌਮ ਅਤੇ ਵਤਨ ਦੀ ਅਣਖ ਬਦਲੇ
ਵਾਰ ਜਾਂਦਾ ਏ ਸੂਰਮਾ ਜਾਨ ਕੋਈ।
ਆਪਣੀ ਅਣਖ ਬਦਲੇ ਮਰਦੇ ਨੇ ਏਥੇ
ਹੁੰਦਾ ਦੂਜਿਆਂ ਲਈ ਕੁਰਬਾਨ ਕੋਈ।
ਲੋਕੀਂ ਜੱਗ ਤੇ ਉਹਨਾਂ ਨੂੰ ਪੂਜਦੇ ਨੇ
ਜਿਹੜੇ ਕਰਦੇ ਨੇ ਕੰਮ ਮਹਾਨ ਕੋਈ।

5 ਪੁੱਤਾਂ ਵਾਲਿਉ ਗੁਰੂ ਦਸ਼ਮੇਸ਼ ਜੀ ਨੇ
ਕਿਦਾਂ ਜੰਝ ਚੜਾਈ ਹੈ ਪੁੱਤਰਾਂ ਦੀ।
ਦੋ ਨਾਲ ਦਾਦੀ ਅਤੇ ਦੋ ਨਾਲ ਪਿਤਾ
ਵੰਡ ਇਸ ਤਰ੍ਹਾਂ ਪਾਈ ਦੋ ਪੁੱਤਰਾਂ ਦੀ।
ਦੋ ਚਮਕੌਰ ਤੇ ਦੋ ਸਰਹੰਦ ਅੰਦਰ
ਜੰਝ ਏਦਾਂ ਢੁਕਾਈ ਹੈ ਪੁੱਤਰਾਂ ਦੀ।
ਨਿਰਮਲ ਮੌਤ ਦੇ ਨਾਲ ਵਿਆਹੇ ਗਏ ਨੇ
ਡੋਲੀ ਘਰ ਨੂੰ ਆਈ ਏ ਪੁੱਤਰਾਂ ਦੀ।

6 ਮੈਂ ਕਲਗੀਧਰ ਦਾ ਲਾਡਲਾ
ਮੇਰੇ ਹੱਥ ਵਿਚ ਨੰਗੀ ਤਲਵਾਰ।
ਮੈਂ ਚੁਣ ਚੁਣ ਵੈਰੀ ਮਾਰਦਾ
ਮੈਂ ਕਦੇ ਨਾ ਖਾਵਾਂ ਹਾਰ।
ਮੈਂ ਨਾਮ ਧਿਆਵਾਂ ਗੁਰੂ ਦਾ
ਜੋ ਬੋਲੇ ਸੋ ਨਿਹਾਲ।13

7 ਦਸਮ ਪਿਤਾ ਨੇ ਸਾਨੂੰ ਜਨਮ ਦਿੱਤਾ
ਗੁੜ੍ਹਤੀ ਮਿਲੀ ਏ ਖੰਡੇ ਦੀ ਧਾਰ ਵਿਚੋਂ।
ਸਿੱਖੀ ਸਿਦਕ ਸਿਰ ਸੋਹਣੀ ਦਸਤਾਰ
ਸਾਡਾ ਵੱਖਰਾ ਏ ਰੂਪ ਸੰਸਾਰ ਵਿਚੋਂ।

8 ਕੂੰਜਾਂ ਵਾਂਗ ਕੁਰਲਾ ਕੇ ਅੱਜ ਲੋਕੀਂ
ਐਵੇਂ ਨਹੀਂ ਦਸ਼ਮੇਸ਼ ਨੂੰ ਯਾਦ ਕਰਦੇ।
ਉਹ ਤਾਂ ਸੁਖਣਾ ਇਹੋ ਹੀ ਸੁੱਖਦੇ ਨੇ
ਮੇਰੇ ਮਾਲਕਾ ਪੂਰੀ ਫਰਿਆਦ ਕਰਦੇ।
ਮੇਰਾ ਪਿਤਾ ਲਿਆ ਮੇਰੇ ਪੁੱਤ ਲੈ ਲਾ
ਮੇਰਾ ਵੱਸਦਾ ਘਰ ਬਰਬਾਦ ਕਰਦੇ।
ਚੁਣ ਲੈ ਨਹੁੰਆਂ ਦੇ ਨਾਲ ਪਰਿਵਾਰ ਮੇਰਾ
ਮੇਰਾ ਖ਼ਾਲਸਾ ਪੰਥ ਆਬਾਦ ਕਰਦੇ।

9 ਆਏ ਰਾਹਾਂ ਵਿਚ ਦੁੱਖ ਪਹਾੜ ਜਿੱਡੇ
ਢਿੱਲੀ ਪਈ ਪਰ ਤੇਰੀ ਰਫਤਾਰ ਵੀ ਨਾ।
ਵਿਛੜ ਗਿਆ ਜੋ ਸਰਸਾ ਦੇ ਆਣ ਕੰਢੇ
ਚੇਤੇ ਆਇਆ ਉਹ ਤੈਨੂੰ ਪਰਿਵਾਰ ਵੀ ਨਾ।
ਹੋਣੀ ਵਿਚ ਆਕਾਸ਼ ਦੇ ਰੋਣ ਲੱਗੀ
ਮਿਲ ਸਕੇ ਅਜੀਤ ਜੁਝਾਰ ਵੀ ਨਾ।
ਹੌਲਾ ਭਾਰ ਸੰਸਾਰ ਦਾ ਕਰਨ ਬਦਲੇ
ਹੱਥੀਂ ਪੁੱਤਾਂ ਦਾ ਕੀਤਾ ਸਸਕਾਰ ਵੀ ਨਾ।

10 ਹੁੰਦੇ ਕਦੇ ਮੁਥਾਜ ਨਹੀਂ ਦੀਵਿਆਂ ਦੇ
ਹਰ ਇਕ ਮੱਸਿਆ ਉਹਨਾਂ ਦੀ ਚਾਨਣੀ ਏ।
ਜਿਹੜੀ ਕੌਮ ਦੇ ਅਣਖੀ ਪਤੰਗਿਆਂ ਨੇ
ਸੇਜ ਸ਼ਮ੍ਹਾਂ ਦੀ ਲਾਟ ਤੇ ਮਾਣਨੀ ਏ।
ਬੇਗੁਨਾਹ ਮਾਸੂਮਾਂ ਦੀ ਰੱਤ ਪੀ ਕੇ
ਵਰਕੇ ਜਿੰਨ੍ਹਾਂ ਇਤਿਹਾਸ ਦੇ ਰੰਗ ਲਏ ਨੇ।
ਆਖਰ ਉਹਨਾਂ ਹੀ ਅੱਥਰੇ ਸਮੇਂ ਕੋਲੋਂ
ਹੱਕ ਛਾਤੀਆਂ ਤਾਣ ਕੇ ਮੰਗ ਲਏ ਨੇ।

ਗੱਤਕੇ ਦਾ ਆਰੰਭ ਕਰਨ ਲਈ ਦੋਵੇਂ ਖਿਡਾਰੀ ਆਪਸ ਵਿਚ ਸੋਟੀਆਂ ਮਿਲਾਉਂਦੇ ਹਨ, ਜਿਸਨੂੰ ਸਲਾਮੀ ਕਿਹਾ ਜਾਂਦਾ ਹੈ ਅਤੇ ਖੇਡ ਸ਼ੁਰੂ ਕਰਦੇ ਹਨ। ਗੱਤਕੇ ਦੇ ਪ੍ਰਦਰਸ਼ਨ ਵਿਚ ਵਾਰ ਕੀਤੇ ਜਾਂਦੇ ਹਨ ਅਤੇ ਰੋਕੇ ਜਾਂਦੇ ਹਨ। ਵੱਖੋ-ਵੱਖਰੇ ਦਾਅ ਪੇਚ ਵਰਤੇ ਜਾਂਦੇ ਹਨ ਤੇ ਵਿਰੋਧੀ ਖਿਡਾਰੀ ਨੂੰ ਹਰਾਉਣ ਦਾ ਯਤਨ ਕੀਤਾ ਜਾਂਦਾ ਹੈ। ਨਿਹੰਗ ਸਿੰਘ ਨੀਲੇ ਤੇ ਕੇਸਰੀ ਬਾਣੇ ਪਹਿਨ ਕੇ ਲੋਹ ਚੱਕਰਾਂ ਨਾਲ ਦੁਮਾਲੇ ਸਜਾ ਕੇ ਜਦੋਂ ਗੱਤਕਾ ਖੇਡਦੇ ਹਨ ਤਾਂ ਦਰਸ਼ਕ ਅਸ਼ ਅਸ਼ ਕਰ ਉਠਦੇ ਹਨ। ਜਦੋਂ ਖੇਡ ਖਤਮ ਕੀਤੀ ਜਾਂਦੀ ਹੈ ਤਾਂ ਖੇਡਣ ਵਾਲੇ ਖਿਡਾਰੀ ਆਪਸ ਵਿਚ ਦੁਬਾਰਾ ਸੋਟੀਆਂ ਮਿਲਾਉਂਦੇ ਹਨ ਜਿਸ ਨੂੰ ਫਤਹਿਨਾਮਾ ਕਿਹਾ ਜਾਂਦਾ ਹੈ। ਨਿਹੰਗ ਸਿੰਘਾਂ ਦੀਆਂ ਛਾਉਣੀਆਂ ਜਾਂ ਪੜਾਅ ਗੱਤਕੇ ਦੀਆਂ ਟਕਸਾਲਾਂ ਹਨ। ਇਥੇ ਗੱਤਕਾ ਖੇਡਿਆ ਹੀ ਨਹੀਂ ਜਾਂਦਾ, ਸਿਖਾਇਆ ਵੀ ਜਾਂਦਾ ਹੈ। ਗੱਤਕਾ ਸਿੱਖਣ ਦਾ ਇਕ ਬੱਝਵਾਂ ਅਨੁਸ਼ਾਸ਼ਨ ਹੁੰਦਾ ਹੈ। ਇਕ ਮਰਿਯਾਦਾ ਵਿਚ ਰਹਿ ਕੇ ਗੱਤਕੇ ਨੂੰ ਸਿਖਿਆ ਜਾਂਦਾ ਹੈ। ਉਸਤਾਦ ਨਿਹੰਗ ਸਿੰਘ ਭੁਝੰਗੀਆਂ ਨੂੰ ਸ਼ਾਗਿਰਦ ਧਾਰਨ ਕਰਦੇ ਹਨ। ਪਹਿਲਾਂ ਉਹਨਾਂ ਦੇ ਆਚਰਣ ਨੂੰ ਮਰਿਯਾਦਾ ਵਿਚ ਢਾਲਿਆ ਜਾਂਦਾ ਹੈ। ਚਾਲ ਚੱਲਣ ਉੱਚਾ ਸੁੱਚਾ ਤੇ ਨੇਕ ਰੱਖਣ ਦੀ ਸਿਖਿਆ ਦਿੱਤੀ ਜਾਂਦੀ ਹੈ। ਬੱਚੇ, ਬਜ਼ੁਰਗ ਤੇ ਔਰਤ ਤੇ ਵਾਰ ਨਹੀਂ ਕਰਨਾ ਸਗੋਂ ਉਹਨਾਂ ਦੀ ਢਾਲ ਬਣਨਾ ਹੈ। ਸਾਦੀ ਤੇ ਸ਼ੁੱਧ ਖ਼ੁਰਾਕ ਖਾਣ ਪੀਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਇਸਤੋਂ ਬਾਅਦ ਪੈਂਤੜਾ ਕੱਢਣਾ, ਗੱਤਕਾ, ਮਰੁੱਟੀਆਂ, ਬਿਛੂਆ, ਚੱਕਰ ਤੇ ਹੋਰ ਸ਼ਸ਼ਤਰਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਗੱਤਕੇ ਦਾ ਪ੍ਰਦਰਸ਼ਨ ਕੇਵਲ ਡੰਡਿਆਂ ਦੀ ਖੇਡ ਤੱਕ ਹੀ ਸੀਮਿਤ ਨਹੀਂ। ਲੋਕਾਂ ਦੇ ਆਕਰਸ਼ਣ ਵਾਸਤੇ ਬਹੁਤ ਸਾਰੇ ਹੋਰ ਕਰਤਵ ਵੀ ਦਿਖਾਏ ਜਾਂਦੇ ਹਨ ਜਿਨ੍ਹਾਂ ਨੂੰ ਗੱਤਕੇ ਦੇ ਅੰਤਰਗਤ ਹੀ ਰੱਖਿਆ ਜਾਂਦਾ ਹੈ। ਦੋ ਡੰਡਿਆਂ ਨੂੰ ਵਿਚਕਾਰੋਂ ਫੜ ਕੇ ਤੇਜ਼ੀ ਨਾਲ ਘੁਮਾਇਆ ਜਾਂਦਾ ਹੈ। ਇਹਨਾਂ ਨੂੰ ਮੁਰੁੱਟੀਆਂ ਕਿਹਾ ਜਾਂਦਾ ਹੈ। ਮੁਰੁੱਟੀਆਂ ਘੁਮਾਉਣ ਦਾ ਮਕਸਦ ਵਾਰ ਰੋਕਣਾ ਤੇ ਸਰੀਰਕ ਅੰਗਾਂ ਦੀ ਕਸਰਤ ਕਰਨਾ ਹੁੰਦਾ ਹੈ। ਤਲਵਾਰ ਘੁਮਾਉਣਾ ਵੀ ਪ੍ਰਦਰਸ਼ਣ ਕਲਾ ਦਾ ਉੱਤਮ ਨਮੂਨਾ ਹੈ। ਇਕ ਤਲਵਾਰ ਮੂੰਹ ਵਿਚ ਫੜ ਕੇ ਦੋ ਤਲਵਾਰਾਂ ਹੱਥਾਂ ਵਿਚ ਲੈ ਕੇ ਘੁਮਾਈਆਂ ਜਾਂਦੀਆਂ ਹਨ। ਇਸਦਾ ਮਕਸਦ ਹੈ ਕਿ ਜੇਕਰ ਮੈਦਾਨਿ ਜੰਗ ਵਿਚ ਤਲਵਾਰ ਹੱਥੋਂ ਡਿੱਗ ਪਵੇ ਜਾਂ ਹੱਥ ਕੱਟਿਆ ਜਾਵੇ ਤਾਂ ਮੂੰਹ ਵਾਲੀ ਤਲਵਾਰ ਨਾਲ ਵਾਰ ਕੀਤੇ ਤੇ ਰੋਕੇ ਜਾ ਸਕਦੇ ਹਨ। ਕੁਝ ਇਕ ਉਸਤਾਦ ਨਿਹੰਗ ਸਿੰਘ ਇਕੋ ਵੇਲੇ ਅੱਠ ਤਲਵਾਰਾਂ ਘੁਮਾਉਣ ਦੇ ਵੀ ਮਾਹਿਰ ਹੁੰਦੇ ਹਨ। ਚਾਰ ਤਲਵਾਰਾਂ ਲੱਕ ਨਾਲ ਬੰਨ ਕੇ, ਦੋ ਮੂੰਹ ਵਿਚ ਫੜ ਕੇ ਤੇ ਦੋ ਹੱਥਾਂ ਵਿਚ ਫੜ ਕੇ ਘੁਮਾਈਆਂ ਜਾਂਦੀਆਂ ਹਨ। ਤਲਵਾਰਾਂ ਤੇ ਢਾਲਾਂ ਨਾਲ ਲੜਾਈ ਦਾ ਪ੍ਰਦਰਸ਼ਨ ਵੀ ਗੱਤਕੇ ਦਾ ਹੀ ਇਕ ਅੰਗ ਹੈ। ਢਾਲ ਤੋਂ ਬਿਨ੍ਹਾਂ ਛੋਟੀ ਕਿਰਪਾਨ ਨੂੰ ਬਿਛੂਆ ਕਿਹਾ ਜਾਂਦਾ ਹੈ। ਇਸ ਨਾਲ ਕੀਤੀ ਲੜਾਈ ਵੀ ਗੱਤਕੇ ਦਾ ਭਾਗ ਹੈ। ਬਿਛੂਏ ਦਾ ਵਾਰ ਰੋਕਣ ਲਈ ਵਿਰੋਧੀ ਨੂੰ ਗੁੱਟ ਤੋਂ ਜਾਂ ਬਾਂਹ ਤੋਂ ਫੜਿਆ ਜਾਂਦਾ ਹੈ। ਗੱਤਕੇ ਦੇ ਪ੍ਰਦਰਸ਼ਨ ਸਮੇਂ ਚੱਕਰ ਘੁਮਾਇਆ ਜਾਂਦਾ ਹੈ। ਚੱਕਰ ਨੂੰ ਤੇਜ਼ਘੁਮਾ ਕੇ ਉਂਗਲ ਤੇ ਟਿਕਾਇਆ ਜਾਂਦਾ ਹੈ ਅਤੇ ਨਾਲ-ਨਾਲ ਕਈ ਤਰ੍ਹਾਂ ਦੇ ਕਰਤਬ ਦਿਖਾਏ ਜਾਂਦੇ ਹਨ। ਘੁੰਮਦੇ ਹੋਏ ਚੱਕਰ ਨੂੰ ਟੇਡਾ ਕਰਕੇ ਪਿਛਲੇ ਪਾਸਿਉਂ ਕੱਢਿਆ ਜਾਂਦਾ ਹੈ। ਇਕ ਨਿਹੰਗ ਸਿੰਘ ਦੂਸਰੇ ਨਿਹੰਗ ਸਿੰਘ ਉੱਤੇ ਘੁੰਮਦੇ ਹੋਏ ਚੱਕਰ ਨੂੰ ਸੁੱਟਦਾ ਹੈ, ਦੂਸਰਾ ਨਿਹੰਗ ਸਿੰਘ ਇਸ ਨੂੰ ਫੜ ਕੇ ਇਸਦਾ ਸੰਤੁਲਨ ਕਾਇਮ ਰੱਖਦਾ ਹੈ। ਘੁੰਮਦੇ ਹੋਏ ਚੱਕਰ ਨੂੰ ਫੜ ਕੇ ਲੇਟਣਾ ਤੇ ਫਿਰ ਉੱਠਣਾ ਇਸ ਪ੍ਰਦਰਸ਼ਨ ਦਾ ਸਿਖਰ ਹੁੰਦਾ ਹੈ। ਵਾਸਤਵ ਵਿਚ ਚੱਕਰ ਘੁਮਾਉਣ ਦਾ ਮਕਸਦ ਆਉਂਦੇ ਹੋਏ ਤੀਰਾਂ ਨੂੰ ਰੋਕਣਾ ਹੁੰਦਾ ਹੈ। ਲੜਾਈ ਦੇ ਮੈਦਾਨ ਵਿਚ ਜਿਥੇ ਗੁਰੂ ਸਾਹਿਬ ਬੈਠਦੇ ਸਨ ਉਹਨਾਂ ਦੇ ਸਾਹਮਣੇ ਇਕ ਸਿੰਘ ਚੱਕਰ ਘੁੰਮਾਉਂਦਾ ਰਹਿੰਦਾ ਸੀ ਜਿਸ ਨਾਲ ਆਉਣ ਵਾਲੇ ਤੀਰ ਰੁਕ ਜਾਂਦੇ ਸਨ। ਮੁਕੰਦ ਕੋਟਲਾ (ਕਮੰਦ ਕੋਟਲਾ) ਘੁੰਮਾਉਣਾ ਵੀ ਗੱਤਕੇ ਦਾ ਮਹੱਤਵਪੂਰਨ ਅੰਗ ਹੈ। ਗੱਤਕੇ ਵਿਚ ਲੰਮੇ ਨੇਜਿਆਂ ਨਾਲ ਵੀ ਲੜਾਈ ਕੀਤੀ ਜਾਂਦੀ ਹੈ। ਵਾਰ ਰੋਕਣ ਲਈ ਨੇਜੇ ਦੇ ਪਿਛਲੇ ਹਿੱਸੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਬਾਬਿਆਂ ਦੀ ਖੇਡ ਵੀ ਕਿਹਾ ਜਾਂਦਾ ਹੈ। ਗੱਤਕੇ ਵਿਚ ਕੁਝ ਵਿਸ਼ੇਸ਼ ਪ੍ਰਦਰਸ਼ਨ ਵੀ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਆਰਾ ਫੇਰਨਾ, ਤਲਵਾਰ ਨਾਲ ਅੱਖਾਂ ਵਿਚ ਸੁਰਮਾ ਪਾਉਣਾ, ਸਿਰ ਉੱਤੇ ਨਾਰੀਅਲ ਰੱਖ ਕੇ ਭੰਨਣਾ, ਧੌਣ ਉੱਤੇ ਇੱਟ ਰੱਖ ਕੇ ਭੰਨਣੀ, ਸਰੀਰ ਦੇ ਵੱਖ-ਵੱਖ ਅੰਗਾਂ ਉੱਤੇ ਕੋਈ ਚੀਜ਼ ਰੱਖ ਕੇ ਵੱਢਣੀ ਆਦਿ। ਇਹਨਾਂ ਪ੍ਰਦਰਸ਼ਨਾਂ ਵਾਸਤੇ ਕੁਝ ਨਿਹੰਗਾਂ ਤੇ ਭੁਝੰਗੀਆਂ ਨੂੰ ਥੋੜੀ-ਥੋੜੀ ਦੂਰੀ ਤੇ ਬਿਠਾ ਕੇ ਉਹਨਾਂ ਦੇ ਸਿਰ, ਹੱਥ, ਪੱਟ, ਧੌਣ ਆਦਿ ਅੰਗਾਂ ਉੱਤੇ ਨਾਰੀਅਲ ਜਾਂ ਹੋਰ ਵਸਤੂਆਂ ਰੱਖ ਦਿੱਤੀਆਂ ਜਾਂਦੀਆਂ ਹਨ। ਇਕ ਨਿਹੰਗ ਸਿੰਘ ਅੱਖਾਂ ਤੇ ਪੱਟੀ ਬੰਨ ਕੇ ਤਲਵਾਰ ਨੂੰ ਘੁੰਮਾਉਂਦਾ ਹੋਇਆ ਵਾਰੀ-ਵਾਰੀ ਸਾਰਿਆਂ ਕੋਲ ਪਹੁੰਚ ਕੇ ਰੱਖੀਆਂ ਹੋਈਆਂ ਵਸਤੂਆਂ ਨੂੰ ਵੱਢਦਾ ਹੈ। ਫਿਰ ਅੱਖਾਂ ਤੇ ਪੱਟੀ ਬੰਨ ਕੇ ਹੀ ਕਿਸੇ ਇਕ ਦੀਆਂ ਅੱਖਾਂ ਵਿਚ ਤਲਵਾਰ ਦੀ ਨੋਕ ਨਾਲ ਸੁਰਮਾ ਪਾਉਂਦਾ ਹੈ। ਕਈ ਵਾਰ ਇਕ ਨਿਹੰਗ ਸਿੰਘ ਇਕ ਤੋਂ ਜ਼ਿਆਦਾ ਨਿਹੰਗ ਸਿੰਘਾਂ ਨਾਲ ਗੱਤਕਾ ਖੇਡਦਾ ਹੈ ਜਿਸਨੂੰ 'ਦੰਗਲ' ਜਾਂ 'ਸਵਾ ਲਾਖ ਸੇ ਏਕ ਲੜਾਊਂ" ਕਿਹਾ ਜਾਂਦਾ ਹੈ।

ਭਾਵੇਂ ਗੱਤਕਾ ਤਿੰਨ ਹੱਥ ਲੰਮੇ ਡੰਡੇ ਦਾ ਨਾਮ ਹੈ ਪਰ ਅਰਥ ਵਿਸਥਾਰ ਕਰਕੇ ਇਹ ਸ਼ਬਦ ਇਕ ਤਰ੍ਹਾਂ ਅਜਿਹੀ ਪ੍ਰਦਰਸ਼ਨ ਕਲਾ ਦਾ ਸਮੁੱਚ ਬਣ ਗਿਆ ਹੈ ਜਿਸ ਵਿਚ ਅਨੇਕਾਂ ਸ਼ਸ਼ਤਰਾਂ ਤੇ ਵਿਧੀਆਂ ਦੀ ਵਰਤੋਂ ਕੀ ਤੀ ਜਾਂਦੀ ਹੈ। ਗੱਤਕਾ ਪਰੰਪਰਕ ਯੁੱਧ ਕਲਾ ਦਾ ਰੂਪ ਹੈ ਜਿਸ ਨੂੰ ਨਿਹੰਗ ਸਿੰਘਾਂ ਨੇ ਵਿਰਾਸਤ ਦੇ ਤੌਰ ਤੇ ਸਾਂਭ ਕੇ ਰੱਖਿਆ ਹੈ।

*-ਡਾ. ਆਤਮਾ ਸਿੰਘ ਗਿੱਲ*
*ਬਾਬਾ ਅਜੈ ਸਿੰਘ ਖਾਲਸਾ ਕਾਲਜ*
*ਗੁਰਦਾਸ ਨੰਗਲ ਗੁਰਦਾਸਪੁਰ*
*- 9878883680*

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149












# ਫਿਲਮੀ ਦੁਨੀਆ

# ਕੰਗਨਾ ਲਈ ਸੱਚ ਹੋਈ ਭਵਿੱਖਬਾਣੀ



ਪ੍ਰਭਾਸ ਦੀ ਫਿਲਮ 'ਰਾਧੇਸ਼ਾਮ' ਨੂੰ ਲੋਕਾਂ ਨੂੰ ਪਸੰਦ ਆ ਰਹੀ ਹੈ, ਜਿਸ ਵਿੱਚ ਉਹ ਹੱਥਾਂ ਦੀਆਂ ਰੇਖਾਵਾਂ ਦੇਖ ਕੇ ਭਵਿੱਖ ਦੱਸਣ ਵਾਲਾ ਜੋਤਸ਼ੀ ਬਣਿਆ ਹੈ। ਫਿਲਮ ਦੇ ਪ੍ਰਚਾਰ ਦੌਰਾਨ ਉਸ ਨੇ ਇੱਕ ਪੁਰਾਣੀ ਘਟਨਾ ਯਾਦ ਕੀਤੀ, ਜਿਸ ਵਿੱਚ ਭਵਿੱਖਬਾਣੀ ਸੱਚ ਹੋ ਚੁੱਕੀ ਹੈ, ਜੋ ਕੰਗਨਾ ਰਣੌਤ ਨਾਲ ਹੋਈ ਸੀ। ਪ੍ਰਭਾਸ ਅਤੇ ਕੰਗਨਾ ਨੇ 2009 ਵਿੱਚ ਤੇਲਗੂ ਫਿਲਮ 'ਏਕ ਨਿਰੰਜਨ' ਵਿੱਚ ਇਕੱਠੇ ਕੰਮ ਕੀਤਾ ਸੀ। ਇਸੇ ਫਿਲਮ ਦੌਰਾਨ ਉਸ ਨੇ ਪ੍ਰਭਾਸ ਨੂੰ ਇਹ ਗੱਲ ਦੱਸੀ ਸੀ, ਜਿਸ ਨੂੰ ਉਹ ਅੱਜ ਤੱਕ ਨਹੀਂ ਭੁੱਲਿਆ।ਪ੍ਰਭਾਸ ਨੇ ਦੱਸਿਆ, ''ਜਦੋਂ ਅਸੀਂ ਸ਼ੂਟਿੰਗ ਕਰ ਰਹੇ ਸੀ ਤਾਂ ਕੰਗਨਾ ਨੇ ਮੈਨੂੰ ਮਜ਼ੇਦਾਰ ਗੱਲ ਦੱਸੀ ਸੀ। ਉਹ ਛੋਟੇ ਕਸਬੇ ਵਿੱਚ ਪਲੀ ਤੇ ਵੱਡੀ ਹੋਈ ਹੈ, ਜਿਸ ਦਾ ਸਿਨੇਮਾ ਨਾਲ ਕੋਈ ਲੈਣਾ ਦੇਣਾ ਵੀ ਨਹੀਂ। ਉਹ ਇੱਕ ਜੋਤਸ਼ੀ ਨੂੰ ਮਿਲਣ ਕੇਰਲ ਗਈ ਤੇ ਉਸ ਨੂੰ ਦੱਸਿਆ ਗਿਆ ਸੀ ਕਿ ਉਹ ਹੀਰੋਇਨ ਬਣੇਗੀ। ਕੰਗਨਾ ਨੇ ਇਹ ਗੱਲ ਹਾਸੇ ਵਿੱਚ ਉਡਾ ਦਿੱਤੀ ਸੀ, ਕਿਉਂਕਿ ਉਹ ਛੋਟੇ ਕਸਬੇ ਦੀ ਲੜਕੀ ਹੈ। ਅਜਿਹੀਆਂ ਕਈ ਚੀਜ਼ਾਂ ਸੁਣੀਆਂ ਹਨ, ਹੁੰਦੀਆਂ ਵੀ ਹੋਣਗੀਆਂ, ਪਰ ਮੈਨੂੰ ਯਕੀਨ ਨਹੀਂ ਹੁੰਦਾ। ਦੱਸਣਯੋਗ ਹੈ ਕਿ ਕੰਗਨਾ ਹਿਮਾਚਲ ਦੇ ਛੋਟੇ ਪਿੰਡ ਤੋਂ ਹੈ ਅਤੇ ਉਹ ਦੱਸ ਚੁੱਕੀ ਹੈ ਕਿ ਉਸ ਨੇ ਹੀਰੋਇਨ ਬਣਨ ਲਈ 17 ਸਾਲਾਂ ਦੀ ਉਮਰ ਵਿੱਚ ਘਰ ਛੱਡ ਦਿੱਤਾ ਸੀ। ਸ਼ੁਰੂਆਤ ਵਿੱਚ ਸੰਘਰਸ਼ ਕੀਤਾ, ਪਰ ਉਹ ਪਦਮਸ੍ਰੀ ਸਮੇਤ ਚਾਰ ਨੈਸ਼ਨਲ ਐਵਾਰਡਸ ਜਿੱਤ ਚੁੱਕੀ ਹੈ।

# 'ਲਵ ਹੋਸਟਲ' ਵਿੱਚ ਆਪਣੇ ਐਕਸ਼ਨ ਨਾਲ ਵਿਕਰਾਂਤ ਮੈਸੀ ਨੇ ਧਮਾਲ ਮਚਾਈ



ਅਭਿਨੇਤਾ ਵਿਕਰਾਂਤ ਮੈਸੀ 'ਲਵ ਹੋਸਟਲ' ਵਿੱਚ ਪਹਿਲੀ ਵਾਰ ਇੰਨੀ ਖਤਰਨਾਕ ਭੂਮਿਕਾ ਵਿੱਚ ਨਜ਼ਰ ਆਏ। ਇਸ ਫਿਲਮ ਵਿੱਚ ਵਿਕਰਾਂਤ ਮੈਸੀ, ਬੌਬੀ ਦਿਓਲ, ਸਾਨਿਆ ਮਲਹੋਤਰਾ ਮੁੱਖ ਕਿਰਦਾਰ ਵਿੱਚ ਹਨ। ਇਸ ਫਿਲਮ ਵਿੱਚ ਅਭਿਨੇਤਾ ਨੇ ਆਸ਼ੂ ਸ਼ੌਕੀਨ ਦਾ ਕਿਰਦਾਰ ਨਿਭਾਇਆ ਹੈ। ਇਹ ਰੋਲ ਕਾਫੀ ਹਟ ਕੇ ਹੈ। ਇਸ ਵਿੱਚ ਉਸ ਨੂੰ ਮਾਰ-ਧਾੜ ਕਰਨ ਦਾ ਵੀ ਖੂਬ ਮੌਕਾ ਮਿਲਿਆ। ਇਹ ਫਿਲਮ ਐਕਸ਼ਨ ਭਰਪੂਰ ਹੈ। ਇੱਕ ਅਲੱਗ ਭੂਮਿਕਾ ਨਿਭਾਉਣ ਬਾਰੇ ਵਿਕਰਾਂਤ ਨੇ ਕਿਹਾ, ਮੈਨੂੰ 'ਲਵ ਹੋਸਟਲ' ਦੇ ਨਾਲ ਕੁਝ ਅਲੱਗ ਕਰਨ ਦਾ ਮੌਕਾ ਮਿ-ਲਆ, ਜੋ ਮੈਨੂੰ ਅਸਲ ਵਿੱਚ ਪਸੰਦ ਹੈ। ਮੈਂ 'ਮਿਰਜ਼ਾਪੁਰ' ਕੀਤੀ ਹੈ, ਮੈਂ 'ਕ੍ਰਿਮੀਨਲ ਜਸਟਿਸ' ਕੀਤੀ ਹੈ, ਪਰ ਏਦਾਂ ਦੀ ਫਿਲਮ ਨਹੀਂ ਕੀਤੀ, ਜਿਸ ਵਿੱਚ ਹਰ ਮੋੜ ਉੱਤੇ ਨਵਾਂ ਐਕਸ਼ਨ ਕਰਨ ਦਾ ਮੌਕਾ ਮਿਲੇ। ਮੇਰੇ ਲਈ 'ਲਵ ਹੋਸਟਲ' ਫਿਲਮ ਦੀ ਸ਼ੂਟਿੰਗ ਕਰਨਾ ਅਸਲ ਵਿੱਚ ਕਾਫੀ ਰੋਮਾਂਚਕ ਰਿਹਾ। ਉਹ ਅੱਗੇ ਕਹਿੰਦਾ ਹੈ, ''ਇਸ ਨੇ ਮੈਨੂੰ ਆਪਣੇ ਆਪ ਨੂੰ ਅਜਿਹੇ ਥਾਂ ਸਥਾਪਤ ਕਰਨ ਲਈ ਪ੍ਰੇਰਿਤ ਕੀਤਾ, ਜਿਸ ਦਾ ਮੈਨੂੰ ਹਮੇਸ਼ਾ ਤੋਂ ਸ਼ੌਕ ਸੀ, ਪਰ ਇਸ ਤੋਂ ਪਹਿਲਾਂ ਮੈਂ ਪੂਰੀ ਤਰ੍ਹਾਂ ਇਸ ਦੀ ਖੋਜ ਨਹੀਂ ਕੀਤੀ ਸੀ, ਇਸ ਲਈ ਮੈਂ ਇਸ ਨੂੰ ਆਪਣਾ ਸਰਵਸ਼੍ਰੇਸ਼ਠ ਦਿੱਤਾ ਅਤੇ ਆਪਣੇ ਐਕਸ਼ਨ ਸੀਨਜ਼ ਲਈ ਅਸਲ ਵਿੱਚ ਸਖਤ ਮਿਹਨਤ ਕੀਤੀ ਅਤੇ ਮੈਨੂੰ ਖੁਸ਼ੀ ਹੈ ਕਿ ਲੋਕਾਂ ਨੇ ਇਸ ਨੂੰ ਪਸੰਦ ਵੀ ਕੀਤਾ। ਵਿਕਰਾਂਤ ਸਾਰਾ ਅਲੀ ਖਾਨ ਦੇ ਨਾਲ 'ਗੈਸਲਾਈਟ' ਅਤੇ ਰਾਧਿਕਾ ਆਪਟੇ ਦੇ ਨਾਲ 'ਫੋਰੈਂਸਿਕ' ਵਿੱਚ ਨਜ਼ਰ ਆਉਣਗੇ।

# ਸਾਊਥ ਵਾਂਗ ਬਾਲੀਵੁੱਡ ਵਿੱਚ ਵੀ ਬਿਜ਼ੀ ਹੋ ਰਹੀ ਪੂਜਾ



ਪੂਜਾ ਹੇਗੜੇ ਦੀ ਅਗਲੀ ਫਿਲਮ 'ਰਾਧੇਸ਼ਾਮ' ਦੇ ਪਿੱਛੇ ਜਿਹੇ ਰਿਲੀਜ਼ ਕੀਤੇ ਗਏ ਗੀਤ 'ਸੋਚ ਲਿਆ...' ਵਿੱਚ ਪ੍ਰਭਾਸ ਨਾਲ ਉਸ ਦੀ ਬੜੀ ਜਬਰਦਸਤਕੈਮਿਸਟਰੀ ਨਜ਼ਰ ਆ ਰਹੀ ਹੈ। ਰਾਧਾ ਕ੍ਰਿਸ਼ਨ ਦੇ ਨਿਰਦੇਸ਼ਨ ਵਿੱਚ ਬਣੀ ਇਹ ਫਿਲਮ ਇਸ ਸਾਲ 14 ਜਨਵਰੀ ਨੂੰ ਰਿਲੀਜ਼ ਹੋਣੀ ਸੀ, ਪਰ ਇਸ ਦੀ ਰਿਲੀਜ਼ ਟਾਲ ਦਿੱਤੀ ਗਈ। ਹਿੰਦੀ ਤੇਲਗੂ, ਤਮਿਲ ਅਤੇ ਮਲਿਆਲਮ ਵਿੱਚ ਰਿਲੀਜ਼ ਹੋ ਰਹੀ ਇਸ ਫਿਲਮ ਨੂੰ ਯੂ ਟੀ ਵੀ ਕ੍ਰਿਏਸ਼ਨਜ ਵੱਲੋਂ ਮਹਾਕਾਵਿ ਪ੍ਰੇਮ ਕਹਾਣੀ ਦੇ ਰੂਪ ਵਿੱਚ ਬਣਾਇਆ ਗਿਆ ਹੈ।ਪੂਜਾ ਨੂੰ ਯਕੀਨ ਹੈ ਕਿ ਉਸ ਦੇ ਕਰੀਅਰ ਲਈ ਜਿਹੜਾ ਕੰਮ ਉਸ ਦੀ ਬਾਲੀਵੁੱਡ ਡੈਬਿਊ ਫਿਲਮ 'ਮੋਹਨਜੋਦੜੋ' (2016) ਨੇ ਨਹੀਂ ਕੀਤਾ, ਉਹ ਕੰਮ 'ਰਾਧੇਸ਼ਾਮ' ਜ਼ਰੂਰ ਕਰੇਗੀ। ਮੁੰਬਈ ਵਿੱਚ ਪੈਦਾ ਹੋਈ ਪੂਜਾ ਹੇਗੜੇ ਬਹੁਤ ਹੀ ਖ਼ੂਬਸੂਰਤ ਹੈ। ਉਹ 'ਮਿਸ ਇੰਡੀਆ' ਟੈਲੇਂਟਿਡ 2009' ਅਤੇ 'ਮਿਸ ਇੰਡੀਆ ਸਾਊਥ ਗਲੈਮਰਸ ਹੇਅਰ 2010' ਰਹਿ ਚੁੱਕੀ ਹੈ। 2010 ਵਿੱਚ ਆਯੋਜਤ 'ਮਿਸ ਯੂਨੀਵਰਸ ਬਿਊਟੀ ਕੰਟੈਸਟ' ਵਿੱਚ ਉਸ ਨੂੰ ਤੀਸਰਾ ਸਥਾਨ ਮਿ-ਲਆ। ਮਾਡਲਿੰਗ ਤੋਂ ਆਪਣਾ ਕਰੀਅਰ ਸ਼ੁਰੂ ਕਰਨ ਵਾਲੀ ਪੂਜਾ ਨੇ 2012 ਵਿੱਚ ਤਮਿਲ ਸੁਪਰਹੀਰੋ ਫਿਲਮ 'ਮੁਗਾਮੂਡੀ' ਨਾਲ ਆਪਣਾ ਐਕਟਿੰਗ ਕਰੀਅਰ ਸ਼ੁਰੂ ਕੀਤਾ ਸੀ। ਉਸ ਦੇ ਬਾਅਦ ਉਹ ਇੱਕ ਦਰਜਨ ਤੋਂ ਵੱਧ ਤਮਿਲ, ਤੇਲਗੂ ਤੇ ਹਿੰਦੀ ਫਿਲਮਾਂ ਕਰ ਚੁੱਕੀ ਹੈ। ਰਿਤਿਕ ਰੋਸ਼ਨ ਦੇ ਆਪੋਜ਼ਿਟ ਪੂਜਾ ਦੀ ਪਹਿਲੀ ਹਿੰਦੀ ਫਿਲਮ 'ਮੋਹਨਜੋਦੜੋ' ਬਾਕਸ ਆਫਿਸ ਉੱਤੇ ਡਿਜਾਸਟਰ ਸਾਬਤ ਹੋਣ ਦੇ ਬਾਅਦ ਉਸ ਨੂੰ ਬਾਲੀਵੁੱਡ ਵਿੱਚ ਖਾਸ ਕੰਮ ਨਹੀਂ ਮਿਲ ਸਕਿਆ, ਪਰ ਇਸ ਦੌਰਾਨ ਉਸ ਨੇ ਸਾਊਥ ਵਿੱਚ ਆਪਣੀ ਧਾਕ ਜਮਾ ਲਈ। ਤਿੰਨ ਸਾਲ ਦੇ ਲੰਬੇ ਗੈਪ ਪਿੱਛੋਂ ਉਹ ਅਕਸ਼ੈ ਕੁਮਾਰ ਦੇ ਆਪੋਜ਼ਿਟ 'ਹਾਊਸਫੁੱਲ 4' ਵਿੱਚ ਨਜ਼ਰ ਆਈ ਤੇ ਉਸ ਦੇ ਹਿੱਟ ਹੁੰਦੇ ਹੀ ਉਹ ਸਾਊਥ ਵਾਂਗ ਹੌਲੀ-ਹੌਲੀ ਬਾਲੀਵੁੱਡ ਵਿੱਚ ਵੀ ਬਿਜ਼ੀ ਹੁੰਦੀ ਜਾ ਰਹੀ ਹੈ। ਹਾਲ ਹੀ ਵਿੱਚ ਪੂਜਾ ਨੇ ਮੁੰਬਈ ਵਿੱਚ ਨਵਾਂ ਸੀ ਫੇਸਿੰਗ ਅਪਾਰਟਮੈਂਟ ਖਰੀਦਿਆ ਹੈ। ਪ੍ਰਭਾਸ ਦੇ ਆਪੋਜ਼ਿਟ ਪੈਨ ਇੰਡੀਆ ਦੀ ਫਿਲਮ 'ਰਾਧੇਸ਼ਾਮ' ਦੇ ਇਲਾਵਾ ਪੂਜਾ ਹੇਗੜੇ ਰੋਹਿਤ ਸ਼ੈੱਟੀ ਦੀ 'ਸਰਕਸ' ਵਿੱਚ ਰਣਵੀਰ ਸਿੰਘ ਦੇ ਆਪੋਜ਼ਿਟ ਨਜ਼ਰ ਆਏਗੀ। ਉਸ ਦੀ ਇਹ ਫਿਲਮ ਵੀ ਇਸੇ ਸਾਲ ਪ੍ਰਦਰਸ਼ਿਤ ਹੋਵੇਗੀ। ਅਮਿਤਾਭ ਬੱਚਨ ਨਾਲ ਵੀ ਇੱਕ ਫਿਲਮ ਲਈ ਪੂਜਾ ਨੂੰ ਸਾਈਨ ਕੀਤੇ ਜਾਣ ਦੀ ਚਰਚਾ ਹੈ।

# 'ਗੰਗੂਬਾਈ' ਨੇ ਪੂਰਾ ਕੀਤਾ ਸੁਫਨਾ : ਆਲੀਆ ਭੱਟ



ਬਤੌਰ ਬਾਲ ਕਲਾਕਾਰ ਫਿਲਮ 'ਸੰਘਰਸ਼' ਨਾਲ ਆਪਣਾ ਐਕਟਿੰਗ ਕਰੀਅਰ ਸ਼ੁਰੂ ਕਰਨ ਵਾਲੀ ਆਲੀਆ ਭੱਟ ਨੂੰ ਕਰਣ ਜੌਹਰ ਨੇ ਆਪਣੀ ਫਿਲਮ 'ਸਟੂਡੈਂਟ ਆਫ ਦਿ ਈਅਰ' ਨਾਲ ਬਤੌਰ ਅਭਿਨੇਤਰੀ ਲਾਂਚ ਕੀਤਾ ਸੀ। ਅੱਜ ਆਲੀਆ ਦਾ ਨਾਂ ਉਨ੍ਹਾਂ ਸਿਤਾਰਿਆਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜਿਨ੍ਹਾਂ ਲਈ ਕਹਾਣੀਆਂ ਲਿਖੀਆਂ ਜਾਂਦੀਆਂ ਹਨ। ਪਿੱਛੇ ਜਿਹੇ ਰਿਲੀਜ਼ ਸੰਜੇ ਲੀਲਾ ਭੰਸਾਲੀ ਦੀ ਬਾਇਓਪਿਕ ਫਿਲਮ 'ਗੰਗੂਬਾਈ ਕਾਠਿਆਵਾੜੀ' ਵਿੱਚ ਆਲੀਆ ਨੇ ਗੰਗੂਬਾਈ ਦਾ ਕਿਰਦਾਰ ਨਿਭਾਇਆ ਹੈ। ਪੇਸ਼ ਹਨ ਆਲੀਆ ਨਾਲ ਹੋਈ ਇੱਕ ਗੱਲਬਾਤ ਦੇ ਕੁਝ ਅੰਸ਼ :

* ਹੁਸੈਨ ਜ਼ੈਦੀ ਦੀ ਕਿਤਾਬ 'ਗੰਗੂਬਾਈ ਕਾਠਿਆਵਾੜੀ' ਨੂੰ ਕੀ ਤੁਸੀਂ ਫਿਲਮ ਕਰਨ ਤੋਂ ਪਹਿਲਾਂ ਪੜ੍ਹਿਆ ਸੀ?

- ਕਿਤਾਬ ਨੂੰ ਪੜ੍ਹਨ ਤੋਂਪਹਿਲਾਂ ਮੈਂ ਸੰਜੇ ਲੀਲਾ ਭੰਸਾਲੀ ਦੀ ਸਕ੍ਰਿਪਟ ਨੂੰ ਧਿਆਨ ਨਾਲ ਪੜ੍ਹਿਆ। ਉਨ੍ਹਾਂ ਦਾ ਨੈਰੇਸ਼ਨ ਸੁਣਨ ਤੋਂ ਬਾਅਦ ਮੈਂ ਇਹ ਜਾਣਨ ਤੇ ਸਮਝਣ ਲਈ ਇਹ ਕਿਤਾਬ ਪੜ੍ਹੀ ਕਿ ਕਿਉਂ ਗੰਗੂਬਾਈ ਇੰਨੀ ਲੋਕਪ੍ਰਿਯ ਸੀ ਅਤੇ ਕਿਉਂ ਉਨ੍ਹਾਂ ਨੂੰ ਆਮ ਲੋਕਾਂ ਵਿੱਚ ਪਸੰਦ ਕੀਤਾ ਜਾਂਦਾ ਸੀ। ਮੈਂ ਲੇਖਕ ਨਾਲ ਵੀ ਮੁਲਾਕਾਤ ਕੀਤੀ, ਤਾਂ ਕਿ ਮੈਂ ਆਪਣੇ ਕਿਰਦਾਰ ਵਿੱਚ ਉਨ੍ਹਾਂ ਦੀਆਂ ਖ਼ੂਬੀਆਂ ਨੂੰ ਸ਼ਾਮਲ ਕਰ ਸਕਾਂ।

* ਕੀ ਗੰਗੂਬਾਈ ਦੇ ਚਰਿਤਰ ਨੂੰ ਸਮਝਣ ਲਈ ਤੁਸੀਂ ਕਮਾਠੀਪੁਰਾ ਵੀ ਗਏ ਸੀ?

- ਤੁਸੀਂ ਸਾਰੇ ਜਾਣਦੇ ਹੋ ਗੰਗੂਬਾਈ ਦੀ ਕਹਾਣੀ ਇੱਕ ਰੀਅਲ ਲੜਕੀ ਗੰਗੂਬਾਈ ਦੀ ਜੀਵਨੀ ਉੱਤੇ ਆਧਾਰਤ ਹੈ, ਜੋ ਮੁੰਬਈ ਦੇ ਰੈਡ ਲਾਈਟ ਏਰੀਆ ਕਮਾਠੀਪੁਰਾ ਵਿੱਚਰਹਿੰਦੀ ਸੀ। ਉਹ ਬਹੁਤ ਨੇਕਦਿਲ ਲੜਕੀ ਸੀ। ਗੰਗੂਬਾਈ ਦੀ ਜ਼ਿੰਦਗੀ 1960 ਦੇ ਦੌਰ ਦੀ ਹੈ, ਉਸ ਦੌਰ ਦੀ ਮੁੰਬਈ ਅਤੇ ਅੱਜ 2022 ਦੀ ਮੁੰਬਈ ਵਿੱਚ ਬਹੁਤ ਕੁਝ ਬਦਲ ਗਿਆ ਹੈ। ਖੈਰ, ਉਸ ਇਲਾਕੇ ਵਿੱਚ ਜਾਣਾ ਬਹੁਤ ਜ਼ਰੂਰੀ ਨਹੀਂ ਸੀ।

*ਗੰਗੂਬਾਈ ਦੇ ਕਿਰਦਾਰ ਲਈ ਤੁਸੀਂ ਕਈ ਤਿਆਰੀਆਂ ਕੀਤੀਆਂ?

- ਗੰਗੂਬਾਈ ਦੀ ਬਾਇਓਪਿਕ ਉਨ੍ਹਾਂ ਦੇ ਬਚਪਨ ਤੋਂ ਬੁਢਾਪੇ ਤੱਕ ਦੀ ਹੈ। ਜਦੋਂ ਗੰਗੂਬਾਈ ਜਵਾਨ ਸੀ, ਮੈਨੂੰ ਉਨ੍ਹਾਂ ਦਾ ਕਿਰਦਾਰ ਰੀਅਲ ਦਿਖਾਉਣ ਲਈ ਆਵਾਜ਼ ਵਿੱਚ ਕੋਈ ਬਦਲਾਅ ਕਰਨ ਦੀ ਲੋੜ ਨਹੀਂ ਸੀ। ਭੰਸਾਲੀ ਸਰ ਨੇ ਮੈਨੂੰ ਕਿਹਾ ਸੀ ਕਿ ਗੰਗੂਬਾਈ ਜਦੋਂ ਬਜ਼ੁਰਗ ਹੋ ਜਾਵੇ, ਉਦੋਂ ਉਨ੍ਹਾਂ ਦੀ ਆਵਾਜ਼ ਵਿੱਚ ਥਕਾਵਟ ਨਹੀਂ, ਅਧਿਕਾਰ ਮਹਿਸੂਸ ਹੋਣਾ ਚਾਹੀਦਾ ਹੈ, ਕਿਉਂਕਿ ਬੁਢਾਪੇ ਵਿੱਚ ਆਵਾਜ਼ ਤੋਂ ਵੱਧ ਤਜਰਬਾ ਮਾਇਨੇ ਰੱਖਦਾ ਹੈ। ਉਨ੍ਹਾਂ ਦੇ ਨਿਰਦੇਸ਼ ਉੱਤੇ ਮੈਂ ਖੁਦ ਵਿੱਚ ਬਦਲਾਅ ਕੀਤੇ।

* ਕੀ ਤੁਸੀਂ ਇਸ ਕਿਰਦਾਰ ਨੂੰ ਨਿਭਾਉਂਦੇ ਸਮੇਂ ਸਿਨੇਮੈਟਿਕ ਲਿਬਰਟੀ ਲਈ?

- ਗੰਗੂਬਾਈ ਸਟਰਾਂਗ ਔਰਤ ਸੀ। ਉਨ੍ਹਾਂ ਦਾਖਾਸ ਕੁਝ ਪਤਾ ਮੈਨੂੰ ਨਹੀਂ ਸੀ। ਕਿਰਦਾਰ ਮੇਰੇ ਆਪਣੇ ਅੰਦਾਜ਼ ਵਿੱਚ ਨਿਭਾਉਣਾ ਗਲਤ ਸੀ। ਗੰਗੂਬਾਈ ਭਾਵੇਂ ਜਿਸਮ ਵੇਚਣ ਵਾਲੀ ਸੀ, ਪਰ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਈ ਉਤਰਾਅ-ਚੜ੍ਹਾਅ ਆਏ, ਉਨ੍ਹੰ ਦੀ ਮੁਲਾਕਾਤ ਕਰੀਮ ਲਾਲਾ ਨਾਲ ਹੋਈ ਅਤੇ ਉਹ ਅੱਗੇ ਚੱਲ ਕੇ ਆਜ਼ਾਦ ਮੈਦਾਨ ਵਿੱਚ ਪੰਡਿਤ ਨਹਿਰੂ ਨੂੰ ਮਿਲੀ, ਫਿਰ ਸਿਆਸਤ ਵਿੱਚ ਜਾਣਾ ਹੋਇਆ। ਸੰਜੇ ਭੰਸਾਲੀ ਸਰ ਨੂੰ ਉਨ੍ਹਾਂ ਦਾ ਕਿਰਦਰਾ ਯਥਾਰਥ ਵਿੱਚ ਦਿਖਾਉਣ ਲਈ ਬਹੁਤ ਰਿਸਰਚ ਕਰਨੀ ਪਈ।

* ਕੀ ਤੁਸੀਂ ਆਪਣੀ ਜਾਣਕਾਰੀ ਲਈ ਮੀਨਾ ਕੁਮਾਰੀ ਦੀਆਂ ਪੁਰਾਣੀਆਂ ਫਿਲਮਾਂ ਦੇਖੀਆਂ ਸਨ?

-ਸੰਜੇ ਸਰ ਲਗਾਤਾਰ ਮੈਨੂੰ ਮੀਨਾ ਕੁਮਾਰੀ ਦੀਆਂ ਫਿਲਮਾਂ ਅਤੇ ਕਿਰਦਾਰ ਦਾ ਹੀ ਰੈਫਰੈਂਸ ਦਿੰਦੇ ਰਹੇ। ਅਭਿਨੈ ਦੀਆਂ ਡੂੰਘਾਈਆਂ ਨੂੰ ਸਮਝਣ ਲਈ ਉਨ੍ਹਾਂ ਨੇ ਮੈਨੂੰ ਮੀਨਾ ਕੁਮਾਰੀ ਅਤੇ ਵਹੀਦਾ ਜੀ ਦੀਆਂ ਫਿਲਮਾਂ ਦੇਖਣ ਨੂੰ ਕਿਹਾ। ਗੰਗੂਬਾਈ ਬਣਨ ਲਈ ਮੈਂ ਪਹਿਲੀ ਵਾਰ ਆਪਣੇ ਵਾਲਾਂ ਵਿੱਚ ਗਜਰਾ ਅਤੇ ਫੁੱਲ ਲਾਇਆ। ਸੰਜੇ ਸਰ ਲਤਾ ਜੀ ਦੇ ਫੈਨ ਰਹਿ ਚੁੱਕੇ ਹਨ। ਲਤਾ ਦੀਦੀ ਸਫੈਦ ਸਾੜ੍ਹੀਆਂ ਪਹਿਨਦੀ ਸੀ। ਇਸ ਕਿਰਦਾਰ ਵਿੱਚ ਗੰਗੂਬਾਈ ਨੇ ਵੀ ਸਫੈਦ ਸਾੜ੍ਹੀਆਂ ਪਹਿਨੀਆਂ ਹਨ ਅਤੇ ਲਤਾ ਦੀਦੀ ਵਾਂਗ ਮੱਥੇ ਉੱਤੇ ਲਾਲ ਬਿੰਦੀ ਲਗਾਈ ਹੈ।

* ਸੰਜੇ ਲੀਲਾ ਭੰਸਾਲੀ ਨਾਲ ਪਹਿਲੀ ਵਾਰ ਫਿਲਮ ਕਰਨ ਦਾ ਤਜਰਬਾ ਕਿੰਨਾ ਵੱਖਰਾ ਸੀ?

-ਜਦੋਂ ਮੈਂ ਨੌਂ ਸਾਲਾਂ ਦੀ ਸੀ, ਉਦੋਂ ਮੈਂ ਉਨ੍ਹਾਂ ਨਾਲ ਕੰਮ ਕਰਨਾ ਦਾ ਸੁਫਨਾ ਦੇਖਿਆ ਸੀ। ਜੇ ਉਹ ਮੈਨੂੰ ਉਨ੍ਹਾਂ ਦੀ ਫਿਲਮ ਵਿੱਚ ਦੀਵਾਰ ਵੀ ਬਣਾ ਦਿੰਦੇ ਤਾਂ ਮੈਂ ਖੁਸ਼ੀ ਨਾਲ ਉਸ ਨੂੰ ਸਵੀਕਾਰ ਕਰ ਲੈਂਦੀ। ਉਨ੍ਹਾਂ ਦੀ ਹਰ ਫਿਲਮ ਦੇ ਮਹਿਲਾ ਕਿਰਦਾਰ ਬਹੁਤ ਮਜ਼ਬੂਤ ਹੁੰਦੇ ਹਨ। ਮੇਰਾ ਸੁਫਨਾ ਇਸ ਫਿਲਮ ਨੇ ਪੂਰਾ ਕੀਤਾ।

* ਤੁਹਾਡੇ ਪਰਵਾਰ ਵਿੱਚ ਤੁਹਾਡਾ ਕ੍ਰਿਟਿਕ ਕੌਣ ਹੈ?

-ਮੇਰੇ ਪਰਵਾਰ ਦੇ ਸਾਰੇ ਮੈਂਬਰ ਮੇਰੇ ਕ੍ਰਿਟਿਕ ਹਨ। ਜੇ ਮੈਂ ਉਨ੍ਹਾਂ ਨੂੰ ਵੀਹ ਦੀ ਜਗ੍ਹਾ 19 ਮਹਿਸੂਸ ਹੋਈ ਤਾਂ ਮੇਰੇ ਉੱਤੇ ਟੀਕਾ-ਟਿੱਪਣੀ ਕਰਨ ਵਿੱਚ ਉਹ ਪਿੱਛੇ ਨਹੀਂ ਹੱਟਦੇ। ਮੇਰੀ ਚੰਗਿਆਈ ਲਈ ਮੇਰੇ ਉੱਤੇ ਕ੍ਰਿਟੀਸਿਜ਼ਮ ਹੁੰਦਾ ਹੈ। ਜੇ ਆਲੋਚ-ਨਾ ਮੇਰੇ ਵਿੱਚ ਸੁਧਾਰ ਲਿਆਉਂਦੀ ਹੈ ਤਾਂ ਅਜਿਹੀ ਆਲੋਚਨਾ ਚੰਗੀ ਹੈ।

# ਕਾਸ਼ ਪੂਰਾ ਸੱਚ ਦਿਖਾਉਂਦੇ ਕਪਿਲ : ਅਨੁਪਮ ਖੇਰ



'ਦ ਕਸ਼ਮੀਰ ਫਾਈਲਸ' ਦਾ ਪ੍ਰਮੋਸ਼ਨ ਆਪਣੇ ਸ਼ੋਅ ਵਿੱਚ ਨਾ ਕਰਨ ਦੇ ਲਈ ਕਪਿਲ ਸ਼ਰਮਾ ਨੂੰ ਇੰਟਰਨੈੱਟ ਮੀਡੀਆ ਉੱਤੇ ਕਾਫੀ ਟਰੋਲ ਕੀਤਾ ਗਿਆ ਹੈ। ਫਿਲਮ ਦੇ ਅਭਿਨੇਤਾ ਅਨੁਪਮ ਖੇਰ ਅਤੇ ਡਾਇਰੈਕਟਰ ਵਿਵੇਕ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਵਿੱਚ ਇਸ ਉਤੇ ਚੁੱਪੀ ਤੋੜੀ ਹੈ। ਇਸ ਵੀਡੀਓ ਦੇ ਇੱਕ ਹਿੱਸੇ ਨੂੰ ਸਾਂਝਾ ਕਰਦੇ ਹੋਏ ਕਪਿਲ ਨੇ ਅਨੁਪਮ ਦਾ ਧੰਨਵਾਦ ਕੀਤਾ। ਵੀਡੀਓ ਵਿੱਚ ਅਨੁਪਮ ਕਹਿੰਦੇ ਹਨ, ''ਸ਼ੋਅ ਉਤੇ ਮੈਨੂੰ ਬੁਲਾਇਆ ਗਿਆ, ਮੈਂ ਆਪਣੇ ਮੈਨੇਜਰ ਨੂੰ ਕਿਹਾ ਕਿ ਇਹ ਗੰਭੀਰ ਫਿਲਮ ਹੈ। ਇਸ ਦੇ ਲਈ ਮੈਂ ਉਸ ਸ਼ੋਅ ਉਤੇ ਨਹੀਂ ਜਾ ਸਕਦਾ।'' ਇਸ ਦੇ ਬਹਾਨੇ ਕਪਿਲ ਦੀ ਸਫਾਈ ਦੇਣ ਦੀ ਕੋਸ਼ਿਸ਼ ਉਤੇ ਅਨੁਪਮ ਨੇ ਲਿਖਿਆ, ''ਪਿਆਰੇ ਕਪਿਲ ਸ਼ਰਮਾ, ਕਾਸ਼ ਤੁਸੀਂ ਅੱਧੇ ਸੱਚ ਦੀ ਜਗ੍ਹਾ ਪੂਰਾ ਵੀਡੀਓ ਸਾਂਝੀ ਕੀਤੀ ਹੁੰਦੀ। ਪੂਰੀ ਦੁਨੀਆ ਜਸ਼ਨ ਮਨਾ ਰਹੀ ਹੈ। (ਫਿਲਮ ਦਾ) ਤੁਸੀਂ ਵੀ ਜਸ਼ਨ ਮਨਾਓ।''

ਕਪਿਲ ਨੇ ਜੋ ਇੰਟਰਵਿਊ ਸਾਂਝੀ ਕੀਤੀ ਹੈ, ਉਸੇ ਵਿੱਚ ਅੱਗੇ ਵਿਵੇਕ ਕਹਿੰਦੇ ਹਨ ਕਿ ਉਨ੍ਹਾਂ ਦੀ ਫਿਲਮ ਕਿਸੇ ਵੱਡੇ ਸਟਾਰ ਦੇ ਨਾ ਹੋਣ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਕਪਿਲ ਦੇ ਸ਼ੋਅ ਵਿੱਚ ਨਹੀਂ ਬੁਲਾਇਆ ਗਿਆ।



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8






CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017